Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ
ਯੂ. ਐੱਸ. ਏ.

Chief Editor: Gurjatinder Singh Randhawa

Punjab Mail USA

FOR SALE & PURCHASE OF ANY KIND OF PROPERTY



ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
RE/MAX
Gurjatinder S. Randhawa
REALTOR CA DRE licence # 01490567
916-320-9444

Vol. 19, Issue- 848, 03 to 09 Apr., 2025, Ph: 916-320-9444, E-mail: punjabmailusa@yahoo.com, Web: punjabmailusa.com



## ਟਰੰਪ ਨੇ ਤੀਜੀ ਵਾਰ ਵੀ ਅਮਰੀਕੀ ਰਾਸ਼ਟਰਪਤੀ ਬਣਨ ਦੀ ਇੱਛਾ ਜਤਾਈ

■ ਸੰਭਾਵਿਤ ਤਰੀਕਿਆਂ ਬਾਰੇ ਦਿੱਤਾ ਸੰਕੇਤ ■ 1951 ਦੀ 22ਵੀਂ ਸੰਵਿਧਾਨਕ ਸੋਧ - ਤੀਜੀ ਵਾਰ ਰਾਸ਼ਟਰਪਤੀ ਬਣਨ 'ਚ ਰੁਕਾਵਟ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਤੀਜੀ ਵਾਰ ਰਾਸ਼ਟਰਪਤੀ ਚੋਣ ਲੜਨ ਦੀ ਸੰਭਾਵਨਾ 'ਤੇ ਵਿਚਾਰ ਜਤਾਇਆ ਹੈ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਉਹ "ਮਜ਼ਾਕ ਨਹੀਂ ਕਰ ਰਹੇ ਹਨ"। ਉਨ੍ਹਾਂ ਦੇ ਇਸ ਬਿਆਨ ਨੇ ਪੂਰੀ ਦੁਨੀਆਂ 'ਚ ਹਲਚਲ ਮਚਾ ਦਿੱਤੀ ਹੈ ਕਿਉਂਕਿ ਅਮਰੀਕੀ ਸੰਵਿਧਾਨ ਮੁਤਾਬਕ ਕੋਈ ਵੀ ਵਿਅਕਤੀ ਸਿਰਫ 2 ਵਾਰ ਰਾਸ਼ਟਰਪਤੀ ਦੇ ਅਹੁਦੇ ਲਈ ਚੁਣਿਆ ਜਾ ਸਕਦਾ ਹੈ। ਇੱਕ ਇੰਟਰਵਿਊ 'ਚ ਉਨ੍ਹਾਂ ਨੇ ਸੰਭਾਵਤ ਤਰੀਕਿਆਂ ਬਾਰੇ ਸੰਕੇਤ ਦਿੱਤਾ, ਹਾਲਾਂਕਿ ਉਨ੍ਹਾਂ ਨੇ ਕੋਈ ਵਿਸ਼ਲੇਸ਼ਣ ਨਹੀਂ ਕੀਤਾ। ਟਰੰਪ ਨੇ ਇੱਕ ਇੰਟਰਵਿਊ 'ਚ ਕਿਹਾ, "ਕੁਝ ਤਰੀਕੇ ਹਨ, ਜਿਨ੍ਹਾਂ ਨਾਲ ਤੁਸੀਂ ਅਜਿਹਾ ਕਰ ਸਕਦੇ ਹੋ।" ਉਨ੍ਹਾਂ ਨੇ ਇਹ ਵੀ ਦੱਸਿਆ ਕਿ ਇਹ ਗੱਲ ਕਰਨ ਲਈ ਹੁਣ ਵੀ ਬਹੁਤ ਜਲਦੀ ਹੈ।

1951 ਵਿਚ 22ਵੀਂ ਸੰਵਿਧਾਨਕ ਸੋਧ ਲਾਗੂ ਹੋਣ ਤੋਂ ਬਾਅਦ ਕੋਈ ਵੀ ਵਿਅਕਤੀ ਦੋ ਵਾਰ ਤੋਂ ਵੱਧ ਰਾਸ਼ਟਰਪਤੀ ਨਹੀਂ ਬਣ ਸਕਦਾ। ਫਰੈਂਕਲਿਨ ਡੀ. ਰੂਜ਼ਵੈਲਟ ਲਗਾਤਾਰ ਚਾਰ ਵਾਰ ਚੁਣੇ ਗਏ ਸਨ, ਜਿਸ ਤੋਂ ਬਾਅਦ ਇਸ ਨਿਯਮ ਨੂੰ ਕਾਨੂੰਨੀ ਰੂਪ ਦਿੱਤਾ ਗਿਆ। ਇੰਟਰਵਿਊ ਦੌਰਾਨ ਟਰੰਪ ਨੂੰ ਪੁੱਛਿਆ ਗਿਆ ਕਿ ਕੀ ਉਨ੍ਹਾਂ ਦਾ ਉਪ-ਰਾਸ਼ਟਰਪਤੀ ਤੀਜੀ ਮਿਆਦ ਲਈ ਚੋਣ ਲੜ ਸਕਦਾ ਹੈ ਅਤੇ ਫਿਰ ਟਰੰਪ ਨੂੰ ਅਹੁਦਾ ਸੌਂਪ ਸਕਦਾ ਹੈ? ਉਨ੍ਹਾਂ ਨੇ ਕਿਹਾ, "ਹਾਂ, ਇਹ ਇੱਕ ਤਰੀਕਾ ਹੈ, ਪਰ ਹੋਰ ਵੀ ਤਰੀਕੇ ਹਨ।" ਜਦੋਂ ਉਸ ਨੂੰ ਹੋਰ ਤਰੀਕਿਆਂ ਬਾਰੇ ਪੁੱਛਿਆ ਗਿਆ, ਤਾਂ ਉਹ ਚੁੱਪ ਹੋ ਗਿਆ ਅਤੇ ਕੁਝ ਨਾ ਬੋਲਿਆ।

ਟਰੰਪ ਨੇ ਆਪਣੇ ਸਹਿਯੋਗੀਆਂ ਦੇ ਸਮਰਥਨ ਦਾ ਹਵਾਲਾ ਦਿੰਦੇ ਹੋਏ ਕਿਹਾ, "ਬਹੁਤ ਸਾਰੇ ਲੋਕ ਚਾਹੁੰਦੇ ਹਨ ਕਿ ਮੈਂ ਅਜਿਹਾ ਕਰਾਂ। ਪਰ ਮੇਰਾ ਮਤਲਬ ਹੈ, ਮੈਂ ਅਸਲ ਵਿਚ ਉਨ੍ਹਾਂ ਨੂੰ ਦੱਸਦਾ ਹਾਂ, ਅਸੀਂ ਅਜੇ ਬਹੁਤ ਲੰਮਾ ਸਫ਼ਰ ਤੈਅ ਕਰਨਾ ਹੈ'। ਉਸਨੇ ਆਪਣੇ ਮੌਜੂਦਾ ਪ੍ਰਸ਼ਾਸਨ ਦਾ ਹਵਾਲਾ ਦਿੰਦੇ ਹੋਏ ਕਿਹਾ, "ਮੈਂ ਮੌਜੂਦਾ ਸਮੇਂ 'ਤੇ ਕੇਂਦ੍ਰਿਤ ਹਾਂ।" ਇਸ ਬਿਆਨ ਨਾਲ ਟਰੰਪ ਨੇ ਇਹ ਵੀ ਸਪੱਸ਼ਟ ਕੀਤਾ ਕਿ ਉਹ ਸਿਰਫ਼ ਮਜ਼ਾਕ ਨਹੀਂ ਕਰ ਰਹੇ ਸਨ, ਸਗੋਂ ਕੁਝ ਗੰਭੀਰ ਸੋਚ ਰਹੇ ਸਨ।

ਜਨਵਰੀ ਦੇ ਅਖੀਰ ਵਿਚ ਨੇਵਾਡਾ ਵਿਚ ਇੱਕ ਰੈਲੀ ਵਿਚ ਟਰੰਪ ਨੇ ਕਿਹਾ, "ਮੇਰੀ ਜ਼ਿੰਦਗੀ ਦਾ ਸਭ ਤੋਂ ਵੱਡਾ ਸਨਮਾਨ ਹੋਵੇਗਾ ਕਿ ਮੈਂ ਇੱਕ ਵਾਰ ਨਹੀਂ, ਸਗੋਂ ਦੋ ਵਾਰ, ਤਿੰਨ ਵਾਰ ਜਾਂ ਚਾਰ ਵਾਰ ਸੇਵਾ ਕਰਾਂ।" ਉਸਨੇ ਬਾਅਦ ਵਿਚ ਅੱਗੇ ਕਿਹਾ, "ਨਹੀਂ, ਇਹ ਦੋ ਵਾਰ ਸੇਵਾ ਕਰਨਾ ਹੋਵੇਗਾ। ਅਗਲੇ ਚਾਰ ਸਾਲਾਂ ਲਈ, ਮੈਂ ਆਰਾਮ ਨਹੀਂ ਕਰਾਂਗਾ।" ਇਸ ਤੋਂ ਪਹਿਲਾਂ ਵੀ ਉਨ੍ਹਾਂ ਨੇ ਤੀਜੇ ਕਾਰਜਕਾਲ ਦੀ ਸੰਭਾਵਨਾ ਬਾਰੇ ਬਿਆਨ ਦਿੱਤੇ ਹਨ। ਹਾਲਾਂਕਿ ਸੰਵਿਧਾਨਕ ਰੁਕਾਵਟਾਂ ਅਤੇ ਕਾਨੂੰਨੀ ਮਿਆਰਾਂ ਕਾਰਨ ਟਰੰਪ ਦੀ ਤੀਜੀ ਵਾਰ ਰਾਸ਼ਟਰਪਤੀ ਬਣਨ ਦੀ ਇੱਛਾ ਪੂਰੀ ਹੁੰਦੀ ਨਜ਼ਰ ਨਹੀਂ ਆਉਂਦੀ।

## 2026 ਲਈ ਲੋੜੀਂਦੀ ਗਿਣਤੀ 'ਚ ਮਿਲੀਆਂ ਐੱਚ-1ਬੀ ਵੀਜ਼ਾ ਅਰਜ਼ੀਆਂ : ਯੂ.ਐੱਸ.ਸੀ.ਆਈ.ਐੱਸ.




**ਵਾਸ਼ਿੰਗਟਨ, (ਪੰਜਾਬ ਮੇਲ)-** ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐੱਸ.ਸੀ.ਆਈ.ਐੱਸ.) ਨੇ ਸੋਮਵਾਰ ਨੂੰ ਕਿਹਾ ਕਿ ਅਮਰੀਕਾ ਨੂੰ ਵਿੱਤੀ ਸਾਲ 2026 ਲਈ ਲੋੜੀਂਦੀ ਗਿਣਤੀ ਵਿਚ ਐੱਚ-1ਬੀ ਵੀਜ਼ਾ ਅਰਜ਼ੀਆਂ ਪ੍ਰਾਪਤ ਹੋਈਆਂ ਹਨ।


ਯੂ.ਐੱਸ.ਸੀ.ਆਈ.ਐੱਸ. ਅਨੁਸਾਰ, ਉਨ੍ਹਾਂ ਨੂੰ ਐੱਚ-1ਬੀ ਵੀਜ਼ਾ ਲਈ ਨਿਰਧਾਰਤ ਕੋਟੇ ਨੂੰ ਪੂਰਾ ਕਰਨ ਲਈ ਕਾਫ਼ੀ ਅਰਜ਼ੀਆਂ ਪ੍ਰਾਪਤ ਹੋਈਆਂ ਹਨ। ਅਮਰੀਕਾ ਹਰ ਸਾਲ 65,000 ਐੱਚ-1ਬੀ ਵੀਜ਼ੇ ਜਾਰੀ ਕਰਦਾ ਹੈ, ਜਿਸ ਵਿਚ 20,000 ਵਾਧੂ ਵੀਜ਼ੇ ਉਨ੍ਹਾਂ ਲੋਕਾਂ ਲਈ ਰੱਖੇ ਜਾਂਦੇ ਹਨ, ਜੋ ਅਮਰੀਕੀ ਯੂਨੀਵਰਸਿਟੀਆਂ ਤੋਂ ਮਾਸਟਰ ਡਿਗਰੀ ਜਾਂ ਇਸ ਤੋਂ ਉੱਚੀ ਡਿਗਰੀ ਕਰਦੇ ਹਨ। ਯੂ.ਐੱਸ.ਸੀ.ਆਈ.ਐੱਸ. ਦੇ ਬਿਆਨ ਵਿਚ ਕਿਹਾ ਗਿਆ ਹੈ, "ਯੂ.ਐੱਸ.ਸੀ.ਆਈ.ਐੱਸ. ਨੂੰ ਵਿੱਤੀ ਸਾਲ 2026 ਦੇ ਐੱਚ-1ਬੀ ਕੋਟੇ ਨੂੰ ਭਰਨ ਲਈ ਲੋੜੀਂਦੀ ਗਿਣਤੀ ਵਿਚ ਇਲੈਕਟ੍ਰਾਨਿਕ ਰਜਿਸਟ੍ਰੇਸ਼ਨ ਪ੍ਰਾਪਤ ਹੋ ਗਏ ਹਨ, ਜਿਸ ਵਿਚ ਮਾਸਟਰ ਡਿਗਰੀ ਧਾਰਕਾਂ ਲਈ ਰਾਖਵੇਂ ਵੀਜ਼ੇ (ਐਡਵਾਂਸਡ ਡਿਗਰੀ ਛੋਟ)ਵੀ ਸ਼ਾਮਲ ਹਨ।"

ਸੰਘੀ ਏਜੰਸੀ ਨੇ ਕਿਹਾ ਕਿ ਲਾਟਰੀ ਪ੍ਰਕਿਰਿਆ ਰਾਹੀਂ ਕਾਫ਼ੀ ਗਿਣਤੀ ਵਿਚ ਬਿਨੈਕਾਰਾਂ ਦੀ ਚੋਣ ਕੀਤੀ ਗਈ ਹੈ, ਅਤੇ ਚੁਣੇ ਹੋਏ ਬਿਨੈਕਾਰਾਂ ਨੂੰ ਉਨ੍ਹਾਂ ਦੀ ਯੋਗਤਾ ਬਾਰੇ ਸੂਚਿਤ ਕਰ ਦਿੱਤਾ ਗਿਆ ਹੈ।

ਚੁਣੇ ਹੋਏ ਬਿਨੈਕਾਰਾਂ 1 ਅਪ੍ਰੈਲ, 2025 ਤੋਂ ਐੱਚ-1ਬੀ ਪਟੀਸ਼ਨਾਂ ਦਾਇਰ ਕਰ ਸਕਦੇ ਹਨ। ਬਿਨੈਕਾਰ ਸਿਰਫ ਉਨ੍ਹਾਂ ਲਈ ਅਰਜ਼ੀ ਦੇ ਸਕਦੇ ਹਨ, ਜਿਨ੍ਹਾਂ ਦੀ ਰਜਿਸਟ੍ਰੇਸ਼ਨ ਸਫਲਤਾਪੂਰਵਕ ਚੁਣੀ ਗਈ ਹੈ।

■ ਬਾਕੀ ਖਬਰ ਸਫਾ 16 'ਤੇ

## ਟਰੰਪ ਵੱਲੋਂ 3 ਮੁਸਲਿਮ ਦੇਸ਼ਾਂ ਦਾ ਦੌਰਾ ਕਰਨ ਦੀ ਯੋਜਨਾ




**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਲਗਾਤਾਰ ਸਖਤ ਫੈਸਲੇ ਲੈ ਰਹੇ ਹਨ। ਭਾਵੇਂ ਇਹ ਇਮੀਗ੍ਰੇਸ਼ਨ ਜਾਂ ਟੈਰਿਫ ਨਾਲ ਸਬੰਧਤ ਹੋਵੇ। ਹਾਲਾਂਕਿ ਟਰੰਪ ਨੇ ਵੀ ਕਈ ਦੇਸ਼ਾਂ ਨਾਲ ਸਬੰਧ ਸੁਧਾਰਨੇ ਸ਼ੁਰੂ ਕਰ ਦਿੱਤੇ ਹਨ ਅਤੇ ਇਸ ਦੇ ਬਦਲੇ ਉਹ ਤਿੰਨ ਮੁਸਲਿਮ ਦੇਸ਼ਾਂ ਦਾ ਦੌਰਾ ਕਰਨ ਜਾ ਰਹੇ ਹਨ, ਡੋਨਾਲਡ ਟਰੰਪ ਅਗਲੇ ਮਹੀਨੇ ਹੀ ਸਾਊਦੀ ਅਰਬ ਦਾ ਦੌਰਾ ਕਰ ਸਕਦੇ ਹਨ। ਉਨ੍ਹਾਂ ਨੇ ਵ੍ਹਾਈਟ ਹਾਊਸ 'ਚ ਕਿਹਾ ਕਿ ਸੱਤਾ 'ਚ ਵਾਪਸੀ ਤੋਂ ਬਾਅਦ ਉਨ੍ਹਾਂ ਦੀ ਪਹਿਲੀ ਵਿਦੇਸ਼ ਯਾਤਰਾ ਸਾਊਦੀ ਅਰਬ ਹੋ ਸਕਦੀ ਹੈ।

ਟਰੰਪ ਨੇ ਕਿਹਾ ਕਿ ਇਹ ਫੇਰੀ ਅਗਲੇ ਮਹੀਨੇ ਜਾਂ ਥੋੜ੍ਹੀ ਦੇਰ ਬਾਅਦ ਹੋ ਸਕਦੀ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਕਤਰ ਸਮੇਤ ਕੁਝ ਹੋਰ ਦੇਸ਼ਾਂ ਦਾ ਦੌਰਾ ਕਰਨ ਦੀ ਵੀ ਸੰਭਾਵਨਾ ਜਤਾਈ ਹੈ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਯੂ.ਏ.ਈ. ਬਹੁਤ ਮਹੱਤਵਪੂਰਨ ਹੈ, ਇਸ ਲਈ ਮੈਂ ਯੂ.ਏ.ਈ. ਅਤੇ ਕਤਰ ਵਿਚ ਰਹਾਂਗਾ। ਸਾਊਦੀ ਅਰਬ ਦੇ ਅਧਿਕਾਰੀ ਸਾਡੀਆਂ ਅਮਰੀਕੀ ਕੰਪਨੀਆਂ ਵਿਚ ਲਗਭਗ ਇੱਕ ਟ੍ਰਿਲੀਅਨ ਡਾਲਰ ਖਰਚ ਕਰਨ ਲਈ ਸਹਿਮਤ ਹੋਏ ਹਨ, ਜਿਸ ਦਾ ਮਤਲਬ ਹੈ ਮੇਰੇ ਲਈ ਨੌਕਰੀਆਂ। ਅਮਰੀਕੀ ਕੰਪਨੀਆਂ ਸਾਊਦੀ ਅਰਬ ਅਤੇ ਮੱਧ ਪੂਰਬ ਦੇ ਹੋਰ ਸਥਾਨਾਂ ਲਈ ਉਪਕਰਨ ਬਣਾਉਣਗੀਆਂ।

ਜਨਵਰੀ ਵਿਚ ਸਾਊਦੀ ਕ੍ਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਨੇ ਅਮਰੀਕੀ ਵਪਾਰ ਅਤੇ ਨਿਵੇਸ਼ ਵਿਚ 600 ਅਰਬ ਡਾਲਰ ਜਮ੍ਹਾ ਕਰਨ ਦਾ ਵਾਅਦਾ ਕੀਤਾ ਸੀ। ਉਸ ਸਮੇਂ ਸਾਊਦੀ ਅਰਬ ਨੇ ਕੋਈ ਵੇਰਵਾ ਨਹੀਂ ਦਿੱਤਾ ਸੀ ਕਿ ਇਸ ਪੈਸੇ ਦਾ ਚੈਨਲ ਕੀ ਹੋਵੇਗਾ, ਕਿਉਂਕਿ ਇਹ ਸਾਊਦੀ ਜੀ.ਡੀ.ਪੀ. ਦੇ ਅੱਧੇ ਤੋਂ ਵੱਧ ਹੈ।

## ਬਰੈਂਪਟਨ 'ਚ ਪੰਜਾਬੀ ਕਾਰੋਬਾਰੀ ਦੀ ਗੋਲੀ ਮਾਰ ਕੇ ਹੱਤਿਆ



■ ਹਮਲਾਵਰ ਸੀ.ਸੀ.ਟੀ.ਵੀ. ਕੈਮਰਿਆਂ 'ਚ ਕੈਦ

**ਵੈਨਕੂਵਰ, (ਪੰਜਾਬ ਮੇਲ)-** ਬਰੈਂਪਟਨ ਦੇ ਭੀੜ-ਭਾੜ ਵਾਲੇ ਪਲਾਜ਼ਾ ਵਿਚ ਕਾਰ 'ਤੇ ਆਏ ਬੰਦੂਕਧਾਰੀ ਪੰਜਾਬੀ ਕਾਰੋਬਾਰੀ ਨੌਜਵਾਨ ਦੀ ਹੱਤਿਆ ਕਰਕੇ ਫਰਾਰ ਹੋ ਗਏ। ਇਸ ਦੌਰਾਨ ਹਮਲਾਵਰਾਂ ਸੀ.ਸੀ.ਟੀ.ਵੀ. ਕੈਮਰਿਆਂ ਵਿਚ ਕੈਦ ਹੋ ਗਏ। ਹਾਲਾਂਕਿ ਹੁਣ ਤੱਕ ਪੁਲਿਸ ਨੇ ਮ੍ਰਿਤਕ ਦੀ ਪਹਿਚਾਣ ਜ਼ਾਹਿਰ ਨਹੀਂ ਕੀਤੀ, ਪਰ ਜਾਣਕਾਰਾਂ ਅਨੁਸਾਰ ਮ੍ਰਿਤਕ ਜਗਮੀਤ ਮੁੰਡੀ ਪਲਾਜ਼ਾ ਵਿਚ ਹੁੱਕੇ ਦਾ ਕਾਰੋਬਾਰ (ਵੇਪ ਸ਼ੌਪ) ਕਰਦਾ ਸੀ ਹੈ, ਨਾਲ ਹੀ ਉਹ ਟਰੱਕ ਕੰਪਨੀ ਚਲਾਉਂਦਾ ਸੀ। ਪੀਲ ਪੁਲਿਸ ਦੇ ਅਫਸਰ ਮਨਦੀਪ ਖਟੜਾ ਨੇ ਕਿਹਾ ਕਿ ਘਟਨਾ ਦੀ ਸੂਚਨਾ ਮਿਲਦਿਆਂ ਹੀ ਉਹ ਮੌਕੇ 'ਤੇ ਪਹੁੰਚੇ, ਉਸਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਬਾਅਦ ਵਿਚ ਡਾਕਟਰਾਂ ਦੀ ਟੀਮ ਵਲੋਂ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ਉਨ੍ਹਾਂ ਦੱਸਿਆ ਕਿ ਗੋਲੀਆਂ ਮਾਰਨ ਵਾਲੇ ਉੱਥੋਂ ਤੇਜ਼ੀ ਨਾਲ ਕਾਰ ਵਿਚ ਫਰਾਰ ਹੋ ਗਏ। ਅਧਿਕਾਰੀਆਂ ਨੇ ਕਿਹਾ ਕਿ ਸੀ.ਸੀ.ਟੀ.ਵੀ. ਕੈਮਰਿਆਂ ਦੀ ਰਿਕਾਰਡਿੰਗ ਰਾਹੀਂ ਜਾਂਚ ਕੀਤੀ ਜਾ ਰਹੀ ਹੈ।

## ਅਮਰੀਕਾ ਵਿਚ ਟਿਕਟੌਕ ਹੋ ਸਕਦੈ ਬੰਦ!




**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕਾ ਵਿਚ ਟਿਕਟੌਕ 'ਤੇ ਇਕ ਵਾਰ ਫਿਰ ਖਤਰੇ ਦੇ ਬੱਦਲ ਮੰਡਰਾਅ ਰਹੇ ਹਨ। ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਇਸ ਨੂੰ ਕਿਸੇ ਵੇਲੇ ਵੀ ਬੰਦ ਕੀਤਾ ਜਾ ਸਕਦਾ ਹੈ। ਇਸ ਨਾਲ 170 ਮਿਲੀਅਨ ਅਮਰੀਕੀਆਂ 'ਤੇ ਵੱਡਾ ਪ੍ਰਭਾਵ ਪਵੇਗਾ। ਕਿਉਂਕਿ ਇਥੇ ਬਹੁਤ ਸਾਰੇ ਲੋਕ ਖਬਰਾਂ, ਮਨੋਰੰਜਨ, ਬਿਜ਼ਨਸ ਅਤੇ ਕਈ ਹੋਰ ਮਾਮਲਿਆਂ ਲਈ ਟਿਕਟੌਕ ਦੀ ਵਰਤੋਂ ਕਰਦੇ ਹਨ। ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਟਿਕਟੌਕ ਐਪ ਅਮਰੀਕੀ ਲੋਕਾਂ ਦੀ ਜਾਤੀ ਜਾਣਕਾਰੀ ਲਈ ਵੱਡਾ ਖਤਰਾ ਹੈ।

■ ਬਾਕੀ ਖਬਰ ਸਫਾ 16 'ਤੇ

## ਟਰੰਪ ਭਾਰਤੀ ਕਿਸਾਨਾਂ ਲਈ ਬਣੇ ਨਵੀਂ ਚੁਣੌਤੀ

■ ਭਾਰਤ ਵੱਲੋਂ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਟਰੰਪ ਦਾ ਪ੍ਰਸਤਾਵ ਰੱਦ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਭਾਰਤ ਦੇ ਕਿਸਾਨਾਂ ਲਈ ਨਵੀਂ ਚੁਣੌਤੀ ਬਣਦੇ ਜਾ ਰਹੇ ਹਨ। ਅਮਰੀਕਾ ਚਾਹੁੰਦਾ ਹੈ ਕਿ ਭਾਰਤ ਆਪਣੇ ਕਿਸਾਨਾਂ ਤੋਂ ਮੱਕੀ, ਕਣਕ ਅਤੇ ਕਪਾਹ ਖਰੀਦੇ ਪਰ ਭਾਰਤ ਨੇ ਆਪਣੇ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਇਸ ਪ੍ਰਸਤਾਵ ਨੂੰ ਰੱਦ ਕਰ ਦਿੱਤਾ ਹੈ।

ਹਾਲ ਹੀ ਵਿਚ ਅਮਰੀਕਾ ਦੇ ਵਣਜ ਸਕੱਤਰ ਹਾਵਰਡ ਲੂਟਨਿਕ ਨੇ ਭਾਰਤ ਦੀਆਂ ਖੇਤੀ ਵਪਾਰ ਨੀਤੀਆਂ ਦੀ ਆਲੋਚਨਾ ਕੀਤੀ ਅਤੇ ਕਿਹਾ ਕਿ ਭਾਰਤ ਨੂੰ ਆਪਣਾ ਖੇਤੀ ਬਾਜ਼ਾਰ ਅਮਰੀਕਾ ਲਈ ਖੋਲ੍ਹਣਾ ਚਾਹੀਦਾ ਹੈ। ਉਨ੍ਹਾਂ ਸੁਝਾਅ ਦਿੱਤਾ ਕਿ ਭਾਰਤ ਅਮਰੀਕੀ ਖੇਤੀ ਉਤਪਾਦਾਂ ਦੀ ਕੁਝ ਮਾਤਰਾ ਦਰਾਮਦ ਕਰ ਸਕਦਾ ਹੈ ਪਰ ਇਸ ਨੂੰ ਪੂਰੀ ਤਰ੍ਹਾਂ ਰੱਦ ਕਰਨਾ ਸਹੀ ਨਹੀਂ ਹੈ। ਅਮਰੀਕਾ ਆਪਣੇ ਕਿਸਾਨਾਂ ਨੂੰ 100% ਤੱਕ ਸਬਸਿਡੀ ਦਿੰਦਾ ਹੈ, ਤਾਂ ਜੋ ਉਥੋਂ ਦੇ ਕਿਸਾਨ ਸਸਤੇ ਵਿਚ ਅਨਾਜ ਉਗਾ ਸਕਣ। ਭਾਰਤ ਅਮਰੀਕਾ ਨੂੰ ਚਾਵਲ, ਝੀਂਗਾ, ਸ਼ਹਿਦ, ਸਬਜ਼ੀਆਂ ਦੇ ਅਰਕ, ਕੈਸਟਰ ਆਇਲ ਅਤੇ ਕਾਲੀ ਮਿਰਚ ਵੇਚਦਾ ਹੈ, ਜਦੋਂ ਕਿ ਭਾਰਤ ਅਮਰੀਕਾ ਤੋਂ ਬਦਾਮ, ਅਖਰੋਟ, ਪਿਸਤਾ, ਸੇਬ ਅਤੇ ਦਾਲ ਖਰੀਦਦਾ ਹੈ।

ਇਸ ਵਪਾਰ ਘਾਟੇ ਕਾਰਨ ਅਮਰੀਕਾ ਨੂੰ ਹਰ ਸਾਲ ਭਾਰਤ ਨੂੰ 45 ਬਿਲੀਅਨ ਡਾਲਰ ਦਾ ਭੁਗਤਾਨ ਕਰਨਾ ਪੈਂਦਾ ਹੈ।

■ ਬਾਕੀ ਖਬਰ ਸਫਾ 16 'ਤੇ

## ਅਮਰੀਕਾ ਵੱਲੋਂ ਭਾਰਤੀ ਖੇਤੀਬਾੜੀ ਉਤਪਾਦਾਂ 'ਤੇ 100 ਫੀਸਦੀ ਟੈਕਸ ਲਾਉਣ ਦਾ ਐਲਾਨ

**ਨਿਊਯਾਰਕ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਭਾਰਤ ਤੇ ਹੋਰ ਦੇਸ਼ਾਂ ਵੱਲੋਂ ਅਮਰੀਕੀ ਖੇਤੀਬਾੜੀ ਉਤਪਾਦਾਂ 'ਤੇ ਸੌ ਫੀਸਦੀ ਟੈਕਸ ਲਾਏ ਜਾਂਦੇ ਹਨ, ਜਿਸ ਕਾਰਨ ਅਮਰੀਕਾ ਵਲੋਂ ਇਨ੍ਹਾਂ ਦੇਸ਼ਾਂ ਵਿਚ ਬਰਾਮਦ ਕਰਨਾ ਲਗਪਗ ਅਸੰਭਵ ਹੋ ਜਾਂਦਾ ਹੈ, ਜਿਸ ਕਰਕੇ ਅਮਰੀਕਾ ਵਲੋਂ ਵੀ ਭਾਰਤ ਦੇ ਖੇਤੀਬਾੜੀ ਉਤਪਾਦਾਂ 'ਤੇ ਸੌ ਫੀਸਦੀ ਟੈਕਸ ਲਾਇਆ ਜਾਵੇਗਾ, ਜੋ ਦੋ ਅਪ੍ਰੈਲ ਤੋਂ ਲਾਗੂ ਹੋਵੇਗਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਟੈਕਸ ਆਰਜ਼ੀ ਤੌਰ 'ਤੇ ਲਾਏ ਗਏ ਹਨ। ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਉਹ ਭਾਰਤ ਵਲੋਂ ਲਾਏ ਜਾਂਦੇ ਟੈਕਸਾਂ ਦੇ ਇਵਜ਼ ਵਿਚ ਖੇਤੀਬਾੜੀ ਉਤਪਾਦਾਂ 'ਤੇ ਅਜਿਹਾ ਸੌ ਫੀਸਦੀ ਟੈਕਸ ਲਾਉਣ ਦੀ ਯੋਜਨਾ ਬਣਾ ਰਹੇ ਹਨ, ਤਾਂ ਕਿ ਅਮਰੀਕੀ ਵਸਤਾਂ ਦੀ ਬਰਾਮਦ ਨੂੰ ਮਾਰਕੀਟ ਵਿਚ ਟਿਕੇ ਰਹਿਣ ਲਈ ਯਕੀਨੀ ਬਣਾਇਆ ਜਾ ਸਕੇ।

## APCA ਵੱਲੋਂ 11ਵਾਂ ਸਾਲਾਨਾ ਟਰੇਡ ਸ਼ੋਅ 1 ਮਈ ਨੂੰ

APCA
AMERICAN PETROLEUM AND CONVENIENCE STORE ASSOCIATION

**ਸੈਕਰਾਮੈਂਟੋ, (ਪੰਜਾਬ ਮੇਲ)-** ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਅੰਸ ਸਟੋਰ ਐਸੋਸੀਏਸ਼ਨ (APCA) ਵੱਲੋਂ ਗੈਸ ਸਟੇਸ਼ਨ, ਸੀ ਸਟੋਰ, ਤੰਬਾਕੂ ਅਤੇ ਲੀਕਰ ਸਟੋਰ ਮਾਲਕਾਂ ਲਈ ਆਪਣਾ 11ਵਾਂ ਸਾਲਾਨਾ ਟਰੇਡ ਸ਼ੋਅ, 1 ਮਈ, 2025, ਦਿਨ ਵੀਰਵਾਰ ਨੂੰ ਦੁਪਹਿਰ 12.30 ਤੋਂ 5.30 ਵਜੇ ਤੱਕ Sunrise Banquet Halls & Event Center, ਵੈਕਾਵਿਲ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਟਰੇਡ ਸ਼ੋਅ ਵਿਚ 120 ਤੋਂ ਵੱਧ ਵੈਂਡਰਸ ਆਪਣੇ ਨਵੇਂ ਪ੍ਰੋਡਕਟ ਅਤੇ ਸਪੈਸ਼ਲ ਡੀਲਾਂ ਲੈ ਕੇ ਪਹੁੰਚਣਗੇ। ਜੇ ਆਪਣੇ ਬਿਜ਼ਨੈਸ ਦਾ ਫਾਇਦਾ ਕਰਨਾ ਚਾਹੁੰਦੇ, ਤਾਂ ਇਸ ਟਰੇਡ ਸ਼ੋਅ ਵਿਚ ਹਿੱਸਾ ਲਵੋ। ਇਸ ਸ਼ੋਅ ਦੌਰਾਨ ਤੁਸੀਂ APCA ਦੇ ਮੈਂਬਰ ਬਣ ਸਕਦੇ ਹੋ।

■ ਬਾਕੀ ਖਬਰ ਸਫਾ 16 'ਤੇ

APCA
AMERICAN PETROLEUM AND CONVENIENCE STORE ASSOCIATION

*APCA has always been committed in offering both our exhibitors and attendees the best possible avenue to ensure a successful experience at our Trade Show events.*

# 11th Annual Buyer's Trade Show

## Thursday May 1st, 2025 , 12:30pm - 5:30pm

**at SUNRISE BANQUET HALLS & EVENT CENTER**
**620 ORANGE DR, VACAVILLE CA 95687**

# ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਅੰਸ ਸਟੋਰ ਐਸੋਸੀਏਸ਼ਨ ਵੱਲੋਂ

# 11ਵਾਂ ਸਾਲਾਨਾ ਖਰੀਦਦਾਰਾਂ ਦਾ ਟਰੇਡ ਸ਼ੋਅ

## ਵੀਰਵਾਰ, 1 ਮਈ 2025, 12.30 ਤੋਂ 5.30 ਵਜੇ ਤੱਕ

ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਅੰਸ ਸਟੋਰ ਐਸੋਸੀਏਸ਼ਨ ਵੱਲੋਂ ਗੈਸ ਸਟੇਸ਼ਨ, ਸੀ ਸਟੋਰ, ਤੰਬਾਕੂ ਅਤੇ ਲੀਕਰ ਸਟੋਰ ਦੇ ਮਾਲਕਾਂ ਲਈ 11ਵਾਂ ਸਾਲਾਨਾ ਟਰੇਡ ਸ਼ੋਅ ਕਰਵਾਇਆ ਜਾ ਰਿਹਾ ਹੈ। ਇਸ ਸ਼ੋਅ ਵਿਚ 120 ਤੋਂ ਵੱਧ ਵੈਂਡਰਸ ਆਪਣੇ ਨਵੇਂ ਪ੍ਰੋਡਕਟਸ ਅਤੇ ਸਪੈਸ਼ਲ ਡੀਲਸ ਲਿਆ ਰਹੇ ਹਨ। ਆਪ ਸਭ ਨੂੰ ਬੇਨਤੀ ਹੈ ਕਿ ਸ਼ੋਅ ਦੀਆਂ ਡੀਲਸ ਦਾ ਫਾਇਦਾ ਚੁੱਕੋ।

**Cash Prizes, A GRAND PRIZE, and free Raffle Prizes are being given away**

*APCA "Charity Golf Tournament"*



**April 30th, 2025**
*Chardonnay Golf Club*
2255 Jameson Canyon Road, American Canyon, CA 94503



Copyright @ Punjab Mail USA

ਜੇ ਆਪਣੇ ਬਿਜਨੈਸ ਦਾ ਫਾਇਦਾ ਕਰਨਾ ਚਾਹੁੰਦੇ ਹੋ ਤਾਂ
**ਇਸ ਟਰੇਡ ਸ਼ੋਅ ਵਿਚ ਹਿੱਸਾ ਲਵੋ।**

*For More Information*

**KEWAL KRISHAN: 510-290-7144 | APCA OFFICE: 916-627-1170**


916 ROYAL TEES
GOLF TOURNAMENT
WILD HAWK GOLF CLUB
7713 VINEYARD RD SACRAMENTO, CA 95829
SHAHEED BABA DEEP SINGH SPORTS ACADEMY
SACRAMENTO, USA
PARGAT SANDHU
GURMEET WARAICH
TARLOCHAN ATWAL
GURDEV S TOOR
DHEERA NIJJAR
HAPPY BARIANA
BITTU RANDHAWA
HARRY SANGHA
GOLDY LALLY
SHERU BHATIA
KEHAR S GILL
BHUPINDER S SANGHERA
BHINDA CHAHAL
SAUKH KULAR
RAVI NAGRA
HAPPY AULAKH
PAMMA ATWAL
GINDA PALWAN
SONI KANG
NINDI THANDI
PAMMA LIDHAR
PINDI SANDHU
INDERJIT SINGH
BALWINDER SANDHU
PIARA SANDHU
LADDA KAHLON
RAJA KOONER
SABI HAYER
GURJIT DEOL
BALPREET BRAR
APRIL 19,2025 7AM
For Booking Visit our website-. https://916royaltees.wixsite.com
CONTACT: 916-952-1313
Space sponsored by
Gurjatinder S. Randhawa
(REALTOR) CA DRE licence # 01490567
RE/MAX
RE/MAX Outstanding Agents Outstanding Results
916-320-9444

# ਵਿਸਾਲੀਆ ਸੀਨੀਅਰ ਖੇਡਾਂ 'ਚ ਪੰਜਾਬੀਆਂ ਨੇ ਮਾਰੀਆਂ ਮੱਲਾਂ



**ਫਰਿਜ਼ਨੋ, (ਪੰਜਾਬ ਮੇਲ)-** ਫਰਿਜ਼ਨੋ ਦੇ ਲਾਗਲੇ ਸ਼ਹਿਰ ਵਿਸਾਲੀਆ ਦੇ ਮਾਊਂਟ ਵਿਟਨੀ ਹਾਈ ਸਕੂਲ ਦੇ ਟਰੈਕ ਐਂਡ ਫੀਲਡ ਸਟੇਡੀਅਮ ਵਿਚ ਸੀਨੀਅਰ ਖੇਡਾਂ ਕਰਵਾਈਆਂ ਗਈਆਂ। ਇਨ੍ਹਾਂ ਖੇਡਾਂ ਵਿਚ 100 ਤੋਂ ਵੱਧ ਐਥਲੀਟਾਂ ਨੇ ਭਾਗ ਲਿਆ। ਇਨ੍ਹਾਂ ਖੇਡਾਂ ਵਿਚ 8 ਪੰਜਾਬੀ ਐਥਲੀਟਾਂ ਨੇ ਵੀ ਹਿੱਸਾ ਲਿਆ ਤੇ ਕੁੱਲ ਮਿਲਾਕੇ 22 ਤਗਮੇ ਜਿੱਤੇ (13 ਸੋਨੇ ਦੇ ਤਗਮੇ ਅਤੇ 9 ਚਾਂਦੀ ਦੇ ਤਗਮੇ) ਇਹ ਪੰਜਾਬੀ ਖਿਡਾਰੀ ਕੈਲੀਫੋਰਨੀਆ ਦੇ ਵੱਖੋ-ਵੱਖ ਸ਼ਹਿਰਾਂ, ਫਰਿਜ਼ਨੋ, ਫਾਉਲਰ ਅਤੇ ਕਲੋਵਿਸ ਅਤੇ ਮਨਟੀਕਾ ਤੋਂ ਪਹੁੰਚੇ ਹੋਏ ਸਨ।

ਇਨ੍ਹਾਂ ਖੇਡਾਂ ਵਿਚ ਐਥਲੀਟ ਗੁਰਬਖਸ਼ ਸਿੱਧੂ ਨੇ ਸ਼ਾਟ ਪੁਟ ਅਤੇ ਡਿਸਕਸ ਥ੍ਰੋ ਵਿਚ 2 ਸੋਨੇ ਦੇ ਤਗਮੇ ਜਿੱਤੇ। ਸੁਖਨੈਨ ਸਿੰਘ ਨੇ ਲੰਬੀ ਛਾਲ ਅਤੇ ਤੀਹਰੀ ਛਾਲ ਵਿਚ 2 ਸੋਨੇ ਦੇ ਤਗ਼ਮੇ ਜਿੱਤੇ।

ਰਾਜ ਬਰਾੜ ਨੇ ਸ਼ਾਟ ਪੁਟ ਅਤੇ ਡਿਸਕਸ ਥ੍ਰੋ ਵਿਚ 2 ਸੋਨੇ ਦੇ ਤਗਮੇ ਜਿੱਤੇ। ਅਮਰੀਕ ਸਿੰਘ ਤੁੰਬਰ ਨੇ 50 ਮੀਟਰ ਅਤੇ 100 ਮੀਟਰ ਵਿਚ 3 ਸੋਨੇ ਦੇ ਤਗਮੇ ਜਿੱਤੇ ਅਤੇ 4×100 ਮੀਟਰ ਰਿਲੇਅ ਦੌੜ ਵਿਚ ਚਾਂਦੀ ਦਾ ਤਗਮਾ ਜਿੱਤਿਆ।

ਕਮਲਜੀਤ ਸਿੰਘ ਬੈਨੀਪਾਲ ਨੇ 200 ਮੀਟਰ ਅਤੇ 400 ਮੀਟਰ ਵਿਚ 3 ਚਾਂਦੀ ਦੇ ਤਗਮੇ ਜਿੱਤੇ ਅਤੇ 4×100 ਮੀਟਰ ਰਿਲੇਅ ਦੌੜ ਵਿਚ ਵੀ ਚਾਂਦੀ ਦਾ ਤਗਮਾ ਜਿੱਤਿਆ।

ਪਵਿੱਤਰ ਸਿੰਘ ਕਲੇਰ ਨੇ ਸ਼ਾਟ ਪੁੱਟ ਅਤੇ ਡਿਸਕਸ ਥ੍ਰੋ ਵਿਚ 1 ਚਾਂਦੀ ਅਤੇ 1 ਸੋਨ ਤਗਮਾ ਜਿੱਤਿਆ।

ਕਰਮ ਸਿੰਘ ਸੰਘਾ ਨੇ 1600 ਮੀਟਰ ਦੌੜ ਵਿਚ ਸੋਨ ਤਗਮਾ ਜਿੱਤਿਆ। ਮੈਂਟੇਕਾ ਦੇ ਦਰਸ਼ਨ ਸਿੰਘ ਨੇ 50 ਮੀਟਰ, 100 ਮੀਟਰ, 200 ਮੀਟਰ, 400 ਮੀਟਰ, 800 ਮੀਟਰ, 1600 ਮੀਟਰ ਅਤੇ 4×100 ਮੀਟਰ ਰਿਲੇਅ ਦੌੜ ਵਿਚ 4 ਸੋਨੇ ਦੇ ਤਗਮੇ ਅਤੇ 3 ਚਾਂਦੀ ਦੇ ਤਗਮੇ ਜਿੱਤੇ।

ਇਨ੍ਹਾਂ ਖਿਡਾਰੀਆਂ ਨੇ ਤਗ਼ਮੇ ਜਿੱਤਕੇ ਪੰਜਾਬੀ ਭਾਈਚਾਰੇ ਦਾ ਮਾਣ ਵਧਾਇਆ ਅਤੇ ਭਾਈਚਾਰੇ ਵੱਲੋ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ।

## ਸਟੇਡੀਅਮ ਦੀ ਵਿਕਰੀ ਦਾ ਮਾਮਲਾ; ਅਨਾਹੀਮ ਦੇ ਸਾਬਕਾ ਮੇਅਰ ਹੈਰੀ ਸਿੱਧੂ ਨੂੰ ਕੈਦ ਤੇ ਜੁਰਮਾਨਾ





ਹੈਰੀ ਸਿੱਧੂ।

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਅਨਾਹੀਮ ਦੇ ਸਾਬਕਾ ਮੇਅਰ ਹੈਰੀ ਸਿੱਧੂ ਨੂੰ ਐਂਜਲ ਸਟੇਡੀਅਮ ਦੀ ਵਿਵਾਦਤ ਵਿਕਰੀ ਦੇ ਮਾਮਲੇ ਦੀ ਸੰਘੀ ਜਾਂਚ 'ਚ ਰੁਕਾਵਟ ਪਾਉਣ ਦੇ ਦੋਸ਼ਾਂ ਤਹਿਤ 2 ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਉਸ ਨੂੰ 50 ਹਜ਼ਾਰ ਡਾਲਰ ਦਾ ਜੁਰਮਾਨਾ ਵੀ ਭਰਨਾ ਪਵੇਗਾ। ਯੂ.ਐੱਸ. ਡਿਸਟ੍ਰਿਕਟ ਜੱਜ ਜੌਹਨ ਡਬਲਯੂ. ਹੋਲਕੋਮਬ ਨੇ ਆਪਣੇ ਫੈਸਲੇ ਵਿਚ ਕਿਹਾ ਹੈ ਕਿ ਸਿੱਧੂ ਨੇ ਲੋਕਾਂ ਦਾ ਭਰੋਸਾ ਤੋੜਿਆ ਹੈ। ਰਿਹਾਈ ਤੋਂ ਬਾਅਦ ਇਕ ਸਾਲ ਲਈ ਉਸ ਨੂੰ ਨਿਗਰਾਨੀ ਵਿਚ ਰਹਿਣਾ ਪਵੇਗਾ। ਸਜ਼ਾ ਸੁਣਾਉਣ ਸਮੇਂ 67 ਸਾਲਾ ਸਿੱਧੂ ਨੇ ਕੋਈ ਖਾਸ ਪ੍ਰਤੀਕਰਮ ਪ੍ਰਗਟ ਨਹੀਂ ਕੀਤਾ। ਅਦਾਲਤ ਵਿਚ ਪਰਿਵਾਰਕ ਮੈਂਬਰ ਤੇ ਉਸ ਦੇ ਸਮਰਥਕ ਵੀ ਹਾਜ਼ਰ ਸਨ। ਅਦਾਲਤ ਨੇ ਉਸ ਨੂੰ 2 ਸਤੰਬਰ ਨੂੰ ਅਧਿਕਾਰੀਆਂ ਸਾਹਮਣੇ ਆਤਮ ਸਮਰਪਣ ਕਰਨ ਦਾ ਆਦੇਸ਼ ਦਿੱਤਾ ਹੈ।

### ਸ਼ੋਕ ਸਮਾਚਾਰ

## ਢਿੱਲੋਂ ਪਰਿਵਾਰ ਨੂੰ ਸਦਮਾ; ਮਹਿੰਦਰ ਸਿੰਘ ਢਿੱਲੋਂ ਸਵਰਗਵਾਸ



ਸ. ਮਹਿੰਦਰ ਸਿੰਘ ਢਿੱਲੋਂ

**ਫਰਿਜ਼ਨੋ, (ਪੰਜਾਬ ਮੇਲ)-** ਪੀਜ਼ਾ ਟਵਿਸਟ ਵਾਲੇ ਬਾਈ ਤੇਜੀ ਪੱਡਾ ਅਤੇ ਬਲਦੇਵ ਸਿੰਘ ਬਿਲਾਸਪੁਰ ਦੇ ਸਹੁਰਾ ਸਾਬ੍ਹ ਤੇ ਸਮਾਜਸੇਵੀ ਕੁੱਕੂ ਢਿੱਲੋਂ ਦੇ ਫਾਦਰ ਸਾਬ੍ਹ ਸ. ਮਹਿੰਦਰ ਸਿੰਘ ਢਿੱਲੋਂ (81) ਪਿਛਲੇ ਦਿਨੀਂ ਕੈਲਗਰੀ ਅਲਬਰਟਾ ਵਿਖੇ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦਾ ਪਿਛਲਾ ਪਿੰਡ ਬੁੱਟਰ ਜ਼ਿਲ੍ਹਾ ਮੋਗਾ ਵਿਚ ਪੈਂਦਾ ਹੈ। ਉਹ ਕੁਝ ਸਮਾਂ ਫਰਿਜ਼ਨੋ ਕੈਲੀਫੋਰਨੀਆ ਵਿਖੇ ਵੀ ਆਪਣੇ ਬੱਚਿਆਂ ਨਾਲ ਗੁਜ਼ਾਰਦੇ ਸਨ। ਉਨ੍ਹਾਂ ਦੀ ਦੇਹ ਦਾ ਸਸਕਾਰ ਮਿਤੀ 5 ਅਪ੍ਰੈਲ ਦਿਨ ਸ਼ਨੀਵਾਰ ਦੁਪਹਿਰ 1 ਵਜੇ **Country Hills Crematorium (11995 16th st NE Calgary AB TK3 0S9)** ਵਿਖੇ ਹੋਵੇਗਾ। ਉਪਰੰਤ ਦੁਪਹਿਰ 2 ਵਜੇ ਭੋਗ ਦਸ਼ਮੇਸ਼ ਕਲਚਰਲ ਸੈਂਟਰ ਕੈਲਗਰੀ ਅਲਬਰਟਾ (**135 Martindale Blvd NE Calgary AB T3J 2X5**) ਵਿਖੇ ਪਵੇਗਾ। ਦੁੱਖ ਸਾਂਝਾ ਕਰਨ ਲਈ ਤੇਜੀ ਪੱਡਾ (408) 661-3403, ਬਲਦੇਵ ਸਿੰਘ ਬਿਲਾਸਪੁਰ (559) 577-2562 ਜਾਂ ਕੁੱਕੂ ਢਿੱਲੋ ਨਾਲ 408-421-4399 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਟਰੰਪ ਪ੍ਰਸ਼ਾਸਨ ਵੱਲੋਂ 300 ਤੋਂ ਵੱਧ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਵੀਜ਼ੇ ਰੱਦ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਨੇ ਹਾਲ ਹੀ ਵਿੱਚ 300 ਤੋਂ ਵੱਧ ਵਿਦਿਆਰਥੀਆਂ ਦੇ ਵੀਜ਼ੇ ਰੱਦ ਕਰ ਦਿੱਤੇ ਹਨ। ਟਰੰਪ ਦੇ ਪ੍ਰਸ਼ਾਸਨ ਵੱਲੋਂ ਵਿਦੇਸ਼ੀ ਵਿਦਿਆਰਥੀਆਂ ਵਿਰੁੱਧ ਕੀਤੀ ਗਈ ਕਾਰਵਾਈ ਤੋਂ ਬਾਅਦ ਉੱਥੇ ਪੜ੍ਹ ਰਹੇ ਭਾਰਤੀਆਂ ਵਿਚ ਦਹਿਸ਼ਤ ਦਾ ਮਾਹੌਲ ਹੈ। ਇਸ ਸਭ ਵਿਚਕਾਰ ਵਿਦੇਸ਼ ਮੰਤਰੀ ਮਾਰਕੋ ਰੂਬੀਓ ਦੇ ਬਿਆਨ ਨੇ ਇਸ ਡਰ ਨੂੰ ਹੋਰ ਵਧਾ ਦਿੱਤਾ ਹੈ, ਜੋ ਸੰਕੇਤ ਦਿੰਦੇ ਹਨ ਕਿ ਹੋਰ ਵਿਦਿਆਰਥੀਆਂ ਨੂੰ ਵਾਪਸ ਭੇਜਿਆ ਜਾ ਸਕਦਾ ਹੈ। ਟਰੰਪ ਪ੍ਰਸ਼ਾਸਨ ਦੀ ਇਹ ਕਾਰਵਾਈ ਕਥਿਤ ਤੌਰ 'ਤੇ ਉਨ੍ਹਾਂ ਵਿਦਿਆਰਥੀਆਂ ਵਿਰੁੱਧ ਹੈ, ਜੋ ਕੈਂਪਸ ਵਿਚ ਵਿਰੋਧ ਪ੍ਰਦਰਸ਼ਨਾਂ ਵਿਚ ਸ਼ਾਮਲ ਹਨ।

### ■ ਭਾਰਤੀ ਵਿਦਿਆਰਥੀਆਂ 'ਚ ਵਧੀ ਚਿੰਤਾ

ਇਸ ਵਿਚ ਫਲਸਤੀਨ ਦਾ ਸਮਰਥਨ ਕਰਨ ਵਾਲਿਆਂ ਨੂੰ ਵਿਸ਼ੇਸ਼ ਤੌਰ 'ਤੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਹੈਰਾਨੀ ਦੀ ਗੱਲ ਹੈ ਕਿ ਇਹ ਕਾਰਵਾਈ ਨਾ ਸਿਰਫ਼ ਉਨ੍ਹਾਂ ਵਿਦਿਆਰਥੀਆਂ ਵਿਰੁੱਧ ਕੀਤੀ ਜਾ ਰਹੀ ਹੈ, ਜੋ ਪ੍ਰਦਰਸ਼ਨਾਂ ਵਿਚ ਸਰੀਰਕ ਤੌਰ 'ਤੇ ਸ਼ਾਮਲ ਸਨ, ਸਗੋਂ ਉਨ੍ਹਾਂ ਵਿਦਿਆਰਥੀਆਂ ਵਿਰੁੱਧ ਵੀ ਕੀਤੀ ਜਾ ਰਹੀ ਹੈ, ਜਿਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਕਥਿਤ ਦੇਸ਼ ਵਿਰੋਧੀ ਪੋਸਟਾਂ ਨੂੰ ਲਾਈਕ, ਸਾਂਝਾ ਜਾਂ ਟਿੱਪਣੀ ਕੀਤੀ ਸੀ।

## ਟਰੰਪ ਵੱਲੋਂ ਈਰਾਨ ਨੂੰ ਪ੍ਰਮਾਣੂ ਸਮਝੌਤਾ ਨਾ ਹੋਣ 'ਤੇ ਬੰਬ ਸੁੱਟਣ ਦੀ ਚਿਤਾਵਨੀ

**ਵਾਸ਼ਿੰਗਟਨ, (ਰਾਜ ਗੋਗਨਾ/ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਈਰਾਨ ਆਪਣੇ ਪ੍ਰਮਾਣੂ ਪ੍ਰੋਗਰਾਮ ਬਾਰੇ ਅਮਰੀਕਾ ਨਾਲ ਸਮਝੌਤਾ ਨਹੀਂ ਕਰਦਾ ਹੈ, ਤਾਂ ਉਸ 'ਤੇ ਬੰਬਾਰੀ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਚੇਤਾਵਨੀ ਦਿੱਤੀ ਕਿ ਈਰਾਨ 'ਤੇ ਵਾਧੂ ਟੈਰਿਫ ਲਗਾਏ ਜਾਣਗੇ। ਉਸਨੇ ਹਾਲ ਹੀ ਵਿਚ ਇੱਕ ਨਿਊਜ਼ ਚੈਨਲ ਨਾਲ ਇੱਕ ਇੰਟਰਵਿਊ ਵਿਚ ਗੱਲ ਕੀਤੀ। "ਜੇਕਰ ਉਹ ਇਸ ਸਮਝੌਤੇ 'ਤੇ ਸਹਿਮਤ ਨਹੀਂ ਹੁੰਦੇ, ਤਾਂ ਯਕੀਨੀ ਤੌਰ 'ਤੇ ਹਮਲੇ ਹੋਣਗੇ।" ਇਹ ਅਜਿਹਾ ਕੁਝ ਨਹੀਂ ਹੋਵੇਗਾ, ਜੋ ਤੁਸੀਂ ਪਹਿਲਾਂ ਕਦੇ ਨਹੀਂ ਦੇਖਿਆ ਹੋਵੇਗਾ। ਗੰਭੀਰ ਨਤੀਜੇ ਭੁਗਤਣੇ ਪੈਣਗੇ। ਭਾਰੀ ਟੈਰਿਫ ਲਗਾਉਣ ਦੀ ਵੀ ਸੰਭਾਵਨਾ ਹੈ, ਜਿਵੇਂ ਕਿ ਚਾਰ ਸਾਲ ਪਹਿਲਾਂ ਕੀਤਾ ਗਿਆ ਸੀ।"


Jaspreet Singh
Attorney at Law
ਅਮਰੀਕਾ ਦੀ ਇਮੀਗ੍ਰੇਸ਼ਨ
ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ,
ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸਾਂ ਲਈ
ਅਟਾਰਨੀ ਐਟ ਲਾਅ, ਨਿਊਯਾਰਕ ਅਤੇ ਕੈਲੀਫੋਰਨੀਆ



ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ


SACRAMENTO
5855 Auburn Blvd,
Sacramento, CA 95841,
+1-916-307-4620

FRESNO
1625 E Shaw Ave
#122, Fresno,
CA 93726
559-271-5511

FREMONT
3155 KEARNEY ST,
SUITE #248,
FREMONT, CA 94538.
+1-510-657-6444

NEWYORK
108-14 Jamaica Ave,
Richmond Hill,
NY 11418
Phone: 718-533-8444

# ਨਿਊਜਰਸੀ ਦੀ ਭਾਰਤੀ ਟ੍ਰੈਵਲ ਏਜੰਟ ਭਾਵਨਾ ਆਨੰਦ ਨੇ 896,000 ਹਜ਼ਾਰ ਡਾਲਰ ਦੀ ਮਾਰੀ ਠੱਗੀ



**ਨਿਊਜਰਸੀ, (ਰਾਜ ਗੋਗਨਾ/ ਪੰਜਾਬ ਮੇਲ)**-ਅਮਰੀਕਾ ਦੇ ਨਿਊਜਰਸੀ ਸੂਬੇ ਦੇ ਸ਼ਹਿਰ ਗਾਰਫੀਲਡ 'ਚ ਇਕ ਭਾਰਤੀ ਮੂਲ ਦੀ ਟ੍ਰੈਵਲ ਏਜੰਟ ਭਾਵਨਾ ਆਨੰਦ ਨੇ 82 ਗਾਹਕਾਂ ਦੇ ਤਕਰੀਬਨ 9 ਲੱਖ ਡਾਲਰਾਂ ਦੀ ਠੱਗੀ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਨਿਊਜਰਸੀ ਰਾਜ ਦੀ ਬਰਗਨ ਕਾਉਂਟੀ ਦੀ ਇਸ ਭਾਰਤੀ ਔਰਤ ਨੂੰ ਜਾਅਲੀ ਯਾਤਰਾ ਬੁਕਿੰਗ ਰਾਹੀਂ ਲਗਭਗ 900,000 ਡਾਲਰ ਚੋਰੀ ਕਰਨ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਰਕਾਰੀ ਵਕੀਲ ਮਾਰਕ ਮੁਸੇਲਾ ਦੇ ਅਨੁਸਾਰ, ਨਿਊਜਰਸੀ ਸੂਬੇ ਦੇ ਸ਼ਹਿਰ ਗਾਰਫੀਲਡ ਦੀ 39 ਸਾਲਾ ਭਾਵਨਾ ਆਨੰਦ ਨੂੰ ਚੀਫ਼ ਮੈਥਿਊ ਫਿੰਕ ਦੇ ਨਿਰਦੇਸ਼ਾਂ ਹੇਠ ਬਰਗਨ ਕਾਉਂਟੀ ਪ੍ਰੌਸੀਕਿਊਟਰ ਦਫ਼ਤਰ ਦੀ ਵਿੱਤੀ ਅਪਰਾਧ ਇਕਾਈ ਦੁਆਰਾ ਮਹੀਨਿਆਂ ਤੱਕ ਚੱਲੀ ਜਾਂਚ ਤੋਂ ਬਾਅਦ ਸੈਡਲ ਬਰੁੱਕ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਜਾਂਚਕਰਤਾਵਾਂ ਦਾ ਕਹਿਣਾ ਹੈ ਕਿ ਜਨਵਰੀ 2017 ਅਤੇ ਦਸੰਬਰ 2024 ਦੇ ਵਿਚਕਾਰ, ਆਨੰਦ ਨੇ ਕਈ ਮੌਕਿਆਂ 'ਤੇ 'ਘੱਟੋ-ਘੱਟ ਤਿੰਨ ਜਾਣਕਾਰਾਂ ਦੀ ਪਛਾਣ ਚੋਰੀ ਕੀਤੀ ਅਤੇ ਉਸਨੇ ਕਥਿਤ ਤੌਰ 'ਤੇ ਬੈਂਕ, ਨਿਵੇਸ਼ ਅਤੇ ਜੀਵਨ ਬੀਮਾ ਖਾਤਿਆਂ ਤੱਕ ਪਹੁੰਚ ਕਰਨ ਲਈ ਉਨ੍ਹਾਂ ਦੀ ਨਿੱਜੀ ਜਾਣਕਾਰੀ ਦੀ ਵਰਤੋਂ ਕੀਤੀ ਕਰਕੇ ਅੰਤ ਵਿਚ 787,556 ਡਾਲਰ ਨੂੰ ਉਸਦੇ ਨਿਯੰਤਰਿਤ ਖਾਤਿਆਂ ਵਿਚੋ ਆਪਣੇ ਨਾਂ 'ਤੇ ਟਰਾਂਸਫਰ ਕੀਤੇ।

# ਐੱਨ.ਆਈ.ਏ. ਵੱਲੋਂ ਡੰਕੀ ਰੂਟ ਰਾਹੀਂ ਅਮਰੀਕਾ ਭੇਜਣ ਦੇ ਮਾਮਲੇ 'ਚ ਮੁੱਖ ਦੋਸ਼ੀ ਗ੍ਰਿਫ਼ਤਾਰ

**ਨਵੀਂ ਦਿੱਲੀ, (ਪੰਜਾਬ ਮੇਲ)**- ਕੌਮੀ ਜਾਂਚ ਏਜੰਸੀ (ਐੱਨ.ਆਈ.ਏ.) ਨੇ ਇੱਕ ਵਿਅਕਤੀ ਨੂੰ ਬਦਨਾਮ 'ਡੰਕੀ' ਰੂਟ ਰਾਹੀਂ ਗੈਰਕਾਨੂੰਨੀ ਤੌਰ 'ਤੇ ਅਮਰੀਕਾ ਭੇਜਣ ਦੇ ਮਾਮਲੇ ਵਿਚ ਇੱਕ ਮੁੱਖ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਹੈ। ਇੱਕ ਅਧਿਕਾਰਤ ਬਿਆਨ ਵਿਚ ਕਿਹਾ ਗਿਆ ਹੈ ਕਿ ਪੱਛਮੀ ਦਿੱਲੀ ਦੇ ਤਿਲਕ ਨਗਰ ਦੇ ਰਹਿਣ ਵਾਲੇ ਗਗਨਦੀਪ ਸਿੰਘ ਉਰਫ ਗੋਲਡੀ ਨੂੰ ਐੱਨ.ਆਈ.ਏ. ਨੇ ਐਤਵਾਰ ਨੂੰ ਗ੍ਰਿਫ਼ਤਾਰ ਕੀਤਾ ਹੈ। ਗ਼ੌਰਤਲਬ ਹੈ ਕਿ 'ਡੰਕੀ' ਸ਼ਬਦ 'ਗਧਾ/ਖੋਤਾ' ਸ਼ਬਦ ਤੋਂ ਪੈਦਾ ਹੋਇਆ ਮੰਨਿਆ ਜਾਂਦਾ ਹੈ, ਜਿਸ ਨੂੰ ਅੰਗਰੇਜ਼ੀ ਵਿਚ 'ਡੰਕੀ' ਕਿਹਾ ਜਾਂਦਾ ਹੈ। ਡੰਕੀ ਰੂਟ ਦਾ ਮਤਲਬ ਹੈ ਕਿ ਕਿਸੇ ਵਿਅਕਤੀ ਨੂੰ ਗੈਰਕਾਨੂੰਨੀ ਰਸਤੇ ਰਾਹੀਂ ਨੂੰ ਤੇ ਬਿਨਾਂ ਕਿਸੇ ਦਸਤਾਵੇਜ਼ ਆਦਿ ਦੇ ਅਮਰੀਕਾ ਵਰਗੇ ਦੇਸ਼ਾਂ ਵਿਚ ਦਾਖਲ ਕਰਵਾਉਣਾ। ਇਸ ਮਕਸਦ ਲਈ ਬਹੁਤ ਹੀ ਖਤਰਨਾਕ ਤੇ ਜ਼ੋਖਮ ਭਰੇ ਰਸਤਿਆਂ ਅਤੇ ਢੰਗ-ਤਰੀਕਿਆਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਉਨ੍ਹਾਂ ਦੀ ਜ਼ੋਖਮ ਭਰੀ ਅਤੇ ਔਖੀ ਯਾਤਰਾ ਆਮ ਤੌਰ 'ਤੇ ਮਨੁੱਖੀ-ਤਸਕਰੀ ਸਿੰਡੀਕੇਟ ਰਾਹੀਂ ਪੂਰੀ ਕਰਵਾਈ ਜਾਂਦੀ ਹੈ।

ਐੱਨ.ਆਈ.ਏ. ਦੇ ਬਿਆਨ ਵਿਚ ਕਿਹਾ ਗਿਆ ਹੈ ਕਿ ਗੋਲਡੀ ਨੂੰ ਪੰਜਾਬ ਦੇ ਤਰਨ ਤਾਰਨ ਜ਼ਿਲ੍ਹੇ ਦੇ ਇੱਕ ਪੀੜਤ ਨੇ ਕਥਿਤ ਤੌਰ 'ਤੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਲਈ ਲਗਭਗ 45 ਲੱਖ ਰੁਪਏ ਦਾ ਭੁਗਤਾਨ ਕੀਤਾ ਸੀ। ਪੀੜਤ ਨੂੰ ਦਸੰਬਰ 2024 ਵਿਚ 'ਡੰਕੀ' ਰਸਤੇ ਅਮਰੀਕਾ ਭੇਜਿਆ ਗਿਆ ਸੀ। ਉਸਨੂੰ ਅਮਰੀਕੀ ਅਧਿਕਾਰੀਆਂ ਨੇ 15 ਫਰਵਰੀ ਨੂੰ ਭਾਰਤ ਡਿਪੋਰਟ ਕਰ ਦਿੱਤਾ ਸੀ ਅਤੇ ਇਸ ਤੋਂ ਬਾਅਦ ਉਸ ਨੇ "ਏਜੰਟ" ਵਿਰੁੱਧ ਸ਼ਿਕਾਇਤ ਦਰਜ ਕਰਵਾਈ ਸੀ। ਇਹ ਮਾਮਲਾ ਅਸਲ ਵਿਚ ਪੰਜਾਬ ਪੁਲਿਸ ਵੱਲੋਂ ਦਰਜ ਕੀਤਾ ਗਿਆ ਸੀ ਅਤੇ ਬਾਅਦ ਵਿਚ, 13 ਮਾਰਚ ਨੂੰ ਐੱਨ.ਆਈ.ਏ. ਨੇ ਇਸਨੂੰ ਆਪਣੇ ਹੱਥ ਵਿੱਚ ਲੈ ਲਿਆ। ਐੱਨ.ਆਈ.ਏ. ਜਾਂਚਾਂ ਤੋਂ ਪਤਾ ਲੱਗਿਆ ਹੈ ਕਿ ਗੋਲਡੀ, ਜਿਸ ਕੋਲ ਲੋਕਾਂ ਨੂੰ ਵਿਦੇਸ਼ ਭੇਜਣ ਲਈ ਕੋਈ ਲਾਇਸੈਂਸ ਜਾਂ ਕਾਨੂੰਨੀ ਪਰਮਿਟ ਜਾਂ ਰਜਿਸਟ੍ਰੇਸ਼ਨ ਨਹੀਂ ਸੀ, ਨੇ 'ਡੰਕੀ' ਰਸਤੇ ਦੀ ਵਰਤੋਂ ਕੀਤੀ ਸੀ ਅਤੇ ਪੀੜਤ ਨੂੰ ਸਪੇਨ, ਅਲ ਸਲਵਾਡੋਰ, ਗੁਆਟੇਮਾਲਾ ਅਤੇ ਮੈਕਸੀਕੋ ਆਦਿ ਰਾਹੀਂ ਅਮਰੀਕਾ ਭੇਜਿਆ ਸੀ।

# ਅਮਰੀਕਾ 'ਚ ਐਸਾਲਮ ਅਤੇ ਰਿਫਊਜ਼ੀਆਂ ਲਈ ਗਰੀਨ ਕਾਰਡ ਪ੍ਰੋਸੈਸਿੰਗ ਬੰਦ, ਹੁਣ ਨੇਪਾਲ ਜਾਣਾ ਵੀ ਔਖਾ: ਜਸਪ੍ਰੀਤ ਸਿੰਘ ਅਟਾਰਨੀ



**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**- ਅਮਰੀਕਾ ਦੇ ਉੱਘੇ ਅਟਾਰਨੀ (ਵਕੀਲ) ਜਸਪ੍ਰੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਿਹੜੇ ਲੋਕਾਂ ਨੇ ਗਰੀਨ ਕਾਰਡ ਅਪਲਾਈ ਕੀਤੇ ਹਨ ਅਤੇ ਰਿਫਊਜੀ ਸਟੇਟਸ ਜਾਂ ਪੋਲੀਟੀਕਲ ਅਸੈਲਮ ਕੀਤੀ ਹੈ, ਇਨ੍ਹਾਂ ਦੇ ਕੇਸਾਂ 'ਤੇ ਜਿਹੜੇ ਲੋਕਾਂ ਦੇ ਕੇਸ ਪਾਸ ਹੋਏ ਹਨ, ਉਹ ਭਾਵੇਂ ਗਰੀਨ ਕਾਰਡ ਅਪਲਾਈ ਕਰ ਸਕਦੇ ਹਨ। ਪਰ ਉਨ੍ਹਾਂ ਦੀ ਜਿਹੜੀ ਗਰੀਨ ਕਾਰਡ ਦੀ ਪ੍ਰੋਸੈਸਿੰਗ ਉੱਤੇ ਟਰੰਪ ਸਰਕਾਰ ਨੇ ਹੁਣ ਲੰਮੇ ਸਮੇਂ ਲਈ ਰੋਕ ਲਾ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਇਹ ਜਾਣਕਾਰੀ ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਉਰਿਟੀ ਵੱਲੋਂ ਜਾਰੀ ਕੀਤੀ ਗਈ ਹੈ, ਜਿਹੜੇ ਲੋਕ ਅਮਰੀਕਾ ਦੀ ਸਕਿਉਰਿਟੀ ਨੂੰ ਖਤਰਾ ਬਣੇ ਹਨ ਜਾਂ ਉਨ੍ਹਾਂ ਲੋਕਾਂ ਨੂੰ ਦੇਖਿਆ ਜਾਏਗਾ ਕਿ ਉਹ ਯੋਗ ਹੈ ਜਾਂ ਨਹੀਂ। ਅਟਾਰਨੀ ਨੇ ਇਹ ਵੀ ਦੱਸਿਆ ਕਿ ਫਿਲਹਾਲ ਜਿਹੜੇ ਲੋਕਾਂ ਦੀ ਹੁਣ ਅਸੈਲਮ ਦੇ ਕੇਸ ਪਾਸ ਹੋਣ ਤੋਂ ਬਾਅਦ ਗਰੀਨ ਕਾਰਡ ਅਪਲਾਈ ਕੀਤੇ ਹਨ, ਉਨ੍ਹਾਂ ਦੀ ਪ੍ਰੋਸੈਸਿੰਗ 'ਤੇ ਪੱਕੇ ਤੌਰ 'ਤੇ ਰੋਕ ਲਾ ਦਿੱਤੀ ਗਈ ਹੈ। ਇਸ ਤੋਂ ਇਲਾਵਾ ਜਸਪ੍ਰੀਤ ਸਿੰਘ ਅਟਾਰਨੀ ਨੇ ਇਹ ਵੀ ਦੱਸਿਆ ਕਿ ਜਿਹੜੇ-ਜਿਹੜੇ ਲੋਕਾਂ ਦੇ ਕੇਸ ਪਾਸ ਹੁੰਦੇ ਹਨ ਅਤੇ ਉਹ ਬਾਅਦ ਵਿਚ ਨੇਪਾਲ ਰਾਹੀਂ ਭਾਰਤ ਚਲੇ ਜਾਂਦੇ ਹਨ। ਹੁਣ ਉਨ੍ਹਾਂ ਦੀ ਵਾਪਸੀ ਵਿਚ ਵੀ ਮੁਸ਼ਕਲ ਆ ਗਈ ਹੈ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਦੇ ਕੁਝ ਕਲਾਇੰਟਾਂ ਦੀਆਂ ਫੋਨ ਕਾਲਾਂ ਵੀ ਉਨ੍ਹਾਂ ਨੂੰ ਆਈਆਂ ਹਨ, ਜਿਹੜੇ ਨੇਪਾਲ ਗਏ ਸੀ। ਉਨ੍ਹਾਂ ਨੇ ਅਮਰੀਕਾ ਵਾਪਸ ਆਉਣ ਦੀ ਕੋਸ਼ਿਸ਼ ਕੀਤੀ ਤੇ ਉਨ੍ਹਾਂ ਨੂੰ ਜਹਾਜ਼ ਵਿਚ ਚੜ੍ਹਨ ਨਹੀਂ ਦਿੱਤਾ ਗਿਆ।

# ਅਮਰੀਕਾ ਵੱਲੋਂ ਭਾਰਤ 'ਚ 2000 ਵੀਜ਼ਾ ਅਪੁਆਇੰਟਮੈਂਟ ਰੱਦ

**ਵਾਸ਼ਿੰਗਟਨ, (ਪੰਜਾਬ ਮੇਲ)**- ਭਾਰਤ ਵਿਚ ਅਮਰੀਕੀ ਦੂਤਘਰ ਨੇ 2,000 ਤੋਂ ਵੱਧ ਵੀਜ਼ਾ ਅਪੁਆਇੰਟਮੈਂਟਾਂ ਰੱਦ ਕਰ ਦਿੱਤੀਆਂ ਹਨ। ਅਜਿਹਾ ਕਰਨ ਦੇ ਪਿੱਛੇ ਧੋਖਾਧੜੀ ਵਾਲੀਆਂ ਗਤੀਵਿਧੀਆਂ ਦੱਸੀਆ ਜਾ ਰਹੀਆਂ ਹਨ। ਜਾਣਕਾਰੀ ਅਨੁਸਾਰ ਵੀਜ਼ਾ ਅਰਜ਼ੀ ਵਿਚ ਕੁਝ ਬੇਨਿਯਮੀਆਂ ਦੀਆਂ ਸ਼ਿਕਾਇਤਾਂ ਸਾਹਮਣੇ ਆਈਆਂ ਸਨ। ਇਸ ਤੋਂ ਬਾਅਦ ਇਹ ਫੈਸਲਾ ਲਿਆ ਗਿਆ ਹੈ। ਅਮਰੀਕਾ ਵੀਜ਼ਾ ਇੰਟਰਵਿਊ ਦੀਆਂ ਤਾਰੀਖ਼ਾਂ ਨੂੰ ਬਲਾਕ ਕਰਨ ਵਾਲੇ 'ਬੋਟਾਂ' 'ਤੇ ਕਾਰਵਾਈ ਕਰ ਰਿਹਾ ਹੈ। ਇਸ ਨਾਲ ਬਹੁਤ ਸਾਰੇ ਬਿਨੈਕਾਰਾਂ ਕੋਲ ਆਪਣੀ ਪ੍ਰਸਤਾਵਿਤ ਫੇਰੀ ਲਈ ਸਮੇਂ ਸਿਰ ਵੀਜ਼ਾ ਪ੍ਰਾਪਤ ਕਰਨ ਲਈ ਏਜੰਟਾਂ ਨੂੰ ਪ੍ਰਤੀ ਵਿਅਕਤੀ ਲਗਭਗ 30,000-35,000 ਰੁਪਏ ਦਾ ਭੁਗਤਾਨ ਕਰਨ ਤੋਂ ਇਲਾਵਾ ਕੋਈ ਚਾਰਾ ਨਹੀਂ ਰਹਿੰਦਾ।

ਅਮਰੀਕੀ ਦੂਤਘਰ ਨੇ ਸੂਚਿਤ ਕੀਤਾ ਹੈ ਕਿ ਕੁਝ ਲੋਕਾਂ ਦੁਆਰਾ ਮੁਲਾਕਾਤ ਸ਼ਡਿਊਲਿੰਗ ਪ੍ਰਣਾਲੀ ਦੀ ਉਲੰਘਣਾ ਕੀਤੀ ਗਈ ਸੀ। ਇਨ੍ਹਾਂ ਸਾਰਿਆਂ ਦੀ ਜਾਂਚ ਕੀਤੀ ਜਾ ਰਹੀ ਹੈ। ਅਮਰੀਕੀ ਦੂਤਘਰ ਨੇ ਐਕਸ 'ਤੇ ਪੋਸਟ ਕੀਤਾ ਕਿ ਕੌਂਸਲਰ ਟੀਮ ਇੰਡੀਆ 'ਬੋਟਾਂ' ਦੁਆਰਾ ਕੀਤੀਆਂ ਗਈਆਂ ਲਗਭਗ 2,000 ਵੀਜ਼ਾ ਅਪੁਆਇੰਟਮੈਂਟ ਨੂੰ ਰੱਦ ਕਰ ਰਹੀ ਹੈ। ਨੋਟਿਸ ਵਿਚ ਕਿਹਾ ਗਿਆ ਹੈ ਕਿ ਕੌਂਸਲਰ ਟੀਮ ਇੰਡੀਆ ਨੇ ਉਨ੍ਹਾਂ ਵਿਅਕਤੀਆਂ ਦੀ ਪਛਾਣ ਕੀਤੀ ਹੈ, ਜਿਨ੍ਹਾਂ ਨੇ ਸਾਡੀਆਂ ਸ਼ਡਿਊਲਿੰਗ ਨੀਤੀਆਂ ਦੀ ਉਲੰਘਣਾ ਕਰਦੇ ਹੋਏ ਲਗਭਗ 2,000 ਵੀਜ਼ਾ ਅਪੁਆਇੰਟਮੈਂਟਾਂ ਕੀਤੀਆਂ ਹਨ। ਤੁਰੰਤ ਪ੍ਰਭਾਵ ਨਾਲ ਅਸੀਂ ਇਨ੍ਹਾਂ ਮੁਲਾਕਾਤਾਂ ਨੂੰ ਰੱਦ ਕਰ ਰਹੇ ਹਾਂ ਅਤੇ ਸੰਬੰਧਿਤ ਖਾਤਿਆਂ ਲਈ ਸ਼ਡਿਊਲਿੰਗ ਵਿਸ਼ੇਸ਼ ਅਧਿਕਾਰਾਂ ਨੂੰ ਮੁਅੱਤਲ ਕਰ ਰਹੇ ਹਾਂ।

ਅਮਰੀਕੀ ਦੂਤਘਰ ਵੱਲੋਂ ਵੀਜ਼ਾ ਧੋਖਾਧੜੀ ਦੀ ਰਿਪੋਰਟ ਕੀਤੇ ਜਾਣ ਤੋਂ ਬਾਅਦ 27 ਫਰਵਰੀ ਨੂੰ ਦਿੱਲੀ ਪੁਲਿਸ ਨੇ ਕਈ ਵੀਜ਼ਾ ਅਤੇ ਪਾਸਪੋਰਟ ਏਜੰਟਾਂ ਵਿਰੁੱਧ ਕੇਸ ਦਰਜ ਕੀਤਾ। ਦੂਤਘਰ ਅਨੁਸਾਰ ਇਨ੍ਹਾਂ ਏਜੰਟਾਂ ਨੇ ਬਿਨੈਕਾਰਾਂ ਲਈ ਵੀਜ਼ਾ ਪ੍ਰਾਪਤ ਕਰਨ ਲਈ ਜਾਅਲੀ ਦਸਤਾਵੇਜ਼ ਪੇਸ਼ ਕਰਕੇ ਅਮਰੀਕੀ ਸਰਕਾਰ ਨੂੰ "ਧੋਖਾ" ਦਿੱਤਾ। ਰਿਪੋਰਟ ਅਨੁਸਾਰ ਪਿਛਲੇ ਸਾਲ ਮਈ ਅਤੇ ਅਗਸਤ ਵਿਚਕਾਰ ਦੂਤਘਰ ਨੇ ਇੱਕ ਅੰਦਰੂਨੀ ਜਾਂਚ ਕੀਤੀ ਅਤੇ ਕਈ ਆਈ.ਪੀ. ਪਤਿਆਂ ਨਾਲ ਜੁੜੇ 30 ਏਜੰਟਾਂ ਦੀ ਸੂਚੀ ਤਿਆਰ ਕੀਤੀ।

## ਅਮਰੀਕੀ ਚੋਣ ਪ੍ਰਣਾਲੀ 'ਚ ਬਦਲਾਅ ਲਿਆਉਣ ਲਈ ਟਰੰਪ ਵੱਲੋਂ ਕਾਰਜਕਾਰੀ ਹੁਕਮ ਜਾਰੀ

**ਨਿਊਯਾਰਕ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਮੁਲਕ ਦੀ ਚੋਣ ਪ੍ਰਣਾਲੀ ਵਿਚ ਬਦਲਾਅ ਲਿਆਉਣ ਲਈ ਜਾਰੀ ਕੀਤੇ ਗਏ ਇਕ ਕਾਰਜਕਾਰੀ ਹੁਕਮ 'ਚ ਭਾਰਤ ਤੇ ਬ੍ਰਾਜ਼ੀਲ ਦੀ ਮਿਸਾਲ ਦਿੰਦਿਆਂ ਕਿਹਾ ਕਿ ਦੋਵੇਂ ਮੁਲਕ ਵੋਟਰਾਂ ਦੀ ਪਛਾਣ ਨੂੰ ਬਾਇਓਮੀਟਰਿਕ ਡਾਟਾਬੇਸ ਨਾਲ ਜੋੜ ਰਹੇ ਹਨ, ਜਦਕਿ ਅਮਰੀਕਾ, ਨਾਗਰਿਕਤਾ ਲਈ ਸਵੈ-ਤਸਦੀਕ ਪ੍ਰਣਾਲੀ 'ਤੇ ਨਿਰਭਰ ਕਰਦਾ ਹੈ।

ਟਰੰਪ ਵੱਲੋਂ ਇਸ ਹੁਕਮ 'ਤੇ ਹਸਤਾਖ਼ਰ ਕੀਤੇ ਗਏ ਹਨ, ਜਿਸ 'ਚ ਕਿਹਾ ਗਿਆ ਹੈ ਕਿ ਸਵੈ-ਸ਼ਾਸਨ ਪ੍ਰਣਾਲੀ 'ਚ ਮੋਹਰੀ ਹੋਣ ਦੇ ਬਾਵਜੂਦ ਅਮਰੀਕਾ ਹੁਣ ਤੱਕ ਦੋਵਾਂ ਮੁਲਕਾਂ ਵੱਲੋਂ ਵਰਤੇ ਜਾਣ ਵਾਲੀ ਬੁਨਿਆਦੀ ਤੇ ਲੋੜੀਂਦੀ ਚੋਣ ਸੁਰੱਖਿਆ ਪ੍ਰਣਾਲੀ ਨੂੰ ਲਾਗੂ ਕਰਨ 'ਚ ਅਸਫ਼ਲ ਰਿਹਾ ਹੈ।

# ਅਮਰੀਕਾ ਦੀ ਈਰਾਨ ਨੂੰ ਪਰਮਾਣੂ ਸਮਝੌਤੇ 'ਤੇ ਸਹਿਮਤ ਨਾ ਹੋਣ 'ਤੇ ਬੰਬਾਰੀ ਦੀ ਧਮਕੀ

**ਵਾਸ਼ਿੰਗਟਨ, (ਪੰਜਾਬ ਮੇਲ)**- ਈਰਾਨ ਦੇ ਰਾਸ਼ਟਰਪਤੀ ਮਸੂਦ ਪੇਜੇਸਕੀਅਨ ਨੇ ਪ੍ਰਮਾਣੂ ਪ੍ਰੋਗਰਾਮ ਨੂੰ ਲੈ ਕੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਗੱਲਬਾਤ ਨੂੰ ਰੱਦ ਕਰ ਦਿੱਤਾ ਹੈ। ਇਸ ਤੋਂ ਬਾਅਦ ਡੋਨਾਲਡ ਟਰੰਪ ਈਰਾਨ 'ਤੇ ਨਾਰਾਜ਼ ਹਨ। ਅਮਰੀਕਾ ਨੇ ਧਮਕੀ ਦਿੱਤੀ ਹੈ ਕਿ ਜੇਕਰ ਈਰਾਨ ਪਰਮਾਣੂ ਸਮਝੌਤੇ 'ਤੇ ਸਹਿਮਤ ਨਹੀਂ ਹੁੰਦਾ, ਤਾਂ ਉਸ 'ਤੇ ਬੰਬਾਰੀ ਕੀਤੀ ਜਾਵੇਗੀ। ਇਸ ਦੇ ਨਾਲ ਹੀ ਉਸ 'ਤੇ ਸਖ਼ਤ ਆਰਥਿਕ ਪਾਬੰਦੀਆਂ ਵੀ ਲਗਾਈਆਂ ਜਾਣਗੀਆਂ। ਤੁਹਾਨੂੰ ਦੱਸ ਦੇਈਏ ਕਿ 2018 ਤੋਂ ਅਮਰੀਕਾ ਅਤੇ ਈਰਾਨ ਵਿਚਾਲੇ ਤਣਾਅ ਲਗਾਤਾਰ ਵਧਦਾ ਜਾ ਰਿਹਾ ਹੈ। ਗਾਜ਼ਾ ਵਿਚ ਇਜ਼ਰਾਈਲ-ਹਮਾਸ ਸੰਘਰਸ਼ ਦੌਰਾਨ ਈਰਾਨ ਸਮਰਥਿਤ ਸਮੂਹਾਂ ਦੇ ਨੇਤਾ ਵੀ ਹਮਲੇ ਦੇ ਘੇਰੇ ਵਿਚ ਆਏ ਸਨ। ਹੁਣ ਪਰਮਾਣੂ ਸਮਝੌਤੇ ਦੇ ਮੁੱਦੇ ਨੂੰ ਲੈ ਕੇ ਤਣਾਅ ਵਧ ਸਕਦਾ ਹੈ।

ਮਸੂਦ ਪੇਜ਼ੇਸਕੀਅਨ ਨੇ ਕਿਹਾ ਕਿ ਪ੍ਰਮਾਣੂ ਸਮਝੌਤੇ 'ਤੇ ਦੋਵਾਂ ਪੱਖਾਂ ਵਿਚਾਲੇ ਸਿੱਧੀ ਗੱਲਬਾਤ ਦੀ ਸੰਭਾਵਨਾ ਨੂੰ ਰੱਦ ਕਰ ਦਿੱਤਾ ਗਿਆ ਹੈ। ਨਾਲ ਹੀ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਹੈ ਕਿ ਅਸਿੱਧੇ ਤੌਰ 'ਤੇ ਗੱਲਬਾਤ ਕੀਤੀ ਜਾ ਸਕਦੀ ਹੈ। ਟਰੰਪ ਨੇ ਪੁਸ਼ਟੀ ਕੀਤੀ ਕਿ ਅਮਰੀਕੀ ਅਤੇ ਈਰਾਨੀ ਅਧਿਕਾਰੀ ਗੱਲਬਾਤ ਕਰ ਰਹੇ ਸਨ। ਉਨ੍ਹਾਂ ਨੇ ਇਸ ਬਾਰੇ ਜ਼ਿਆਦਾ ਜਾਣਕਾਰੀ ਨਹੀਂ ਦਿੱਤੀ ਹੈ।

**ਈਰਾਨ ਨੇ ਟਰੰਪ ਦੀ ਧਮਕੀ ਨੂੰ ਕੀਤਾ ਖਾਰਜ**

ਅਮਰੀਕੀ ਰਾਸ਼ਟਰਪਤੀ ਨੇ ਕਿਹਾ ਹੈ ਕਿ ਜੇਕਰ ਉਹ ਸਮਝੌਤਾ ਨਹੀਂ ਕਰਦੇ, ਤਾਂ ਬੰਬਾਰੀ ਕੀਤੀ ਜਾਵੇਗੀ। ਇਸ ਗੱਲ ਦੀ ਵੀ ਸੰਭਾਵਨਾ ਹੈ ਕਿ ਜੇਕਰ ਉਹ ਕੋਈ ਸੌਦਾ ਨਹੀਂ ਕਰਦੇ ਹਨ, ਤਾਂ ਮੈਂ ਉਨ੍ਹਾਂ 'ਤੇ ਡਬਲ ਟੈਰਿਫ ਲਗਾ ਦੇਵਾਂਗਾ। ਉਸ ਦੱਸਿਆ ਕਿ ਉਨ੍ਹਾਂ ਨੇ ਚਾਰ ਸਾਲ ਪਹਿਲਾਂ ਅਜਿਹਾ ਕੀਤਾ ਸੀ। ਤੁਹਾਨੂੰ ਦੱਸ ਦੇਈਏ ਕਿ ਆਪਣੇ ਪਹਿਲੇ ਪ੍ਰੋਗਰਾਮ ਵਿਚ ਡੋਨਾਲਡ ਟਰੰਪ ਨੇ 2015 ਦੇ ਈਰਾਨ ਪ੍ਰਮਾਣੂ ਸਮਝੌਤੇ ਤੋਂ ਅਮਰੀਕਾ ਨੂੰ ਦੂਰ ਕਰ ਲਿਆ ਸੀ। ਇਸ ਸਮਝੌਤੇ ਨੇ ਈਰਾਨ ਦੇ ਪਰਮਾਣੂ ਪ੍ਰੋਗਰਾਮ 'ਤੇ ਸਖ਼ਤ ਪਾਬੰਦੀਆਂ ਲਗਾਈਆਂ ਸਨ।

ਤਹਿਰਾਨ ਨੇ ਅਮਰੀਕੀ ਧਮਕੀਆਂ ਨੂੰ ਰੱਦ ਕਰ ਦਿੱਤਾ ਹੈ। ਵਿਦੇਸ਼ ਮੰਤਰੀ ਅੱਬਾਸ ਅਰਾਚੀ ਨੇ ਕਿਹਾ ਕਿ ਈਰਾਨ ਨੇ ਡੋਨਾਲਡ ਟਰੰਪ ਦੇ ਪੱਤਰ ਦਾ ਜਵਾਬ ਓਮਾਨ ਰਾਹੀਂ ਭੇਜਿਆ ਹੈ। ਇਸ ਚਿੱਠੀ 'ਚ ਟਰੰਪ ਨੇ ਈਰਾਨ ਨਾਲ ਨਵੇਂ ਪ੍ਰਮਾਣੂ ਸਮਝੌਤੇ ਦੀ ਅਪੀਲ ਕੀਤੀ ਹੈ। ਟਰੰਪ ਦੀ ਧਮਕੀ ਤੋਂ ਬਾਅਦ ਈਰਾਨ ਨਾਲ ਸਬੰਧਾਂ 'ਚ ਤਣਾਅ ਇਕ ਵਾਰ ਫਿਰ ਵਧਣ ਦੀ ਸੰਭਾਵਨਾ ਹੈ।

# ਅਮਰੀਕੀ ਤਕਨਾਲੋਜੀ ਸਪਲਾਈ ਕਰਨ ਦੇ ਦੋਸ਼ ਹੇਠ ਪਾਕਿਸਤਾਨੀ-ਕੈਨੇਡੀਅਨ ਗ੍ਰਿਫ਼ਤਾਰ

**ਨਿਊਯਾਰਕ, (ਪੰਜਾਬ ਮੇਲ)**- ਪਾਕਿਸਤਾਨੀ-ਕੈਨੇਡੀਅਨ ਨੂੰ ਅਮਰੀਕੀ ਨਿਰਯਾਤ ਕੰਟਰੋਲ ਕਾਨੂੰਨਾਂ ਦੀ ਉਲੰਘਣਾ ਕਰ ਕੇ ਲੱਖਾਂ ਡਾਲਰ ਦੀ ਅਮਰੀਕੀ ਤਕਨਾਲੋਜੀ ਨੂੰ ਪਾਕਿਸਤਾਨ ਦੇ ਫੌਜ ਅਤੇ ਹਥਿਆਰ ਪ੍ਰੋਗਰਾਮਾਂ ਨਾਲ ਜੁੜੇ ਸੰਗਠਨਾਂ ਨੂੰ ਪਹੁੰਚਾਉਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ। ਦੋਸ਼ੀ ਦੀ ਪਛਾਣ ਮੁਹੰਮਦ ਜਾਵੇਦ ਅਜ਼ੀਜ਼ (67) ਵਜੋਂ ਹੋਈ ਹੈ। ਉਸਨੂੰ 21 ਮਾਰਚ ਨੂੰ ਵਾਸ਼ਿੰਗਟਨ ਦੇ ਪੱਛਮੀ ਜ਼ਿਲ੍ਹੇ ਵਿਚ ਕੈਨੇਡਾ ਤੋਂ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਸਮੇਂ ਗ੍ਰਿਫਤਾਰ ਕੀਤਾ ਗਿਆ ਸੀ। ਉਸਨੂੰ ਮਿਨੀਸੋਟਾ ਜ਼ਿਲ੍ਹੇ ਵਿਚ ਤਬਦੀਲ ਹੋਣ ਤੱਕ ਹਿਰਾਸਤ ਵਿਚ ਰੱਖਿਆ ਗਿਆ ਹੈ।

ਅਜ਼ੀਜ਼ 'ਤੇ ਅੰਤਰਰਾਸ਼ਟਰੀ ਐਮਰਜੈਂਸੀ ਆਰਥਿਕ ਸ਼ਕਤੀ ਐਕਟ (ਆਈ.ਈ.ਈ.ਪੀ.ਏ.) ਅਤੇ ਨਿਰਯਾਤ ਨਿਯੰਤਰਣ ਸੁਧਾਰ ਐਕਟ ਦੀ ਉਲੰਘਣਾ ਕਰਨ ਦੀ ਸਾਜ਼ਿਸ਼ ਰਚਣ ਦਾ ਦੋਸ਼ ਹੈ। ਉਸ 'ਤੇ ਦੋਸ਼ ਲਗਾਇਆ ਗਿਆ ਹੈ ਕਿ 2003 ਤੋਂ ਮਾਰਚ 2019 ਦੇ ਆਸ-ਪਾਸ ਅਜ਼ੀਜ਼ ਨੇ ਕੈਨੇਡਾ ਸਥਿਤ ਆਪਣੀ ਕੰਪਨੀ, ਡਾਇਵਰਸੀਫਾਈਡ ਟੈਕਨਾਲੋਜੀ ਸਰਵਿਸਿਜ਼ ਰਾਹੀਂ ਇੱਕ ਗੈਰ-ਕਾਨੂੰਨੀ ਖਰੀਦ ਨੈੱਟਵਰਕ ਚਲਾਇਆ, ਜਿਸ ਦਾ ਉਦੇਸ਼ ਉਨ੍ਹਾਂ ਪਾਕਿਸਤਾਨੀ ਸੰਸਥਾਵਾਂ ਲਈ ਅਮਰੀਕੀ-ਮੂਲ ਦੀ ਸਮੱਗਰੀ ਪ੍ਰਾਪਤ ਕਰਨਾ ਸੀ, ਜੋ ਪ੍ਰਮਾਣੂ, ਮਿਜ਼ਾਈਲ ਅਤੇ ਮਾਨਵ ਰਹਿਤ ਹਵਾਈ ਵਾਹਨ (ਯੂ.ਏ.ਵੀ.) ਪ੍ਰੋਗਰਾਮਾਂ ਨਾਲ ਜੁੜੀਆਂ ਹਨ।


## Editorial Board

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit
Ishu Hallan
Vijay
Surbhi Sharma
Sanjeev Khanna



**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA



Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


EXPO
Furniture Gallery
We offer 0% interest financing and carry all major brands.
ਸੈਕਰਾਮੈਂਟੋ 'ਚ ਵਧੀਆ ਫਰਨੀਚਰ ਲੈਣ ਲਈ
ਸਾਡੀ ਲੋਕੇਸ਼ਨ 'ਤੇ ਇਕ ਵਾਰੀ ਜ਼ਰੂਰ ਆਓ
In business for over 30 years
New Year Special Sale
Best price guaranteed.
7310 HOME LEISURE PLAZA, SACRAMENTO, CA 95823
(916) 392-3233
www.expofurnituregallery.com

# ਅਮਰੀਕਾ-ਭਾਰਤ ਵਪਾਰਕ ਗੱਲਬਾਤ ਬਹੁਤ ਵਧੀਆ ਢੰਗ ਨਾਲ ਚੱਲਣ ਬਾਰੇ ਆਸ਼ਾਵਾਦੀ ਹਾਂ: ਟਰੰਪ

**ਨਿਊਯਾਰਕ/ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ "ਬਹੁਤ ਹੀ ਸਮਾਰਟ ਆਦਮੀ" ਅਤੇ "ਇੱਕ ਚੰਗਾ ਦੋਸਤ" ਦੱਸਿਆ ਹੈ। ਉਨ੍ਹਾਂ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਹੈ ਕਿ ਟੈਕਸ ਗੱਲਬਾਤ ਭਾਰਤ ਅਤੇ ਅਮਰੀਕਾ ਵਿਚਕਾਰ ਬਹੁਤ ਵਧੀਆ ਢੰਗ ਨਾਲ ਕੰਮ ਕਰੇਗੀ। ਇਹ ਟਿੱਪਣੀਆਂ ਮਹੱਤਵਪੂਰਨ ਮੰਨੀਆਂ ਜਾ ਜਾਰੀਆਂ ਹਨ, ਕਿਉਂਕਿ ਟਰੰਪ ਨੇ ਵਾਰ-ਵਾਰ ਭਾਰਤ ਅਤੇ ਹੋਰ ਦੇਸ਼ਾਂ ਵੱਲੋਂ ਅਮਰੀਕੀ ਸਾਮਾਨਾਂ 'ਤੇ ਲਗਾਏ ਗਏ ਉੱਚ ਟੈਕਸਾਂ ਦੀ ਆਲੋਚਨਾ ਕੀਤੀ ਹੈ। ਅਮਰੀਕੀ



ਰਾਸ਼ਟਰਪਤੀ ਨੇ ਸ਼ੁੱਕਰਵਾਰ ਨੂੰ ਵ੍ਹਾਈਟ ਹਾਊਸ ਵਿਚ ਕਿਹਾ, "ਪ੍ਰਧਾਨ ਮੰਤਰੀ ਮੋਦੀ ਹਾਲ ਹੀ ਵਿਚ ਇੱਥੇ ਆਏ ਸਨ ਅਤੇ ਅਸੀਂ ਹਮੇਸ਼ਾ ਬਹੁਤ ਚੰਗੇ ਦੋਸਤ ਰਹੇ ਹਾਂ।" ਟਰੰਪ ਨੇ ਕਿਹਾ, "ਭਾਰਤ ਦੁਨੀਆਂ ਦੇ ਸਭ ਤੋਂ ਵੱਧ ਟੈਕਸ ਲਗਾਉਣ ਵਾਲੇ ਦੇਸ਼ਾਂ ਵਿਚੋਂ ਇਕ ਹੈ, ਇਹ ਬੇਰਹਿਮੀ ਹੈ। ਉਹ (ਮੋਦੀ) ਇੱਕ ਬਹੁਤ ਹੀ ਸਿਆਣੇ ਆਦਮੀ ਹਨ ਅਤੇ ਮੇਰੇ ਇੱਕ ਚੰਗੇ ਦੋਸਤ ਹਨ। ਸਾਡੀਆਂ ਬਹੁਤ ਵਧੀਆ ਗੱਲਬਾਤਾਂ ਹੋਈਆਂ। ਮੈਨੂੰ ਲੱਗਦਾ ਹੈ ਕਿ ਇਹ ਭਾਰਤ ਅਤੇ ਸਾਡੇ ਦੇਸ਼ ਵਿਚਕਾਰ ਬਹੁਤ ਵਧੀਆ ਢੰਗ ਨਾਲ ਕੰਮ ਕਰਨ ਜਾ ਰਿਹਾ ਹੈ।" ਟਰੰਪ ਨੇ ਪਹਿਲਾਂ ਕਿਹਾ ਸੀ ਕਿ ਭਾਰਤ ਇਕ ਬਹੁਤ ਹੀ ਉੱਚ-ਟੈਕਸ ਵਾਲਾ ਦੇਸ਼ ਹੈ ਅਤੇ ਦੁਹਰਾਇਆ ਸੀ ਕਿ ਅਮਰੀਕੀ ਸਾਮਾਨਾਂ 'ਤੇ ਟੈਕਸ ਲਗਾਉਣ ਵਾਲੇ ਦੇਸ਼ਾਂ 'ਤੇ ਪਰਸਪਰ ਟੈਰਿਫ 2 ਅਪ੍ਰੈਲ ਤੋਂ ਸ਼ੁਰੂ ਹੋਣਗੇ।

# ਭਾਰਤ ਤੇ ਅਮਰੀਕਾ ਵੱਲੋਂ ਵਪਾਰ ਅੜਿੱਕੇ ਘਟਾਉਣ ਬਾਰੇ ਚਰਚਾ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵੱਲੋਂ ਭਾਰਤ 'ਤੇ 2 ਅਪ੍ਰੈਲ ਤੋਂ ਜਵਾਬੀ ਟੈਕਸ ਲਾਏ ਜਾਣ ਤੋਂ ਪਹਿਲਾਂ ਦੋਵੇਂ ਮੁਲਕਾਂ ਵਿਚਕਾਰ ਵਪਾਰ ਅੜਿੱਕਿਆਂ ਨੂੰ ਘਟਾਉਣ ਬਾਰੇ ਚਰਚਾ ਸ਼ੁਰੂ ਹੋ ਗਈ ਹੈ। ਭਾਰਤ ਦੇ ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਸ਼ੁੱਕਰਵਾਰ ਨੂੰ ਅਮਰੀਕੀ ਉਪ ਵਿਦੇਸ਼ ਮੰਤਰੀ ਕ੍ਰਿਸਟੋਫਰ ਲੈਂਡੌ ਨਾਲ ਫੋਨ 'ਤੇ ਗੱਲਬਾਤ ਕਰਕੇ ਦੁਵੱਲੇ ਵਪਾਰ ਸਬੰਧ ਸੁਖਾਵੇਂ ਬਣਾਈ ਰੱਖਣ 'ਤੇ ਜ਼ੋਰ ਦਿੱਤਾ। ਇਸ ਦੇ ਨਾਲ ਉਨ੍ਹਾਂ ਰੱਖਿਆ ਤੇ ਤਕਨਾਲੋਜੀ 'ਚ ਸਹਿਯੋਗ ਹੋਰ ਮਜ਼ਬੂਤ ਬਣਾਉਣ ਦਾ ਅਹਿਦ ਵੀ ਲਿਆ। ਅਮਰੀਕੀ ਵਿਦੇਸ਼ ਵਿਭਾਗ ਦੀ ਤਰਜਮਾਨ ਟੈਮੀ ਬਰੂਸ ਨੇ ਕਿਹਾ ਕਿ ਲੈਂਡੌ ਨੇ ਗ਼ੈਰਕਾਨੂੰਨੀ ਇਮੀਗ੍ਰੇਸ਼ਨ ਦਾ ਮਸਲਾ ਹੱਲ ਕਰਨ 'ਚ ਅਮਰੀਕਾ ਨੂੰ ਸਹਿਯੋਗ ਦੇਣ ਲਈ ਭਾਰਤ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਲੈਂਡੌ ਨੇ ਮਿਸਰੀ ਨੂੰ ਕਿਹਾ ਹੈ ਕਿ ਭਾਰਤ ਇਮੀਗ੍ਰੇਸ਼ਨ ਮੁੱਦੇ 'ਤੇ ਅਮਰੀਕਾ ਨੂੰ ਸਹਿਯੋਗ ਦੇਣਾ ਜਾਰੀ ਰੱਖੇ। ਟੈਮੀ ਨੇ ਕਿਹਾ, "ਦੋਹਾਂ ਨੇ ਹਿੰਦ ਪ੍ਰਸ਼ਾਂਤ ਖ਼ਿੱਤੇ 'ਚ ਸੁਰੱਖਿਆ ਅਤੇ ਖੁਸ਼ਹਾਲੀ ਨੂੰ ਉਤਸ਼ਾਹਿਤ ਕਰਨ ਬਾਰੇ ਵੀ ਚਰਚਾ ਕੀਤੀ।" ਮਿਸਰੀ ਨੇ ਲੈਂਡੌ ਨੂੰ ਅਮਰੀਕੀ ਸੈਨੇਟ ਤੋਂ ਪ੍ਰਵਾਨਗੀ ਮਿਲਣ 'ਤੇ ਉਨ੍ਹਾਂ ਨੂੰ ਵਧਾਈ ਦਿੰਦਿਆਂ ਭਾਰਤ ਆਉਣ ਦਾ ਵੀ ਸੱਦਾ ਦਿੱਤਾ। ਭਾਰਤੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਮਿਸਰੀ ਨੇ ਭਾਰਤ-ਅਮਰੀਕਾ ਰਣਨੀਤਕ ਹਿੱਤਾਂ 'ਚ ਵਧ ਰਹੇ ਸਹਿਯੋਗ ਅਤੇ ਭਾਰਤ-ਅਮਰੀਕਾ ਵਿਆਪਕ ਆਲਮੀ ਰਣਨੀਤਕ ਭਾਈਵਾਲੀ ਦੀ ਅਹਿਮੀਅਤ 'ਤੇ ਵੀ ਜ਼ੋਰ ਦਿੱਤਾ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਦੋਹਾਂ ਨੇ ਵਧ ਰਹੇ ਦੁਵੱਲੇ ਵਪਾਰ, ਰੱਖਿਆ ਤੇ ਤਕਨਾਲੋਜੀ ਸਹਿਯੋਗ ਅਤੇ ਪਰਵਾਸ ਨਾਲ ਸਬੰਧਤ ਮੁੱਦਿਆਂ 'ਤੇ ਵੀ ਗੱਲਬਾਤ ਕੀਤੀ। ਦੋਵੇਂ ਧਿਰਾਂ ਨੇ ਆਪਸੀ ਸਬੰਧਾਂ ਵਾਲੇ ਮਾਮਲਿਆਂ 'ਤੇ ਲਗਾਤਾਰ ਸੰਪਰਕ ਬਣਾ ਕੇ ਰੱਖਣ 'ਤੇ ਵੀ ਸਹਿਮਤੀ ਪ੍ਰਗਟਾਈ।

## ਟਰੰਪ ਵੱਲੋਂ ਹੁਣ ਵਾਹਨਾਂ ਦੀ ਦਰਾਮਦ 'ਤੇ 25 ਫ਼ੀਸਦੀ ਟੈਕਸ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਦਰਾਮਦ ਹੋਣ ਵਾਲੇ ਵਾਹਨਾਂ 'ਤੇ 25 ਫ਼ੀਸਦੀ ਟੈਕਸ ਲਗਾਉਣ ਦਾ ਐਲਾਨ ਕੀਤਾ ਹੈ। ਵ੍ਹਾਈਟ ਹਾਊਸ ਦਾ ਦਾਅਵਾ ਹੈ ਕਿ ਇਸ ਕਦਮ ਨਾਲ ਘਰੇਲੂ ਮੈਨੂਫੈਕਚਰਿੰਗ ਨੂੰ ਹੱਲਾਸ਼ੇਰੀ ਮਿਲੇਗੀ ਪਰ ਆਲਮੀ ਸਪਲਾਈ ਚੇਨਾਂ 'ਤੇ ਨਿਰਭਰ ਵਾਹਨ ਨਿਰਮਾਤਾਵਾਂ 'ਤੇ ਵਿੱਤੀ ਦਬਾਅ ਪੈ ਸਕਦਾ ਹੈ। ਰਾਸ਼ਟਰਪਤੀ ਨੇ ਹੁਕਮਾਂ 'ਤੇ ਦਸਤਖ਼ਤ ਕਰਦਿਆਂ ਕਿਹਾ ਕਿ ਵਾਹਨਾਂ 'ਤੇ ਟੈਕਸ ਤਿੰਨ ਅਪ੍ਰੈਲ ਤੋਂ ਵਸੂਲਿਆ ਜਾਵੇਗਾ। ਟਰੰਪ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, "ਇਸ ਨਾਲ ਵਿਕਾਸ ਦਰ ਵਧੇਗੀ। ਅਸੀਂ ਅਸਰਦਾਰ ਢੰਗ ਨਾਲ 25 ਫ਼ੀਸਦੀ ਟੈਕਸ ਲਾਵਾਂਗੇ।" ਵ੍ਹਾਈਟ ਹਾਊਸ ਨੂੰ ਆਸ ਹੈ ਕਿ ਦਰਾਮਦ ਹੋਣ ਵਾਲੇ ਵਾਹਨਾਂ 'ਤੇ ਟੈਕਸਾਂ ਨਾਲ ਸਾਲਾਨਾ 100 ਅਰਬ ਡਾਲਰ ਦਾ ਮਾਲੀਆ ਮਿਲੇਗਾ। ਉਂਜ ਇਹ ਸੁਖਾਲਾ ਨਹੀਂ ਹੋਵੇਗਾ ਕਿਉਂਕਿ ਅਮਰੀਕੀ ਵਾਹਨ ਨਿਰਮਾਤਾ ਵੀ ਕਈ ਕਲਪੁਰਜ਼ੇ ਅਤੇ ਹੋਰ ਸਾਜ਼ੋ-ਸਾਮਾਨ ਦੁਨੀਆਂ ਭਰ ਤੋਂ ਖ਼ਰੀਦਦੇ ਹਨ। ਅਪ੍ਰੈਲ ਤੋਂ ਟੈਕਸਾਂ 'ਚ ਵਾਧੇ ਦਾ ਮਤਲਬ ਹੈ ਕਿ ਵਾਹਨ ਨਿਰਮਾਤਾਵਾਂ ਨੂੰ ਵਧੇਰੇ ਲਾਗਤ ਅਤੇ ਘੱਟ ਵਿਕਰੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਂਜ ਟਰੰਪ ਨੇ ਦਲੀਲ ਦਿੱਤੀ ਹੈ ਕਿ ਟੈਕਸ ਕਾਰਨ ਅਮਰੀਕਾ 'ਚ ਹੋਰ ਵਧ ਫੈਕਟਰੀਆਂ ਖੁੱਲ੍ਹਣਗੀਆਂ ਅਤੇ ਉਹ 'ਬੇਕਾਰ' ਸਪਲਾਈ ਚੇਨਾਂ ਖ਼ਤਮ ਹੋ ਜਾਣਗੀਆਂ, ਜਿਨ੍ਹਾਂ ਰਾਹੀਂ ਅਮਰੀਕਾ, ਕੈਨੇਡਾ ਅਤੇ ਮੈਕਸਿਕੋ 'ਚ ਕਲਪੁਰਜ਼ਿਆਂ ਅਤੇ ਵਾਹਨਾਂ ਦਾ ਨਿਰਮਾਣ ਕੀਤਾ ਜਾਂਦਾ ਹੈ।

# ਰੂਸ ਤੇ ਯੂਕਰੇਨ ਵੱਲੋਂ ਜੰਗਬੰਦੀ ਸਮਝੌਤਾ ਨਾ ਕੀਤੇ ਜਾਣ 'ਤੇ ਟਰੰਪ ਵੱਲੋਂ ਨਾਰਾਜ਼ਗੀ ਜ਼ਾਹਿਰ

■ ਰੂਸ 'ਤੇ ਹੋਰ ਸਖ਼ਤ ਪਾਬੰਦੀਆਂ ਲਗਾਉਣ ਦੀ ਦਿੱਤੀ ਚਿਤਾਵਨੀ

**ਵਾਸ਼ਿੰਗਟਨ, (ਪੰਜਾਬ ਮੇਲ)-** ਰੂਸ ਅਤੇ ਯੂਕਰੇਨ ਵਿਚਕਾਰ ਜੰਗਬੰਦੀ ਨੂੰ ਲੈ ਕੇ ਕਿਸੇ ਸਹਿਮਤੀ 'ਤੇ ਨਾ ਪਹੁੰਚਣ ਕਾਰਨ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਐਤਵਾਰ ਨੂੰ ਨਿਰਾਸ਼ਾ ਪ੍ਰਗਟ ਕਰਦਿਆਂ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਅਤੇ ਯੂਕਰੇਨੀ ਹਮਰੁਤਬਾ ਵੋਲੋਦੀਮੀਰ ਜ਼ੇਲੈਂਸਕੀ ਦੇ ਰਵੱਈਏ ਨੂੰ ਲੈ ਕੇ ਉਨ੍ਹਾਂ 'ਤੇ ਨਿਸ਼ਾਨਾ ਸੇਧਿਆ। ਟਰੰਪ ਨੇ ਪੱਤਰਕਾਰਾਂ ਨੂੰ ਕਿਹਾ ਕਿ ਉਹ ਜੰਗਬੰਦੀ ਸਮਝੌਤੇ ਵੱਲ ਅਗਾਂਹ ਵਧ ਰਹੇ ਹਨ ਪਰ ਦੋਵੇਂ ਆਗੂਆਂ ਵਿਚਕਾਰ ਬਹੁਤ ਜ਼ਿਆਦਾ ਨਫ਼ਰਤ ਹੈ। ਇਹ ਇਕ ਨਵਾਂ ਸੰਕੇਤ ਹੈ ਕਿ ਵਾਰਤਾ ਰਾਹੀਂ ਟਰੰਪ ਫੌਰੀ ਮਸਲੇ ਦਾ ਨਿਬੇੜਾ ਨਹੀਂ ਕਰ ਸਕਦੇ ਹਨ, ਜਿਸ ਦਾ ਉਨ੍ਹਾਂ ਆਪਣੇ ਚੋਣ ਪ੍ਰਚਾਰ ਦੌਰਾਨ ਵਾਅਦਾ ਕੀਤਾ ਸੀ। ਟਰੰਪ ਨੇ ਫਲੋਰਿਡਾ 'ਚ ਆਪਣੇ ਨਿੱਜੀ ਕਲੱਬ ਮਾਰ-ਏ-ਲਾਗੋ 'ਚ ਇਕ ਇੰਟਰਵਿਊ ਦੌਰਾਨ ਕਿਹਾ ਕਿ ਉਹ ਜ਼ੇਲੈਂਸਕੀ ਦੀ ਭਰੋਸੇਯੋਗਤਾ 'ਤੇ ਪੂਤਿਨ ਵੱਲੋਂ ਸਵਾਲ ਚੁੱਕੇ ਜਾਣ ਤੋਂ ਨਾਰਾਜ਼ ਹਨ। ਉਨ੍ਹਾਂ ਕਿਹਾ ਕਿ ਉਹ ਰੂਸ 'ਤੇ ਨਵੀਆਂ ਪਾਬੰਦੀਆਂ ਲਗਾਉਣ ਬਾਰੇ ਵਿਚਾਰ ਕਰਨਗੇ। ਅਜਿਹਾ ਬਹੁਤ ਹੀ ਘੱਟ ਦੇਖਣ ਨੂੰ ਮਿਲਦਾ ਹੈ, ਜਦੋਂ ਟਰੰਪ, ਪੂਤਿਨ ਦੀ ਆਲੋਚਨਾ ਕਰਦੇ ਹਨ ਅਤੇ ਉਨ੍ਹਾਂ ਪਹਿਲਾਂ ਖੁਦ ਹੀ ਜ਼ੇਲੈਂਸਕੀ ਦੀ ਭਰੋਸੇਯੋਗਤਾ 'ਤੇ ਸਵਾਲ ਚੁੱਕੇ ਸਨ। ਉਂਜ ਉਨ੍ਹਾਂ ਪੂਤਿਨ ਪ੍ਰਤੀ ਨਾਰਾਜ਼ਗੀ ਜ਼ਾਹਿਰ ਕੀਤੀ ਪਰ ਸੁਰ ਨਰਮ ਹੀ ਰੱਖੇ।

## ਨਾਟੋ ਮੈਂਬਰ ਨਹੀਂ ਬਣ ਸਕੇਗਾ ਯੂਕਰੇਨ: ਟਰੰਪ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਉਨ੍ਹਾਂ ਦੇ ਯੂਕਰੇਨੀ ਹਮਰੁਤਬਾ ਵੋਲੋਦੀਮੀਰ ਜ਼ੇਲੈਂਸਕੀ ਬਿਹਤਰ ਸੁਰੱਖਿਆ ਗਾਰੰਟੀਆਂ ਲਈ ਸੌਦੇ ਬਾਰੇ ਮੁੜ ਤੋਂ ਗੱਲਬਾਤ ਕਰਨਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਜ਼ੇਲੈਂਸਕੀ ਯੂਕਰੇਨ ਨੂੰ ਨਾਟੋ ਦਾ ਮੈਂਬਰ ਬਣਾਉਣਾ ਚਾਹੁੰਦਾ ਹੈ ਪਰ ਉਹ ਕਦੇ ਵੀ ਇਸ ਦਾ ਮੈਂਬਰ ਨਹੀਂ ਬਣ ਸਕੇਗਾ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

Global Allianz

LAW FIRM LLP

ਕਾਨੂੰਨੀ ਸਲਾਹਾਂ

■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ 'ਤੇ ਸੱਟ ਲਗਣਾ

Asylum & Deportation Defense



Atul Kapoor
C.E.O



Neat Allen Sawyer
Attorney at law

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

Designed By Punjab Mail USA

# ਐੱਚ-1ਬੀ ਵੀਜ਼ਾ ਸੀਜ਼ਨ ਸ਼ੁਰੂ: 2025 ਵਿਚ ਇੱਕ ਹੋਰ ਵੱਡਾ ਟੀਚਾ ਖੁੰਝੇਗਾ

**ਵਾਸ਼ਿੰਗਟਨ, (ਪੰਜਾਬ ਮੇਲ)**- ਜਦੋਂ ਤੋਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਜਨਵਰੀ 2025 ਵਿਚ ਅਹੁਦਾ ਸੰਭਾਲਿਆ ਹੈ, ਵੀਜ਼ਾ ਸਟੈਂਪਿੰਗ ਡ੍ਰੌਪਬਾਕਸ ਨਿਯਮਾਂ ਵਿਚ ਦੋ ਅਣਐਲਾਨੀਆਂ ਪਰ ਮਹੱਤਵਪੂਰਨ ਤਬਦੀਲੀਆਂ ਨੇ ਸੰਯੁਕਤ ਰਾਜ ਅਮਰੀਕਾ ਵਿਚ ਰਹਿਣ ਵਾਲੇ ਗੈਰ-ਪ੍ਰਵਾਸੀ ਵਿਅਕਤੀਆਂ ਅਤੇ ਭਾਰਤੀ ਮੂਲ ਦੇ ਪਰਿਵਾਰਾਂ ਨੂੰ ਪ੍ਰਭਾਵਿਤ ਕੀਤਾ ਹੈ।




11-12 ਫਰਵਰੀ, 2025 ਦੇ ਆਸ-ਪਾਸ, ਵੀਜ਼ਾ ਦੇ ਉਸੇ ਵਰਗੀਕਰਨ ਲਈ ਡ੍ਰੌਪਬਾਕਸ ਲਈ ਯੋਗਤਾ ਨੂੰ ਉਨ੍ਹਾਂ ਵੀਜ਼ਿਆਂ ਤੋਂ ਬਦਲ ਕੇ 12 ਮਹੀਨਿਆਂ ਤੋਂ ਘੱਟ ਕਰ ਦਿੱਤਾ ਗਿਆ ਸੀ, ਜੋ ਪਿਛਲੇ 48 ਮਹੀਨਿਆਂ ਵਿਚ ਖਤਮ ਹੋ ਗਏ ਸਨ। ਬਹੁਤ ਸਾਰੇ ਡ੍ਰੌਪਬਾਕਸ ਦਾ ਲਾਭ ਲੈਣ ਤੋਂ ਅਯੋਗ ਹੋ ਗਏ ਸਨ ਅਤੇ ਹੁਣ ਉਨ੍ਹਾਂ ਨੂੰ ਇੱਕ ਜ਼ਿਆਦਾ ਸਮਾਂ ਲੈਣ ਵਾਲੀ ਅਤੇ ਬੋਝਲ ਵਿਅਕਤੀਗਤ ਇੰਟਰਵਿਊ ਪ੍ਰਕਿਰਿਆ ਦਾ ਸਹਾਰਾ ਲੈਣਾ ਪੈਂਦਾ ਹੈ, ਜਿਸ ਲਈ ਸ਼ਾਇਦ ਹੀ ਕੋਈ ਮੁਲਾਕਾਤ ਸਲਾਟ ਉਪਲਬਧ ਹੈ।

16-17 ਫਰਵਰੀ, 2025 ਦੇ ਆਸ-ਪਾਸ, ਡ੍ਰੌਪਬਾਕਸ ਵਿਕਲਪ ਲਈ ਯੋਗਤਾ ਰਾਤੋ-ਰਾਤ ਉਸੇ ਸ਼੍ਰੇਣੀ ਦੇ ਵੀਜ਼ਾ ਵਾਲੇ ਲੋਕਾਂ ਤੱਕ ਸੀਮਤ ਕਰ ਦਿੱਤੀ ਗਈ ਸੀ, ਜਿਸ ਨੇ ਉਨ੍ਹਾਂ ਲੋਕਾਂ ਨੂੰ ਪ੍ਰਭਾਵਿਤ ਕੀਤਾ। ਜਿਨ੍ਹਾਂ ਨੇ ਵਿਦਿਆਰਥੀਆਂ ਵਿਚ ਮੌਜੂਦਾ ਐੱਫ 1 ਵੀਜ਼ਾ ਸਥਿਤੀ ਤੋਂ ਆਪਣੇ ਨਵੇਂ ਐੱਚ-1ਬੀ ਵੀਜ਼ਾ ਸਟੈਂਪਿੰਗ ਲਈ ਡ੍ਰੌਪਬਾਕਸ ਪ੍ਰਾਪਤ ਕੀਤਾ ਸੀ। ਇਸ ਬਦਲਾਅ ਨਾਲ ਉਨ੍ਹਾਂ ਲੋਕਾਂ ਲਈ ਵਿਅਕਤੀਗਤ ਵੀਜ਼ਾ ਇੰਟਰਵਿਊ ਲਾਜ਼ਮੀ ਹੋ ਜਾਂਦੀ ਹੈ, ਜੋ ਪਹਿਲਾਂ ਇਸ ਘੋਸ਼ਣਾ ਦੇ ਦਿਨ ਤੱਕ ਡ੍ਰੌਪਬਾਕਸ ਲਈ ਯੋਗ ਸਨ।

ਇਹ ਐੱਚ-1ਬੀ ਵੀਜ਼ਾ ਵਾਲੇ ਪਰਿਵਾਰਾਂ ਲਈ ਭਾਰਤ ਆਉਣਾ ਅਤੇ ਜਾਣਾ ਹੋਰ ਵੀ ਮੁਸ਼ਕਲ ਬਣਾ ਦਿੰਦਾ ਹੈ। ਇੱਕ ਹੋਰ ਮਹੱਤਵਪੂਰਨ ਕਦਮ 30 ਜਨਵਰੀ, 2025 ਨੂੰ ਅਮਰੀਕੀ ਕਾਂਗਰਸ ਵਿਚ ਸੈਨੇਟਰ ਜੌਨ ਕੈਨੇਡੀ (ਆਰ-ਐੱਲ.ਏ.) ਅਤੇ ਸੈਨੇਟਰ ਰਿਕ ਸਕਾਟ (ਆਰ-ਐੱਫ.ਐੱਲ.) ਦੁਆਰਾ ਪੇਸ਼ ਕੀਤਾ ਗਿਆ ਮਤਾ ਹੈ, ਜੋ ਉਸ ਸਮੇਂ ਦੇ ਬਾਇਡਨ ਪ੍ਰਸ਼ਾਸਨ ਦੁਆਰਾ ਪ੍ਰਦਾਨ ਕੀਤੀ ਗਈ ਕੋਵਿਡ-ਯੁੱਗ ਰਾਹਤ ਨੂੰ "ਉਲਟ" ਕਰਨ ਲਈ ਸੀ, ਜਿਸ ਨੇ ਰੁਜ਼ਗਾਰ ਅਧਿਕਾਰ ਦਸਤਾਵੇਜ਼ ਦੀ ਆਟੋਮੈਟਿਕ ਐਕਸਟੈਂਸ਼ਨ ਮਿਆਦ ਨੂੰ 180 ਤੋਂ ਵਧਾ ਕੇ 540 ਦਿਨ ਕਰ ਦਿੱਤਾ ਸੀ। ਇਸ ਨਾਲ ਐੱਚ-1ਬੀ ਵੀਜ਼ਾ ਧਾਰਕਾਂ ਦੇ ਜੀਵਨ ਸਾਥੀਆਂ ਦੀ ਮਦਦ ਹੋਈ ਜਿਨ੍ਹਾਂ ਨੇ ਐੱਚ4ਈ.ਏ.ਡੀ. ਦਾ ਲਾਭ ਉਠਾਇਆ ਸੀ, ਪਰ ਉਪਰੋਕਤ ਸੈਨੇਟਰਾਂ ਦੁਆਰਾ ਕਾਂਗਰਸ ਸਮੀਖਿਆ ਐਕਟ ਦੇ ਤਹਿਤ ਅਸਵੀਕਾਰ ਦੀ ਮੰਗ ਕਰਨ ਨਾਲ ਆਟੋ ਐਕਸਟੈਂਸ਼ਨ ਮਿਆਦ ਨਵੀਨਤਮ ਅਤੇ 18 ਮਹੀਨਿਆਂ ਤੋਂ ਵਾਪਸ ਅਸਲ ਛੇ ਮਹੀਨਿਆਂ ਤੱਕ ਹੋ ਜਾਵੇਗੀ। ਇਸ ਮਤੇ ਦਾ ਪ੍ਰਭਾਵ, ਜੇਕਰ ਪਾਸ ਹੋ ਜਾਂਦਾ ਹੈ, ਤਾਂ ਈ.ਏ.ਡੀ. ਨਵੀਨੀਕਰਨ ਪ੍ਰਵਾਨਗੀਆਂ ਹਨ; ਜੇਕਰ ਉਹ ਪਿਛਲੀ ਈ.ਏ.ਡੀ. ਦੀ ਮਿਆਦ ਪੁੱਗਣ ਤੋਂ ਬਾਅਦ ਛੇ ਮਹੀਨਿਆਂ ਦੀ ਮਿਆਦ ਦੇ ਅੰਤ ਤੱਕ ਜਾਂ ਇਸ ਤੋਂ ਪਹਿਲਾਂ ਨਹੀਂ ਪਹੁੰਚਦੇ, ਤਾਂ ਐੱਚ4ਈ.ਏ.ਡੀ. ਧਾਰਕਾਂ ਨੂੰ ਰੁਜ਼ਗਾਰ ਦੀ ਗੈਰ-ਕਾਨੂੰਨੀ ਮਿਆਦ ਤੋਂ ਬਚਣ ਲਈ ਤਨਖਾਹ ਵਾਲੀ ਨੌਕਰੀ 'ਤੇ ਹੋਣ ਤੋਂ ਬਚਣਾ ਚਾਹੀਦਾ ਹੈ। ਇਹ ਇੱਕ ਵਿਨਾਸ਼ਕਾਰੀ ਸਥਿਤੀ ਹੈ, ਜਿਸਦਾ ਸਾਹਮਣਾ 2016 ਤੋਂ ਬਹੁਤ ਸਾਰੇ ਐੱਚ4ਈ.ਏ.ਡੀ. ਧਾਰਕਾਂ ਨੇ ਕੀਤਾ ਹੈ, ਜਿਸ ਕਾਰਨ ਯੂ.ਐੱਸ.ਆਈ.ਸੀ. ਅਜੇ ਵੀ ਈ.ਏ.ਡੀ. ਦੇ ਨਵੀਨੀਕਰਨ ਦੀ ਸਮੀਖਿਆ ਅਤੇ ਫੈਸਲਾ ਕਰਨ ਲਈ ਕਾਗਜ਼-ਅਧਾਰਤ ਪ੍ਰਕਿਰਿਆ ਨੂੰ ਅਪਣਾਉਂਦਾ ਹੈ।

ਜਦੋਂ ਕਿ ਰਾਸ਼ਟਰਪਤੀ ਟਰੰਪ ਦੇ ਅਧੀਨ ਅਮਰੀਕੀ ਸੰਘੀ ਪ੍ਰਸ਼ਾਸਨ ਵਿੱਚ ਧੋਖਾਧੜੀ, ਬਰਬਾਦੀ ਅਤੇ ਦੁਰਵਰਤੋਂ 'ਤੇ ਬਹੁਤ ਕਾਰਵਾਈ ਕੀਤੀ ਗਈ ਹੈ, ਐੱਚ-1ਬੀ ਵੀਜ਼ਾ ਸੀਜ਼ਨ ਮਾਰਚ 2025 ਵਿਚ ਸ਼ੁਰੂ ਹੁੰਦਾ ਹੈ, ਇਸ ਬਾਰੇ ਕੋਈ ਵੱਡੀ ਖ਼ਬਰ ਜਾਂ ਐਲਾਨ ਨਹੀਂ ਹੁੰਦਾ ਕਿ ਐੱਚ-1ਬੀ ਵੀਜ਼ਾ ਪ੍ਰੋਗਰਾਮ ਦੇ ਬਹੁਤ ਵਿਵਾਦਪੂਰਨ ਵਿਸ਼ੇ ਨੂੰ ਕਿਵੇਂ ਸੁਧਾਰਿਆ ਜਾਵੇਗਾ ਜਾਂ ਵੀਜ਼ਾ ਧਾਰਕਾਂ ਦੀ ਦੁਰਦਸ਼ਾ ਨੂੰ ਭਵਿੱਖ ਵਿਚ ਕਿਵੇਂ ਸੰਬੋਧਿਤ ਕੀਤਾ ਜਾਵੇਗਾ, ਸਿਵਾਏ ਇਸ ਦੇ ਕਿ ਲਾਟਰੀ ਲਈ ਰਜਿਸਟ੍ਰੇਸ਼ਨ ਫੀਸ ਪ੍ਰਤੀ ਸਬਮਿਸ਼ਨ $10 ਤੋਂ ਵਧਾ ਕੇ $215 ਕਰ ਦਿੱਤੀ ਗਈ ਹੈ। ਉਨ੍ਹਾਂ ਲਈ ਕੋਈ ਰਿਫੰਡ ਨਹੀਂ ਹੈ, ਜਿਨ੍ਹਾਂ ਦੀ ਲਾਟਰੀ ਵਿੱਚ ਕਿਸਮਤ ਨਹੀਂ ਚੱਲਦੀ।

# ਆਦਮਪੁਰ ਤੋਂ ਮੁੰਬਈ ਲਈ ਸਿੱਧੀ ਉਡਾਣ 5 ਜੂਨ ਤੋਂ ਹੋਵੇਗੀ ਸ਼ੁਰੂ

**ਜਲੰਧਰ, (ਪੰਜਾਬ ਮੇਲ)**- ਜਲੰਧਰ ਦੇ ਆਦਮਪੁਰ ਹਵਾਈ ਅੱਡੇ ਤੋਂ ਮੁੰਬਈ ਲਈ ਸਿੱਧੀ ਉਡਾਣ ਸੇਵਾ 5 ਜੂਨ ਤੋਂ ਸ਼ੁਰੂ ਹੋਣ ਜਾ ਰਹੀ ਹੈ। ਇਸ ਰੂਟ 'ਤੇ ਇੰਡੀਗੋ ਏਅਰਲਾਈਨਜ਼ ਦੇ ਜਹਾਜ਼ ਚੱਲਣਗੇ, ਜਿਸ ਨਾਲ ਦੋਆਬਾ ਖੇਤਰ ਦੇ ਯਾਤਰੀਆਂ ਨੂੰ ਵੱਡੀ ਸਹੂਲਤ ਮਿਲੇਗੀ।

ਉਡਾਣ ਮੁੰਬਈ ਤੋਂ ਦੁਪਹਿਰ 2:30 ਵਜੇ ਉਡਾਣ ਭਰੇਗੀ ਅਤੇ ਸ਼ਾਮ 4:25 ਵਜੇ ਆਦਮਪੁਰ ਪਹੁੰਚੇਗੀ। ਵਾਪਸੀ 'ਤੇ ਇਹ ਫਲਾਈਟ ਸ਼ਾਮ 5 ਵਜੇ ਆਦਮਪੁਰ ਤੋਂ ਰਵਾਨਾ ਹੋਵੇਗੀ ਅਤੇ ਕਰੀਬ ਦੋ ਘੰਟੇ ਬਾਅਦ ਮੁੰਬਈ 'ਚ ਉਤਰੇਗੀ।

ਇਸ ਸੇਵਾ ਦੇ ਸ਼ੁਰੂ ਹੋਣ ਨਾਲ ਸੈਰ-ਸਪਾਟੇ ਨਾਲ ਜੁੜੇ ਕਾਰੋਬਾਰੀਆਂ, ਵਿਦਿਆਰਥੀਆਂ ਅਤੇ ਸੈਲਾਨੀਆਂ ਨੂੰ ਫਾਇਦਾ ਹੋਵੇਗਾ। ਹੁਣ ਉਨ੍ਹਾਂ ਨੂੰ ਦਿੱਲੀ ਜਾਂ ਹੋਰ ਹਵਾਈ ਅੱਡਿਆਂ ਤੋਂ ਕਨੈਕਟਿੰਗ ਫਲਾਈਟ ਲੈਣ ਦੀ ਲੋੜ ਨਹੀਂ ਪਵੇਗੀ। ਇਸ ਤੋਂ ਪਹਿਲਾਂ 2019 ਵਿਚ ਵੀ ਆਦਮਪੁਰ ਤੋਂ ਮੁੰਬਈ ਲਈ ਸਿੱਧੀ ਉਡਾਣ ਸੇਵਾ ਸ਼ੁਰੂ ਕੀਤੀ ਗਈ ਸੀ, ਪਰ ਕੋਵਿਡ-19 ਮਹਾਮਾਰੀ ਕਾਰਨ ਇਸ ਨੂੰ ਰੋਕ ਦਿੱਤਾ ਗਿਆ ਸੀ। ਹੁਣ ਯਾਤਰੀਆਂ ਦੀ ਵਧਦੀ ਮੰਗ ਦੇ ਮੱਦੇਨਜ਼ਰ ਇਸ ਨੂੰ ਦੁਬਾਰਾ ਸ਼ੁਰੂ ਕੀਤਾ ਜਾ ਰਿਹਾ ਹੈ।

ਇੰਡੀਗੋ ਏਅਰਲਾਈਨਜ਼ ਜਲਦੀ ਹੀ ਆਪਣੀ ਅਧਿਕਾਰਤ ਵੈੱਬਸਾਈਟ ਅਤੇ ਹੋਰ ਪਲੇਟਫਾਰਮਾਂ 'ਤੇ ਟਿਕਟ ਬੁਕਿੰਗ ਸ਼ੁਰੂ ਕਰੇਗੀ। ਯਾਤਰੀਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੀ ਯਾਤਰਾ ਦੀ ਪਹਿਲਾਂ ਤੋਂ ਯੋਜਨਾ ਬਣਾ ਲੈਣ ਅਤੇ ਬੁਕਿੰਗ ਖੁੱਲ੍ਹਦੇ ਹੀ ਟਿਕਟਾਂ ਰਿਜ਼ਰਵ ਕਰਵਾ ਲੈਣ।

# ਪੰਜਾਬ ਸਰਕਾਰ ਵੱਲੋਂ ਮਨਿੰਦਰਜੀਤ ਸਿੰਘ ਬੇਦੀ ਨਵੇਂ ਐਡਵੋਕੇਟ ਜਨਰਲ ਨਿਯੁਕਤ

**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਸਰਕਾਰ ਨੇ ਮਨਿੰਦਰਜੀਤ ਸਿੰਘ ਬੇਦੀ ਨੂੰ ਨਵਾਂ ਐਡਵੋਕੇਟ ਜਨਰਲ (ਏ.ਜੀ.) ਨਿਯੁਕਤ ਕੀਤਾ ਹੈ। ਨਿਆਂ ਵਿਭਾਗ ਨੇ ਨਵੇਂ ਏ.ਜੀ. ਦੀ ਨਿਯੁਕਤੀ ਸਬੰਧੀ ਨੋਟੀਫ਼ਿਕੇਸ਼ਨ ਜਾਰੀ ਕੀਤਾ ਹੈ। ਉਨ੍ਹਾਂ ਅਹੁਦਾ ਸੰਭਾਲ ਲਿਆ ਹੈ। ਉਹ ਐਡੀਸ਼ਨਲ ਐਡਵੋਕੇਟ ਜਨਰਲ ਵਜੋਂ ਸੇਵਾਵਾਂ ਨਿਭਾਅ ਰਹੇ ਸਨ। ਇਸ ਤੋਂ ਪਹਿਲਾਂ ਐਡਵੋਕੇਟ ਜਨਰਲ ਗੁਰਮਿੰਦਰ ਸਿੰਘ ਗੈਰੀ ਨੇ ਮੁੱਖ ਮੰਤਰੀ ਨੂੰ ਅਸਤੀਫ਼ਾ ਸੌਂਪ ਦਿੱਤਾ ਸੀ, ਜਿਸ ਨੂੰ ਪ੍ਰਵਾਨ ਕਰ ਲਿਆ ਗਿਆ।



**ਮਨਿੰਦਰਜੀਤ ਸਿੰਘ ਬੇਦੀ**

ਨਵੇਂ ਏ.ਜੀ. ਬੇਦੀ ਰਾਮਪੁਰਾ ਫੂਲ ਦੇ ਮਰਹੂਮ ਐਡਵੋਕੇਟ ਇੰਦਰਜੀਤ ਸਿੰਘ ਬੇਦੀ ਦੇ ਪੁੱਤਰ ਹਨ ਅਤੇ ਉਨ੍ਹਾਂ ਦੇ ਦਾਦਾ ਵੀ ਮੰਨੇ-ਪ੍ਰਮੰਨੇ ਵਕੀਲ ਰਹੇ ਹਨ। ਉਨ੍ਹਾਂ 2004-05 'ਚ ਵਕਾਲਤ ਰਾਮਪੁਰਾ ਫੂਲ ਤੋਂ ਸ਼ੁਰੂ ਕੀਤੀ ਅਤੇ ਉਹ 2015-16 ਤੋਂ ਹਾਈ ਕੋਰਟ 'ਚ ਪ੍ਰੈਕਟਿਸ ਕਰ ਰਹੇ ਹਨ। ਉਹ ਪਰਿਵਾਰ ਸਮੇਤ ਕੈਨੇਡਾ (ਪੀ.ਆਰ.) ਚਲੇ ਗਏ ਸਨ। ਉਨ੍ਹਾਂ ਸਾਲ ਮਗਰੋਂ ਵਤਨ ਵਾਪਸੀ ਕੀਤੀ ਹੈ ਅਤੇ ਉਹ ਆਮ ਆਦਮੀ ਪਾਰਟੀ ਨਾਲ ਜੁੜ ਗਏ। ਉਹ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਦੇ ਨੇੜਲਿਆਂ 'ਚੋਂ ਮੰਨੇ ਜਾਂਦੇ ਹਨ।

ਇਸ ਤੋਂ ਪਹਿਲਾਂ ਗੁਰਮਿੰਦਰ ਸਿੰਘ ਗੈਰੀ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਭੇਜੇ ਅਸਤੀਫ਼ੇ 'ਚ ਪ੍ਰਾਈਵੇਟ ਪ੍ਰੈਕਟਿਸ ਮੁੜ ਸ਼ੁਰੂ ਕਰਨ ਦਾ ਹਵਾਲਾ ਦਿੱਤਾ ਸੀ। 'ਆਪ' ਸਰਕਾਰ ਵੱਲੋਂ ਨਿਯੁਕਤ ਕੀਤੇ ਗੈਰੀ ਅਜਿਹੇ ਤੀਜੇ ਐਡਵੋਕੇਟ ਜਨਰਲ ਹਨ, ਜਿਨ੍ਹਾਂ ਅਸਤੀਫ਼ਾ ਸੌਂਪਿਆ ਹੈ। 'ਆਪ' ਸਰਕਾਰ ਨੇ 6 ਅਕਤੂਬਰ, 2023 ਨੂੰ ਗੁਰਮਿੰਦਰ ਸਿੰਘ ਗੈਰੀ ਨੂੰ ਐਡਵੋਕੇਟ ਜਨਰਲ ਨਿਯੁਕਤ ਕੀਤਾ ਸੀ। ਉਨ੍ਹਾਂ ਦੇ ਅਹੁਦੇ ਦੀ ਮਿਆਦ 31 ਮਾਰਚ ਤੱਕ ਸੀ। ਪਿਛਲੀ ਚੰਨੀ ਸਰਕਾਰ ਵੱਲੋਂ ਨਿਯੁਕਤ ਏ.ਜੀ. ਡੀ.ਐੱਸ. ਪਟਵਾਲੀਆ ਨੇ ਨਵੀਂ ਸਰਕਾਰ ਬਣਨ ਤੋਂ ਕੁੱਝ ਸਮੇਂ ਮਗਰੋਂ ਹੀ ਅਸਤੀਫ਼ਾ ਦੇ ਦਿੱਤਾ ਸੀ। 'ਆਪ' ਸਰਕਾਰ ਨੇ ਸਭ ਤੋਂ ਪਹਿਲਾਂ ਅਨਮੋਲ ਰਤਨ ਨੂੰ ਏ.ਜੀ. ਲਗਾਇਆ ਸੀ, ਜਿਨ੍ਹਾਂ ਦੇ ਅਸਤੀਫ਼ੇ ਮਗਰੋਂ ਵਿਨੋਦ ਘਈ ਨੂੰ ਅਹੁਦੇ 'ਤੇ ਨਿਯੁਕਤ ਕੀਤਾ ਗਿਆ ਸੀ। ਵਿਨੋਦ ਘਈ ਨੇ ਵੀ 5 ਅਕਤੂਬਰ, 2023 ਨੂੰ ਅਸਤੀਫ਼ਾ ਦੇ ਦਿੱਤਾ ਸੀ। ਚਰਚੇ ਇਹ ਵੀ ਹਨ ਕਿ ਸੁਪਰੀਮ ਕੋਰਟ ਵਿਚ ਬਿਕਰਮ ਸਿੰਘ ਮਜੀਠੀਆ ਦੇ ਕੇਸਾਂ 'ਚ ਗੁਰਮਿੰਦਰ ਸਿੰਘ ਗੈਰੀ ਦੇ ਨਾ ਪੇਸ਼ ਹੋਣ ਅਤੇ ਹਾਈ ਕੋਰਟ ਵਿਚ ਸਾਬਕਾ ਮੰਤਰੀ ਭਾਰਤ ਭੂਸ਼ਨ ਆਸ਼ੂ ਤੇ ਸੁੰਦਰ ਸ਼ਾਮ ਅਰੋੜਾ ਦੇ ਕੇਸਾਂ ਵਿਚ ਸਰਕਾਰ ਨੂੰ ਮਿਲੀ ਨਮੋਸ਼ੀ ਨੂੰ ਵੀ ਗੁਰਮਿੰਦਰ ਸਿੰਘ ਗੈਰੀ ਦੇ ਅਸਤੀਫ਼ੇ ਦਾ ਕਾਰਨ ਮੰਨਿਆ ਜਾ ਰਿਹਾ ਹੈ। 'ਆਪ' ਸਰਕਾਰ ਆਪਣੇ ਤਿੰਨ ਵਰ੍ਹਿਆਂ ਦੇ ਕਾਰਜਕਾਲ ਮਗਰੋਂ ਸਮੁੱਚੇ ਢਾਂਚੇ ਵਿਚ ਫੇਰਬਦਲ ਕਰ ਰਹੀ ਹੈ, ਜਿਸ ਨੂੰ ਗੈਰੀ ਦੇ ਅਸਤੀਫ਼ੇ ਦੀ ਇੱਕ ਕੜੀ ਮੰਨਿਆ ਜਾ ਰਿਹਾ ਹੈ।

**■ ਗੁਰਮਿੰਦਰ ਸਿੰਘ ਗੈਰੀ ਦਾ ਅਸਤੀਫ਼ਾ ਮਨਜ਼ੂਰ**




FOR SALE & PURCHASE OF
ANY KIND OF PROPERTY



RE/MAX
Outstanding Agents
Outstanding Results
DRE Lic. # 01215931 (Broker)

Gurjatinder S. Randhawa
REALTOR CA DRE licence # 01490567
916-320-9444

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਲੋੜਵੰਦ ਲੋਕਾਂ ਨੂੰ ਦਿੱਤੀ ਵਿੱਤੀ ਸਹਾਇਤਾ ਰਾਸ਼ੀ



**ਮਲੋਟ, (ਪੰਜਾਬ ਮੇਲ)-** ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਸ. ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਕ੍ਰਿਸ਼ਨਾ ਮੰਦਿਰ ਮੰਡੀ ਹਰਜੀ ਮਲੋਟ ਵਿਖੇ 22 ਲੋੜਵੰਦ ਲੋਕਾਂ ਨੂੰ ਸਹਾਇਤਾ ਰਾਸ਼ੀ ਦੇ ਚੈਕ ਮੰਦਿਰ ਕਮੇਟੀ ਦੇ ਪ੍ਰਧਾਨ ਸ਼੍ਰੀ ਭਾਰਤ ਭੂਸ਼ਣ ਦੀ ਹਾਜ਼ਰੀ ਵਿਚ ਤਕਸੀਮ ਕੀਤੇ ਗਏ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਅਤੇ ਅਨਿਲ ਜੁਨੇਜਾ ਪ੍ਰਧਾਨ ਮਲੋਟ ਇਕਾਈ ਨੇ ਦੱਸਿਆ ਕਿ ਇਹ ਸਹਾਇਤਾ ਰਾਸ਼ੀ ਅੰਗਹੀਣ ਵਿਅਕਤੀਆਂ, ਬੇਸਹਾਰਾ ਬਜ਼ੁਰਗਾਂ, ਬੇ ਸਹਾਰਾ ਵਿਧਵਾਵਾਂ, ਬੇਸਹਾਰਾ ਬੱਚਿਆਂ ਨੂੰ ਦਿੱਤੀਆਂ ਗਈਆਂ ਅਤੇ ਇਨ੍ਹਾਂ ਵਿਚੋਂ ਕਈ ਕੰਮ ਕਰਨ ਤੋਂ ਵੀ



ਡਾ. ਐੱਸ.ਪੀ. ਸਿੰਘ ਓਬਰਾਏ।

ਅਸਮਰਥ ਹਨ। ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦ ਪਰਿਵਾਰਾਂ ਵੱਲੋਂ ਡਾਕਟਰ ਐੱਸ.ਪੀ. ਸਿੰਘ ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਮੁੱਖ ਮਹਿਮਾਨ ਵੱਲੋਂ ਵੀ ਡਾਕਟਰ ਓਬਰਾਏ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਗਈ। ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ ਨੇ ਦੱਸਿਆ ਕਿ ਟਰੱਸਟ ਦੀ ਕੋਈ ਵੀ ਰਸੀਦ ਬੁੱਕ ਨਹੀਂ ਹੈ, ਇਹ ਸਾਰਾ ਖਰਚਾ ਡਾ. ਓਬਰਾਏ ਵਲੋਂ ਆਪਣੀ ਨੇਕ ਕਮਾਈ ਵਿਚੋਂ ਦਸਵੰਧ ਕੱਢ ਕੇ ਕੀਤਾ ਜਾਂਦਾ ਹੈ। ਇਸ ਮੌਕੇ ਪ੍ਰੇਮ ਗੋਇਲ ਸਾਬਕਾ ਪ੍ਰਧਾਨ ਸ਼ੈਲਰ ਯੂਨੀਅਨ, ਪੰਮੀ ਗੋਇਲ, ਵਰਨ ਗੁਪਤਾ ਵਾਈਸ ਪ੍ਰਧਾਨ ਮੰਦਿਰ ਕਮੇਟੀ ਨੌਜਵਾਨ ਆਗੂ ਜੋਨੀ ਗਰਗ, ਭਾਰਤ ਭੂਸ਼ਣ ਜੂਛਾ, ਸੁਭਾਸ਼ ਦਹੂਜਾ, ਸੋਹਣ ਲਾਲ ਗੂਬਰ, ਜਸਵਿੰਦਰ ਸਿੰਘ ਵਾਲੀਆ (ਇੰਚਾਰਜ ਪੈਨਸ਼ਨ ਵੰਡ ਸਮਾਗਮ), ਕਮਲ ਬਾਂਗਲਾ, ਜਗਜੀਤ ਸਿੰਘ ਔਲਖ, ਬਲਜੀਤ ਕੌਰ ਲੇਡੀਜ਼ ਵਿੰਗ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਆਦਿ ਹਾਜ਼ਰ ਸਨ।

# ਡਾ. ਐੱਸ.ਪੀ. ਸਿੰਘ ਓਬਰਾਏ ਨੇ ਪਰਿਵਾਰ 'ਚ ਇਕਲੌਤੀ ਬਚੀ ਬਜ਼ੁਰਗ ਮਾਤਾ ਦੀ ਮਹੀਨਾਵਾਰ ਪੈਨਸ਼ਨ ਲਗਾਈ



**ਬਟਾਲਾ, (ਪੰਜਾਬ ਮੇਲ)-** ਆਪਣੇ ਸੁਨਹਿਰੀ ਭਵਿੱਖ ਦੀ ਤਲਾਸ਼ ਵਿਚ ਵੱਖ-ਵੱਖ ਦੇਸ਼ਾਂ ਦੇ ਅੰਦਰ ਪਹੁੰਚ ਕੇ ਰੋਜ਼ੀ ਰੋਟੀ ਦੀ ਖਾਤਰ ਹੱਡ ਭੰਨਵੀਂ ਮਿਹਨਤ ਕਰਨ ਵਾਲੇ ਪੰਜਾਬ ਨੌਜਵਾਨਾਂ ਦੇ ਵਿਚੋਂ ਕੁੱਝ ਨੌਜਵਾਨਾਂ ਨੂੰ ਕਾਮਯਾਬੀ ਨਹੀਂ ਮਿਲਦੀ, ਜਦ ਕਿ ਬਦਨਸੀਬੀ ਦਾ ਸਾਹਮਣਾ ਕਰਦਿਆਂ ਇਨ੍ਹਾਂ ਨੌਜਵਾਨਾਂ ਨੂੰ ਮੌਤ ਦੇ ਮੂੰਹ ਵਿਚ ਵੀ ਜਾਣਾ ਪੈਂਦਾ ਹੈ।

ਅਜਿਹਾ ਕੁਝ ਬਟਾਲਾ ਨੇੜੇ ਪੈਂਦੇ ਪਿੰਡ ਕੋਟ ਮੰਜਲਸ ਦੇ ਨੌਜਵਾਨ ਮਨਦੀਪ ਸਿੰਘ ਦੇ ਨਾਲ ਹੋਇਆ, ਜੋ ਕਿ ਉਹ ਕੁੱਝ ਸਮਾਂ ਪਹਿਲਾਂ ਆਪਣੇ ਸੁਨਹਿਰੇ ਭਵਿੱਖ ਦੀ ਤਲਾਸ਼ ਨੂੰ ਮੱਦੇਨਜ਼ਰ ਰੱਖਦਿਆਂ ਦੁਬਈ ਵਿਖੇ ਗਿਆ ਸੀ, ਜਿੱਥੇ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਉਸ ਦੀ ਮੌਤ ਹੋ ਗਈ। ਜਿਸ ਤੋਂ ਬਾਅਦ ਇਸ ਪੀੜਤ ਪਰਿਵਾਰ ਨੇ ਮਨਦੀਪ ਸਿੰਘ ਦੀ ਮ੍ਰਿਤਕ ਦੇਹ ਨੂੰ ਦੁਬਈ ਤੋਂ ਪਿੰਡ ਕੋਟ ਮੰਜਲਸ ਲਿਆਉਣ ਦੇ ਲਈ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਰਵਿੰਦਰ ਸਿੰਘ ਮਠਾਰੂ ਨੂੰ ਸੰਪਰਕ ਵਿਚ ਲੈਂਦਿਆਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁੱਖੀ ਅਤੇ ਸੰਸਾਰ ਪ੍ਰਸਿੱਧ ਸਮਾਜ ਸੇਵੀ ਸ਼ਖਸੀਅਤ ਡਾਕਟਰ ਐੱਸ.ਪੀ. ਸਿੰਘ ਓਬਰਾਏ ਨੂੰ ਬੇਨਤੀ ਕੀਤੀ।

ਇਸ ਦੌਰਾਨ ਡਾਕਟਰ ਐੱਸ.ਪੀ. ਸਿੰਘ ਓਬਰਾਏ ਵੱਲੋਂ ਕਾਰਵਾਈ ਕਰਦਿਆਂ ਜਿੱਥੇ ਨੌਜਵਾਨ ਮਨਦੀਪ ਸਿੰਘ ਦੀ ਮ੍ਰਿਤਕ ਦੇਹ ਨੂੰ ਦੁਬਈ ਤੋਂ ਪਿੰਡ ਲਿਆਂਦਾ ਗਿਆ, ਉੱਥੇ ਨਾਲ ਹੀ ਟਰੱਸਟ ਦੇ ਜ਼ਿਲ੍ਹਾ ਪ੍ਰਧਾਨ ਰਵਿੰਦਰ ਸਿੰਘ ਮਠਾਰੂ ਰਾਹੀਂ ਪੀੜਤ ਪਰਿਵਾਰ ਦੀ ਸਾਰ ਲੈਂਦਿਆਂ ਮ੍ਰਿਤਕ ਮਨਦੀਪ ਸਿੰਘ ਦੇ ਮਾਤਾ ਜੀ ਜਗਦੀਸ਼ ਕੌਰ ਦੀ ਮਹੀਨਾਵਾਰ ਪੈਨਸ਼ਨ ਵੀ ਲਗਾਈ ਗਈ ਹੈ, ਤਾਂ ਜੋ ਉਹ ਆਪਣੀ ਜ਼ਿੰਦਗੀ ਦੇ ਵਿਚ ਆਰਥਿਕ ਤੌਰ 'ਤੇ ਆਪਣੀਆਂ ਲੋੜਾਂ ਨੂੰ ਪੂਰੀਆਂ ਕਰ ਸਕਣ।

ਦੱਸਣਯੋਗ ਹੈ ਕਿ ਬਜ਼ੁਰਗ ਮਾਤਾ ਜਗਦੀਸ਼ ਕੌਰ ਦੇ ਪਤੀ ਸਤਨਾਮ ਸਿੰਘ ਦੀ 6 ਸਾਲ ਪਹਿਲਾਂ ਮੌਤ ਹੋ ਚੁੱਕੀ ਹੈ, ਜਦਕਿ ਮਾਤਾ ਜਗਦੀਸ਼ ਕੌਰ ਦੇ ਛੋਟੇ ਨੌਜਵਾਨ ਪੁੱਤਰ ਮਲਕੀਤ ਸਿੰਘ ਦੀ ਚਾਰ ਸਾਲ ਪਹਿਲਾਂ ਮੌਤ ਹੋ ਗਈ ਸੀ, ਜਦ ਕਿ ਹੁਣ ਉਸ ਦੇ ਵੱਡੇ ਅਤੇ ਘਰ ਦੇ ਕਮਾਊ ਪੁੱਤਰ ਮਨਦੀਪ ਸਿੰਘ ਦੀ ਮੌਤ ਹੋ ਜਾਣ ਤੋਂ ਬਾਅਦ ਉਸ ਦੇ ਸਿਰ ਤੋਂ ਸਾਰੇ ਹੀ ਸਹਾਰੇ ਉੱਠ ਗਏ ਹਨ, ਸਿਰਫ ਇੱਕ ਧੀ ਪਰਿਵਾਰ ਦੇ ਵਿਚ ਬਚੀ ਹੈ, ਜੋ ਕਿ ਆਪਣੇ ਸਹੁਰੇ ਪਰਿਵਾਰ ਵਿਚ ਰਹਿ ਰਹੀ ਹੈ। ਮਾਤਾ ਜਗਦੀਸ਼ ਕੌਰ ਦੇ ਸਿਰ ਉੱਪਰ ਜਿੱਥੇ ਦੁੱਖਾਂ ਦੇ ਪਹਾੜ ਟੁੱਟ ਪਏ, ਉੱਥੇ ਨਾਲ ਹੀ ਪਰਿਵਾਰ ਦੇ ਵਿਚ ਕੋਈ ਵੀ ਕਮਾਉਣ ਵਾਲਾ ਮਰਦ ਮੈਂਬਰ ਨਹੀਂ ਬਚਿਆ।

ਇਸ ਦੌਰਾਨ ਇਨ੍ਹਾਂ ਸਾਰੇ ਹਾਲਾਤਾਂ ਬਾਰੇ ਜਦ ਟਰੱਸਟ ਦੇ ਜ਼ਿਲ੍ਹਾ ਪ੍ਰਧਾਨ ਰਵਿੰਦਰ ਸਿੰਘ ਮਠਾਰੂ ਵੱਲੋਂ ਟਰੱਸਟ ਦੇ ਮੁੱਖੀ ਡਾਕਟਰ ਐੱਸ.ਪੀ. ਸਿੰਘ ਓਬਰਾਏ ਨੂੰ ਜਾਣਕਾਰੀ ਦਿੱਤੀ ਗਈ, ਤਾਂ ਉਨ੍ਹਾਂ ਨੇ ਤੁਰੰਤ ਮਾਤਾ ਜਗਦੀਸ਼ ਕੌਰ ਦੀ ਮਹੀਨਾਵਾਰ ਪੈਨਸ਼ਨ ਲਗਾਉਣ ਦੀ ਮਨਜ਼ੂਰੀ ਦਿੱਤੀ। ਇਸ ਦੌਰਾਨ ਪਿੰਡ ਕੋਟ ਮੰਜਲਸ ਵਿਖੇ ਪਹੁੰਚੇ ਟਰੱਸਟ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਰਵਿੰਦਰ ਸਿੰਘ ਮਠਾਰੂ, ਜਨਰਲ ਸਕੱਤਰ ਰਜਿੰਦਰ ਸਿੰਘ ਹੈਪੀ ਅਤੇ ਸਮਾਜ ਸੇਵੀ ਨੌਜਵਾਨ ਆਗੂ ਜਤਿੰਦਰ ਸਿੰਘ ਕਾਹਲੋਂ ਵੱਲੋਂ ਮਾਤਾ ਜਗਦੀਸ਼ ਕੌਰ ਨੂੰ ਪੈਨਸ਼ਨ ਦਾ ਪਹਿਲਾ ਚੈੱਕ ਭੇਟ ਕੀਤਾ ਗਿਆ। ਇਸ ਮੌਕੇ ਬੇਸਹਾਰਾ ਹੋਈ ਮਾਤਾ ਜਗਦੀਸ਼ ਕੌਰ ਨੇ ਡਾਕਟਰ ਐੱਸ.ਪੀ. ਸਿੰਘ ਓਬਰਾਏ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਜ਼ਿਲ੍ਹਾ ਟੀਮ ਦਾ ਧੰਨਵਾਦ ਕੀਤਾ।




# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਅੰਗਹੀਣ ਵਿਅਕਤੀਆਂ ਨੂੰ ਦਿੱਤੀ ਸਹਾਇਤਾ ਰਾਸ਼ੀ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸ. ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸ੍ਰੀ ਮੁਕਤਸਰ ਸਾਹਿਬ ਵਿਖੇ 38 ਅੰਗਹੀਣ ਵਿਅਕਤੀਆਂ ਨੂੰ ਸ. ਸੰਤ ਸਿੰਘ ਬਰਾੜ ਅਤੇ ਮਹੰਤ ਕਸ਼ਮੀਰ ਸਿੰਘ ਦੀ ਹਾਜ਼ਰੀ ਵਿਚ ਪਿਛਲੇ ਦਿਨੀਂ ਇੱਕ ਸਮਾਗਮ ਦੌਰਾਨ ਸਹਾਇਤਾ ਰਾਸ਼ੀ ਦਿੱਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਅੰਗਹੀਣ ਵਿਅਕਤੀ ਕੰਮ ਕਰਨ ਤੋਂ ਅਸਮਰਥ ਹਨ, ਕਈ ਵੱਖ-ਵੱਖ ਬਿਮਾਰੀਆਂ ਤੋਂ ਪੀੜਤ ਹਨ ਅਤੇ ਕਈ ਲੰਮੇ ਸਮੇਂ ਤੋਂ ਬੈਡ ਉੱਪਰ ਹੀ ਹਨ। ਸਹਾਇਤਾ ਰਾਸ਼ੀ ਲੈਣ ਉਪਰੰਤ ਅੰਗਹੀਣ ਵਿਅਕਤੀਆਂ ਵੱਲੋਂ ਡਾਕਟਰ ਐੱਸ.ਪੀ. ਸਿੰਘ ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਡਾ. ਓਬਰਾਏ ਹਮੇਸ਼ਾ ਲਾਠੀ ਬਣਕੇ ਸਾਡੇ ਨਾਲ ਖੜ੍ਹਦੇ ਹਨ। ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ ਨੇ ਦੱਸਿਆ ਕਿ ਟਰੱਸਟ ਦੀ ਕੋਈ ਵੀ ਰਸੀਦ ਬੁੱਕ ਨਹੀਂ ਹੈ। ਇਹ ਰਾਸ਼ੀ ਡਾਕਟਰ ਓਬਰਾਏ ਵਲੋਂ ਅਪਣੀ ਨੇਕ ਕਮਾਈ ਵਿਚੋਂ ਦਸਵੰਧ ਕੱਢ ਕੇ ਦਿੱਤੀ ਜਾਂਦੀ ਹੈ। ਇਸ ਮੌਕੇ ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ ਸਕੱਤਰ, ਗੁਰਪਾਲ ਸਿੰਘ ਪਾਲੀ ਕੈਸ਼ੀਅਰ, ਮਾਸਟਰ ਰਜਿੰਦਰ ਸਿੰਘ, ਬਲਜੀਤ ਸਿੰਘ ਮਾਨ ਰਿਟਾਇਰਡ ਪ੍ਰਿੰਸੀਪਲ, ਗੁਰਜੀਤ ਸਿੰਘ ਜੀਤਾ, ਗੁਰਚਰਨ ਸਿੰਘ ਮੈਨੇਜਰ ਸਾਹਿਬ ਆਸਟ੍ਰੇਲੀਆ ਵਾਲੇ, ਚਰਨਜੀਤ ਸਿੰਘ, ਸੁਖਬੀਰ ਸਿੰਘ ਜੈਲਦਾਰ, ਨਵਦੀਪ ਕੌਰ ਕੈਨੇਡਾ, ਨਿਰੰਜਨ ਸਿੰਘ ਰੱਖੜਾ ਪ੍ਰਧਾਨ ਆਲ ਇੰਡੀਆ ਟਾਕ ਕਸ਼ੱਤਰੀ ਸਭਾ, ਅਸ਼ੋਕ ਕੁਮਾਰ ਆਦਿ ਹਾਜ਼ਰ ਸਨ।

# ਪਰਾਲੀ ਮਾਮਲਾ: ਸੁਪਰੀਮ ਕੋਰਟ ਵੱਲੋਂ ਪੰਜਾਬ ਸਰਕਾਰ ਨੂੰ ਨਿਰਦੇਸ਼ ਦੇਣ ਬਾਰੇ ਪਟੀਸ਼ਨ ਖਾਰਜ



**ਨਵੀਂ ਦਿੱਲੀ, (ਪੰਜਾਬ ਮੇਲ)**- ਸੁਪਰੀਮ ਕੋਰਟ ਨੇ ਇੱਕ ਕਾਰਕੁਨ ਦੀ ਪਟੀਸ਼ਨ ਖਾਰਜ ਕਰ ਦਿੱਤੀ, ਜਿਸ 'ਚ ਉਸ ਨੇ ਪੰਜਾਬ ਤੇ ਹਰਿਆਣਾ ਦੀਆਂ ਸਰਕਾਰਾਂ ਨੂੰ ਪਰਾਲੀ ਸਾੜਨ ਦੇ ਮਾਮਲਿਆਂ ਨਾਲ ਨਜਿੱਠਣ ਲਈ ਸਖ਼ਤ ਕਦਮ ਚੁੱਕਣ ਦਾ ਨਿਰਦੇਸ਼ ਦੇਣ ਦੀ ਮੰਗ ਕੀਤੀ ਸੀ। ਜਸਟਿਸ ਅਭੈ ਐੱਸ. ਓਕਾ ਤੇ ਜਸਟਿਸ ਉੱਜਲ ਭੁਈਆਂ ਦੇ ਬੈਂਚ ਨੇ ਕਿਹਾ, 'ਜਦੋਂ ਇਹ ਅਦਾਲਤ ਪਰਾਲੀ ਸਾੜਨ ਦੇ ਮਾਮਲਿਆਂ 'ਤੇ ਕਈ ਹੁਕਮ ਪਾਸ ਕਰ ਚੁੱਕੀ ਹੈ ਅਤੇ ਹਾਲੇ ਵੀ ਇਸ ਮਾਮਲੇ 'ਤੇ ਵਿਚਾਰ ਕਰ ਰਹੀ ਹੈ, ਤਾਂ ਅਸੀਂ ਵੱਖ-ਵੱਖ ਧਿਰਾਂ ਨੂੰ ਦਖਲ ਦੇਣ ਅਤੇ ਨਿਰਦੇਸ਼ ਦੇਣ ਲਈ ਅਰਜ਼ੀ ਦਾਇਰ ਕਰਨ ਦੀ ਇਜਾਜ਼ਤ ਨਹੀਂ ਦੇਣਾ ਚਾਹੁੰਦੇ, ਇਸ ਲਈ ਪਟੀਸ਼ਨ ਖਾਰਜ ਕੀਤੀ ਜਾਂਦੀ ਹੈ।' ਵਾਤਾਵਰਣ ਕਾਰਕੁਨ ਵਿਕਰਾਂਤ ਤੌਂਗੜ ਵੱਲੋਂ ਦਾਇਰ ਪਟੀਸ਼ਨ 'ਚ ਕਿਹਾ ਗਿਆ ਹੈ ਕਿ ਅਪ੍ਰੈਲ-ਮਈ 'ਚ ਪਰਾਲੀ ਸਾੜਨ ਕਾਰਨ ਪੈਦਾ ਹੋਣ ਵਾਲਾ ਪ੍ਰਦੂਸ਼ਣ ਨਾ ਸਿਰਫ਼ ਦਿੱਲੀ-ਐੱਨ.ਸੀ.ਆਰ. 'ਚ ਰਹਿਣ ਵਾਲੇ ਲੋਕਾਂ ਦੀ ਸਿਹਤ ਲਈ ਨੁਕਸਾਨਦਾਇਕ ਹੈ, ਬਲਕਿ ਉਨ੍ਹਾਂ ਰਾਜਾਂ 'ਚ ਰਹਿਣ ਵਾਲੇ ਲੋਕਾਂ ਲਈ ਵੀ ਨੁਕਸਾਨਦਾਇਕ ਹੈ, ਜਿੱਥੇ ਪਰਾਲੀ ਸਾੜੀ ਜਾਂਦੀ ਹੈ।

# ਰੁਲਦਾ ਸਿੰਘ ਕਤਲ ਕੇਸ ਮਾਮਲੇ 'ਚ ਤਾਰਾ ਤੇ ਗੋਲਡੀ ਬਰੀ



**ਪਟਿਆਲਾ, (ਪੰਜਾਬ ਮੇਲ)**- ਇਥੋਂ ਦੀ ਅਦਾਲਤ ਨੇ 'ਰਾਸ਼ਟਰੀ ਸਿੱਖ ਸੰਗਤ' ਦੀ ਪੰਜਾਬ ਇਕਾਈ ਦੇ ਪ੍ਰਧਾਨ ਰਹੇ ਰੁਲਦਾ ਸਿੰਘ ਦੇ ਕਤਲ ਕੇਸ ਵਿਚ ਬੀਤੇ ਦਿਨੀਂ ਜਗਤਾਰ ਸਿੰਘ ਤਾਰਾ ਅਤੇ ਟਾਈਗਰ ਫੋਰਸ ਦੇ ਆਗੂ ਰਮਨਦੀਪ ਸਿੰਘ ਗੋਲਡੀ ਨੂੰ ਬਰੀ ਕਰ ਦਿੱਤਾ ਹੈ। ਜਗਤਾਰ ਸਿੰਘ ਤਾਰਾ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ 'ਚ ਬੁੜੈਲ ਜੇਲ੍ਹ ਵਿਚ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ। ਉਸ ਨੂੰ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਇਥੇ ਵਧੀਕ ਸੈਸ਼ਨ ਜੱਜ ਹਰਿੰਦਰ ਕੌਰ ਸਿੱਧੂ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਤਾਰਾ ਤੇ ਗੋਲਡੀ 'ਤੇ ਇਸ ਕਤਲ ਸਬੰਧੀ ਸਾਜ਼ਿਸ਼ ਘੜਨ ਦੇ ਦੋਸ਼ ਸਨ। ਦੋਵਾਂ ਵੱਲੋਂ ਪੇਸ਼ ਹੋਏ ਵਕੀਲ ਤੇ ਮਨੁੱਖੀ ਅਧਿਕਾਰਾਂ ਦੇ ਹਾਮੀ ਐਡਵੋਕੇਟ ਬਰਜਿੰਦਰ ਸਿੰਘ ਸੋਢੀ ਨੇ ਕਿਹਾ ਕਿ ਇਨ੍ਹਾਂ 'ਤੇ ਮੜ੍ਹੇ ਗਏ ਦੋਸ਼ਾਂ ਨੂੰ ਪੁਲਿਸ 10 ਸਾਲਾਂ ਵਿਚ ਸਾਬਤ ਨਹੀਂ ਕਰ ਸਕੀ। ਜਗਤਾਰ ਸਿੰਘ ਤਾਰਾ ਨੂੰ ਅਦਾਲਤੀ ਵਿਚ ਨਿੱਜੀ ਤੌਰ 'ਤੇ ਪੇਸ਼ ਕੀਤਾ ਗਿਆ। ਇਸ ਦੌਰਾਨ ਅਦਾਲਤ ਦੇ ਬਾਹਰ ਪੁੱਜੇ ਕਈ ਨੌਜਵਾਨਾਂ ਨੇ ਤਾਰਾ ਦੇ ਹੱਕ ਵਿਚ ਨਾਅਰੇਬਾਜ਼ੀ ਵੀ ਕੀਤੀ।

ਰੁਲਦਾ ਸਿੰਘ ਨੂੰ ਇਥੇ ਅਨਾਜ ਮੰਡੀ ਸਥਿਤ ਉਸ ਦੀ ਰਿਹਾਇਸ਼ ਅੱਗੇ 28 ਜੁਲਾਈ 2009 'ਚ ਅਣਪਛਾਤਿਆਂ ਨੇ ਗੋਲੀਆਂ ਮਾਰ ਦਿੱਤੀਆਂ ਸਨ। ਉਸ ਦੀ ਦੋ ਹਫ਼ਤਿਆਂ ਮਗਰੋਂ ਪੀ.ਜੀ.ਆਈ. 'ਚ ਮੌਤ ਹੋ ਗਈ ਸੀ। ਇਸ ਸਬੰਧੀ ਥਾਣਾ ਤ੍ਰਿਪੜੀ 'ਚ ਅਣਪਛਾਤਿਆਂ ਖਿਲਾਫ਼ ਕੇਸ ਦਰਜ ਕੀਤਾ ਗਿਆ ਸੀ। ਪੁਲਿਸ ਨੇ ਇਸ ਕੇਸ ਵਿਚ ਦਰਸ਼ਨ ਸਿੰਘ ਮੁਕਾਰੋਂਪੁਰ, ਜਗਮੋਹਨ ਸਿੰਘ ਬਸੀ, ਗੁਰਜੰਟ ਸਿੰਘ ਖੇੜੀ, ਅਮਰਜੀਤ ਸਿੰਘ ਚੰਡੀਗੜ੍ਹ ਅਤੇ ਦਲਜੀਤ ਸਿੰਘ ਮੁੰਬਈ ਨੂੰ ਕਾਤਲਾਂ ਦੇ ਮਦਦਗਾਰਾਂ ਵਜੋਂ ਗ੍ਰਿਫ਼ਤਾਰ ਕੀਤਾ ਸੀ, ਜੋ 27 ਫਰਵਰੀ 2015 ਨੂੰ ਬਰੀ ਹੋ ਗਏ ਸਨ। ਹੁਣ ਤੱਕ ਇਸ ਕੇਸ ਵਿਚੋਂ ਸੱਤ ਜਣੇ ਬਰੀ ਹੋ ਗਏ ਹਨ। ਤਾਰਾ ਸਾਲ 2004 'ਚ ਜਗਤਾਰ ਸਿੰਘ ਹਵਾਰਾ ਤੇ ਪਰਮਜੀਤ ਸਿੰਘ ਭਿਓਰਾ ਨਾਲ ਬੁੜੈਲ ਜੇਲ੍ਹ ਵਿਚੋਂ ਸੁਰੰਗ ਰਾਹੀਂ ਫ਼ਰਾਰ ਹੋ ਗਿਆ ਸੀ। ਪੁਲਿਸ ਰਿਕਾਰਡ ਮੁਤਾਬਕ ਇਸ ਮਗਰੋਂ ਉਹ ਪਾਕਿਸਤਾਨ ਚਲਾ ਗਿਆ ਸੀ। ਇਸੇ ਤਰ੍ਹਾਂ ਪਾਕਿਸਤਾਨ 'ਚ ਰਹਿੰਦੇ ਰਹੇ ਰਮਨਦੀਪ ਗੋਲਡੀ ਨੂੰ ਨਵੰਬਰ 2014 ਵਿਚ ਮਲੇਸ਼ੀਆ ਤੋਂ ਡਿਪੋਰਟ ਕਰਵਾ ਕੇ ਪਟਿਆਲਾ ਲਿਆਂਦਾ ਗਿਆ ਸੀ। ਗੋਲਡੀ ਖਿਲਾਫ਼ ਕਈ ਹੋਰ ਕੇਸ ਵੀ ਦਰਜ ਹਨ।




# ਲੁਧਿਆਣਾ ਪੱਛਮੀ ਸੀਟ ਦੀ ਉਪ ਚੋਣ ’ਚ ‘ਆਪ’ ਦੀ ਸਾਖ ਦਾਅ ’ਤੇ

**ਚੰਡੀਗੜ੍ਹ, (ਪੰਜਾਬ ਮੇਲ)-** ਆਮ ਆਦਮੀ ਪਾਰਟੀ ਨੇ ਲੁਧਿਆਣਾ ਪੱਛਮੀ ਸੀਟ ਨੂੰ ਆਪਣੀ ਸਾਖ ਦਾ ਸਵਾਲ ਬਣਾ ਲਿਆ ਹੈ। ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਇੱਕ ਹਫ਼ਤੇ ਵਿਚ ਦੂਜੀ ਵਾਰ ਲੁਧਿਆਣਾ ਆ ਰਹੇ ਹਨ, ਜਿੱਥੇ ਉਹ ਪਾਰਟੀ ਨਾਲ ਸਬੰਧਤ ਗਤੀਵਿਧੀਆਂ ਵਿਚ ਹਿੱਸਾ ਲੈਣਗੇ। ਉਨ੍ਹਾਂ ਨੇ ਲੁਧਿਆਣਾ ਦੇ ਸਥਾਨਕ ਮੈਰਿਜ ਪੈਲੇਸ ਵਿਚ ਇੱਕ ਰੈਲੀ ਵੀ ਰੱਖੀ ਹੈ। ਇਸ ਰੈਲੀ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਵੀ ਹਿੱਸਾ ਲੈਣਗੇ। ਇਹ ਸੀਟ ਪਾਰਟੀ ਲਈ ਇਸ ਲਈ ਵੀ ਮਹੱਤਵਪੂਰਨ ਹੈ ਕਿਉਂਕਿ ਇਸ ਸੀਟ ਨੂੰ ਜਿੱਤ ਕੇ ਪਾਰਟੀ ਆਪਣੇ ਕਿਸੇ ਵੱਡੇ ਨੇਤਾ ਨੂੰ ਰਾਜ ਸਭਾ ਵਿਚ ਭੇਜ ਸਕਦੀ ਹੈ।

ਲੁਧਿਆਣਾ ਪੱਛਮੀ ਸੀਟ ਕਾਂਗਰਸ ਦਾ ਗੜ੍ਹ ਰਹੀ ਹੈ। ਪਾਰਟੀ ਦੇ ਕਾਰਜਕਾਰੀ ਪ੍ਰਧਾਨ ਭਾਰਤ ਭੂਸ਼ਣ ਆਸ਼ੂ ਨੇ ਇਹ ਸੀਟ ਜਿੱਤੀ ਹੈ ਅਤੇ ਉਹ ਪਿਛਲੀ ਕਾਂਗਰਸ ਸਰਕਾਰ ਵਿਚ ਖੁਰਾਕ ਅਤੇ ਸਪਲਾਈ ਮੰਤਰੀ ਵੀ ਰਹਿ ਚੁੱਕੇ ਹਨ। ‘ਆਪ’ ਸਰਕਾਰ ਨੇ ਉਨ੍ਹਾਂ ਵਿਰੁੱਧ ਖੁਰਾਕ ਅਤੇ ਸਪਲਾਈ ਵਿਭਾਗ ਦੀ ਢੁਆਈ ਨੀਤੀ ਵਿਚ ਭ੍ਰਿਸ਼ਟਾਚਾਰ ਦਾ ਕੇਸ ਵੀ ਦਾਇਰ ਕੀਤਾ, ਜਿਸ ਵਿਚ ਉਨ੍ਹਾਂ ਨੂੰ ਕਈ



ਮਹੀਨੇ ਜੇਲ੍ਹ ਵਿਚ ਕੱਟਣੇ ਪਏ ਪਰ ਹਾਈ ਕੋਰਟ ਨੇ ਇਸ ਮਾਮਲੇ ਵਿਚ ਦਰਜ ਐੱਫ.ਆਈ.ਆਰ. ਨੂੰ ਰੱਦ ਕਰ ਦਿੱਤਾ। ਇਹ ਤੈਅ ਹੈ ਕਿ ਜੇਕਰ ਕਾਂਗਰਸ ਆਸ਼ੂ ਨੂੰ ਟਿਕਟ ਦਿੰਦੀ ਹੈ, ਤਾਂ ਉਹ ‘ਆਪ’ ਉਮੀਦਵਾਰ ਸੰਜੀਵ ਅਰੋੜਾ ਲਈ ਵੱਡੀ ਚੁਣੌਤੀ ਪੇਸ਼ ਕਰ ਸਕਦੇ ਹਨ। ਆਸ਼ੂ ਲੁਧਿਆਣਾ ਹਲਕੇ ਵਿਚ ਪੈਂਦੇ ਇਸ ਵਾਰਡ ਤੋਂ ਕਈ ਵਾਰ ਕੌਂਸਲਰ ਰਹਿ ਚੁੱਕੇ ਹਨ।

ਲੁਧਿਆਣਾ ਪੱਛਮੀ ਸੀਟ ਜਿੱਤਣਾ ਆਮ ਆਦਮੀ ਪਾਰਟੀ ਲਈ ਅਤਿ ਜ਼ਰੂਰੀ ਹੈ ਕਿਉਂਕਿ ਪਾਰਟੀ ਦੀ ਨਜ਼ਰ ਇਸ ਸੀਟ ’ਤੇ ਘੱਟ, ਬਲਕਿ ਇਸ ਸੀਟ ’ਚ ਮਿਲਣ ਵਾਲੀ ਜਿੱਤ ਦੇ ਕਾਰਨ ਖਾਲੀ ਹੋਣ ਵਾਲੀ ਰਾਜ ਸਭਾ ਦੀ ਸੀਟ ’ਤੇ ਵੱਧ ਹੈ, ਜਿੱਥੋਂ ਪਾਰਟੀ ਦਾ ਕੋਈ ਦਿੱਗਜ ਰਾਜ ਸਭਾ ਜਾ ਸਕਦਾ ਹੈ। ਇਸ ’ਤੇ ਖੁਦ ਅਰਵਿੰਦ ਕੇਜਰੀਵਾਲ ਤੋਂ ਲੈ ਕੇ ਮਨੀਸ਼ ਸਿਸੋਦੀਆ ਅਤੇ ਸਤੇਂਦਰ ਜੈਨ ਦੇ ਨਾਵਾਂ ’ਤੇ ਵਿਚਾਰ ਕੀਤਾ ਜਾ ਰਿਹਾ ਹੈ, ਜਿਨ੍ਹਾਂ ਨੂੰ ਹਾਲ ਹੀ ਵਿਚ ਹੋਈਆਂ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਪਾਰਟੀ ਨੇ ਸਿਸੋਦੀਆ ਨੂੰ ਪੰਜਾਬ ਮਾਮਲਿਆਂ ਦੇ ਇੰਚਾਰਜ ਅਤੇ ਸਤੇਂਦਰ ਜੈਨ ਨੂੰ ਸਹਿ-ਇੰਚਾਰਜ ਵਜੋਂ ਪੰਜਾਬ ਭੇਜਿਆ ਹੈ ਪਰ ਕੇਜਰੀਵਾਲ ਬਾਰੇ ਅਜੇ ਕੋਈ ਫ਼ੈਸਲਾ ਨਹੀਂ ਲਿਆ ਗਿਆ ਹੈ। ਸਿਆਸੀ ਹਲਕਿਆਂ ਵਿਚ ਚਰਚਾ ਹੈ ਕਿ ਜੇਕਰ ਸੰਜੀਵ ਅਰੋੜਾ ਇਸ ਸੀਟ ਤੋਂ ਚੋਣ ਜਿੱਤ ਜਾਂਦੇ ਹਨ, ਤਾਂ ਉਨ੍ਹਾਂ ਨੂੰ ਕੈਬਨਿਟ ਵਿਚ ਮੰਤਰੀ ਵੀ ਬਣਾਇਆ ਜਾ ਸਕਦਾ ਹੈ। ਕੇਜਰੀਵਾਲ ਨੂੰ ਉਨ੍ਹਾਂ ਦੀ ਖਾਲੀ ਸੀਟ ਤੋਂ ਪੰਜਾਬ ਦੀ ਆਵਾਜ਼ ਵਜੋਂ ਰਾਜ ਸਭਾ ਭੇਜਿਆ ਜਾਵੇਗਾ, ਇਸ ਲਈ ਲੁਧਿਆਣਾ ਪੱਛਮੀ ਸੀਟ ਲਈ ਚੋਣਾਂ ਹੋਣ ਤੱਕ ਅਰਵਿੰਦ ਕੇਜਰੀਵਾਲ ਨੂੰ ਪੰਜਾਬ ਦੇ ਹੋਰ ਬਹੁਤ ਸਾਰੇ ਦੌਰੇ ਕਰਨੇ ਪੈਣਗੇ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :
www.punjabmailusa.com

## ਮਜੀਠੀਆ ਖ਼ਿਲਾਫ਼ ਮਾਮਲੇ ਦੀ ਜਾਂਚ ਲਈ ਪੰਜਵੀਂ ਸਿੱਟ ਕਾਇਮ

**ਪਟਿਆਲਾ, (ਪੰਜਾਬ ਮੇਲ)-** ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ



ਮਜੀਠੀਆ ਖ਼ਿਲਾਫ਼ ਨਸ਼ਿਆਂ ਦੇ ਮਾਮਲੇ ’ਚ ਜਾਂਚ ਢਿੱਲੀ ਰਫ਼ਤਾਰ ਨਾਲ ਅੱਗੇ ਵਧਣ ਕਾਰਨ ਆਲੋਚਨਾ ਦਾ ਸਾਹਮਣਾ ਕਰ ਰਹੀ ਪੰਜਾਬ ਪੁਲਿਸ ਨੇ ਵਿਸ਼ੇਸ਼ ਜਾਂਚ ਟੀਮ (ਸਿੱਟ) ਦੇ ਮੁਖੀ ਅਤੇ ਉਸ ਦੇ ਦੋ ਹੋਰ ਮੈਂਬਰਾਂ ਨੂੰ ਮੁੜ ਬਦਲ ਦਿੱਤਾ ਹੈ। ਕਾਂਗਰਸ ਹਕੂਮਤ ਦੌਰਾਨ ਦਸੰਬਰ 2021 ਦੌਰਾਨ ਮਜੀਠੀਆ ਖ਼ਿਲਾਫ਼ ਦਰਜ ਮਾਮਲੇ ਦੀ ਜਾਂਚ ਲਈ ਇਹ ਪੰਜਵੀਂ ਸਿੱਟ ਬਣਾਈ ਗਈ ਹੈ। ਜਾਂਚ ਬਿਊਰੋ ਦੇ ਡਾਇਰੈਕਟਰ ਦੇ ਦਫ਼ਤਰ ਨੇ ਐੱਫ.ਆਈ.ਆਰ. ਨੰਬਰ 2/2021 ਦੇ ਮਾਮਲੇ ਦੀ ਜਾਂਚ ਲਈ ਪ੍ਰਸ਼ਾਸਕੀ ਆਧਾਰ ’ਤੇ ਸਿੱਟ ਦਾ ਮੁੜ ਤੋਂ ਗਠਨ ਕੀਤਾ ਹੈ। ਹੁਕਮਾਂ ਮੁਤਾਬਕ ਡੀ.ਆਈ.ਜੀ. ਐੱਚ.ਐੱਸ. ਭੁੱਲਰ ਦੀ ਥਾਂ ’ਤੇ ਏ.ਆਈ.ਜੀ. (ਪ੍ਰੋਵਿਜ਼ਨਿੰਗ) ਵਰੁਣ ਸ਼ਰਮਾ, ਜੋ ਪਹਿਲਾਂ ਸਿੱਟ ਦੇ ਮੈਂਬਰ ਸਨ, ਨੂੰ ਸਿੱਟ ਦਾ ਚੇਅਰਪਸਨ ਨਿਯੁਕਤ ਕੀਤਾ ਗਿਆ ਹੈ, ਜਦਕਿ ਤਰਨਤਾਰਨ ਦੇ ਐੱਸ.ਐੱਸ.ਪੀ. ਅਭਿਮੰਨਿਊ ਰਾਣਾ ਅਤੇ ਐੱਸ.ਪੀ. (ਐੱਨ.ਆਰ.ਆਈ. ਮਾਮਲੇ, ਪਟਿਆਲਾ) ਗੁਰਬੰਸ ਸਿੰਘ ਬੈਂਸ ਨੂੰ ਉਸ ਦਾ ਮੈਂਬਰ ਬਣਾਇਆ ਗਿਆ ਹੈ। ਦਿਲਚਸਪ ਗੱਲ ਇਹ ਹੈ ਕਿ ਪਹਿਲਾਂ ਦੀਆਂ ਸਾਰੀਆਂ ਸਿੱਟ ਦੀ ਅਗਵਾਈ ਡੀ.ਆਈ.ਜੀ. ਰੈਂਕ ਜਾਂ ਉਸ ਤੋਂ ਉਪਰਲੇ ਅਹੁਦੇ ਦੇ ਅਧਿਕਾਰੀ ਕਰ ਰਹੇ ਸਨ ਪਰ ਇਹ ਪਹਿਲੀ ਵਾਰ ਹੈ, ਜਦੋਂ ਏ.ਆਈ.ਜੀ. ਰੈਂਕ ਦੇ ਅਫ਼ਸਰ ਨੂੰ ਅਹਿਮ ਜ਼ਿੰਮੇਵਾਰੀ ਸੌਂਪੀ ਗਈ ਹੈ।

## NAME CHANGE

I ROHIT KUMAR S/o RAVINDER SACHAR, SACHAR VILLA, RAILWAY ROAD, PHAGWARA, KAPURTHALA PIN:144401, PUNJAB (INDIA) Now R/o 2501, OLIVE AVE APT 1, LONG BEACH, CA 90806, USA have changed my name to ROHIT SACHAR.

## ਮੈਟਰੀਮੋਨੀਅਲ

ਜੱਟ ਸਿੱਖ ਸਿੱਧੂ, ਉਮਰ 28 ਸਾਲ, ਕੱਦ 5’-9”, ਦਸਤਾਰਧਾਰੀ, ਯੂ.ਐੱਸ.ਏ. ਵਿਚ ਸਟੱਡੀ ਵੀਜ਼ੇ ’ਤੇ PhD ਕਰ ਰਹੇ ਲੜਕੇ ਲਈ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ।
ਵਟਸਐਪ ਨੰਬਰ : (706) 206-2516

845

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :
www.punjabmailusa.com



# ਕੈਨੇਡਾ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਵਿਦੇਸ਼ੀ ਕਾਮਿਆਂ, ਵਿਦਿਆਰਥੀਆਂ ਦੇ ਵੀਜ਼ੇ ਕਰ ਰਿਹੈ ਰੱਦ !

**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ 'ਚ ਵਿਦੇਸ਼ੀ ਕਾਮਿਆਂ ਅਤੇ ਵਿਦਿਆਰਥੀਆਂ ਲਈ ਦਰਵਾਜ਼ੇ ਬੰਦ ਹੋ ਰਹੇ ਹਨ। ਹਾਲ ਹੀ ਵਿਚ ਜਾਰੀ ਸਰਕਾਰੀ ਅੰਕੜੇ ਖੁਦ ਇਸ ਗੱਲ ਦੀ ਗਵਾਹੀ ਦੇ ਰਹੇ ਹਨ। ਕੈਨੇਡਾ ਦੇ ਸਥਾਨਕ ਅਖ਼ਬਾਰ ਨੇ ਸਰਕਾਰ ਦੇ ਵੀਜ਼ਾ ਅਸਵੀਕਾਰ ਦਰ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕੀਤਾ ਹੈ। ਇਸ ਵਿਚ ਦੱਸਿਆ ਗਿਆ ਹੈ ਕਿ ਕੈਨੇਡਾ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਵਿਦੇਸ਼ੀ ਕਾਮਿਆਂ, ਵਿਦਿਆਰਥੀਆਂ ਅਤੇ ਸੈਲਾਨੀਆਂ ਦੇ ਵੀਜ਼ੇ ਰੱਦ ਕਰ ਰਿਹਾ ਹੈ। 2024 ਵਿਚ 23.5 ਲੱਖ ਵੀਜ਼ਾ ਅਰਜ਼ੀਆਂ ਰੱਦ ਕੀਤੀਆਂ ਗਈਆਂ, ਜੋ ਕਿ ਕੁੱਲ ਅਰਜ਼ੀਆਂ ਦਾ 50% ਹੈ।



ਅੰਕੜਿਆਂ ਮੁਤਾਬਕ ਪਿਛਲੇ ਸਾਲ 18 ਲੱਖ ਵੀਜ਼ਾ ਅਰਜ਼ੀਆਂ ਰੱਦ ਕੀਤੀਆਂ ਗਈਆਂ ਸਨ, ਜੋ ਕਿ ਕੁੱਲ ਅਰਜ਼ੀਆਂ ਦਾ 35% ਤੋਂ ਵੱਧ ਸਨ। ਕੈਨੇਡਾ 'ਚ ਰਹਿਣ-ਸਹਿਣ ਦਾ ਖਰਚ ਲਗਾਤਾਰ ਵਧ ਰਿਹਾ ਹੈ ਅਤੇ ਇਸ ਤੋਂ ਇਲਾਵਾ ਰਿਹਾਇਸ਼ੀ ਸੰਕਟ ਵੀ ਪੈਦਾ ਹੋ ਗਿਆ ਹੈ। ਵਿਦੇਸ਼ੀ ਕਾਮਿਆਂ ਅਤੇ ਵਿਦਿਆਰਥੀਆਂ ਦੇ ਆਉਣ ਕਾਰਨ ਸਿਹਤ ਸੰਭਾਲ 'ਤੇ ਦਬਾਅ ਵਧ ਰਿਹਾ ਹੈ। ਇਸ ਨੂੰ ਧਿਆਨ ਵਿਚ ਰੱਖਦੇ ਹੋਏ ਕੈਨੇਡੀਅਨ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਉਹ ਘੱਟੋ-ਘੱਟ ਵਿਦੇਸ਼ੀ ਲੋਕਾਂ ਨੂੰ ਦੇਸ਼ ਵਿਚ ਦਾਖਲ ਹੋਣ ਦੀ ਆਗਿਆ ਦੇਵੇਗੀ, ਜਿਸ ਕਾਰਨ ਵੀਜ਼ਾ ਰੱਦ ਹੋਣ ਦੀ ਦਰ ਵਧ ਗਈ ਹੈ।

ਵੀਜ਼ਾ ਦੀ ਹਰ ਸ਼੍ਰੇਣੀ 'ਚ ਅਸਵੀਕਾਰ ਦਰ ਵਧੀ ਹੈ, ਭਾਵੇਂ ਇਹ ਵਿਦਿਆਰਥੀ ਹੋਵੇ ਜਾਂ ਵਰਕ ਵੀਜ਼ਾ। ਕੈਨੇਡਾ ਵਿਚ ਕੰਮ ਕਰਨ ਵਾਲੇ ਕਾਮਿਆਂ ਨੂੰ ਯਾਤਰਾ ਕਰਨ ਜਾਂ ਆਪਣੇ ਪਰਿਵਾਰਾਂ ਨੂੰ ਮਿਲਣ ਲਈ ਵਿਜ਼ਟਰ ਵੀਜ਼ਾ ਦਿੱਤਾ ਜਾਂਦਾ ਹੈ। ਇਸ ਵੀਜ਼ਾ ਸ਼੍ਰੇਣੀ 'ਚ ਸਭ ਤੋਂ ਵੱਧ ਅਸਵੀਕਾਰ ਦਰ ਦੇਖੀ ਜਾਂਦੀ ਹੈ। ਵਿਜ਼ਟਰ ਵੀਜ਼ਾ ਲਈ ਅਰਜ਼ੀ ਦੇਣ ਵਾਲੇ 54% ਬਿਨੈਕਾਰਾਂ ਨੂੰ ਇਹ ਪ੍ਰਾਪਤ ਨਹੀਂ ਹੋਇਆ, ਜਦੋਂਕਿ 2023 'ਚ ਇਹ ਅੰਕੜਾ 40% ਸੀ। ਵਿਦਿਆਰਥੀ ਪਰਮਿਟ ਰੱਦ ਹੋਣ ਦੀ ਦਰ ਵੀ ਵਧ ਕੇ 52% ਹੋ ਗਈ ਹੈ, ਜਦੋਂਕਿ ਪਿਛਲੇ ਸਾਲ ਇਹ 38% ਸੀ। ਘੱਟ ਵਿਦਿਆਰਥੀਆਂ ਨੂੰ ਵੀਜ਼ਾ ਮਿਲਣ ਕਾਰਨ ਦਾਖਲੇ ਵੀ ਘੱਟ ਗਏ ਹਨ, ਜਿਸ ਦਾ ਅਰਥਚਾਰਿਆਂ 'ਤੇ ਅਸਰ ਪੈ ਰਿਹਾ ਹੈ। ਕੈਨੇਡਾ 'ਚ ਵਿਦਿਆਰਥੀ ਵੀਜ਼ਾ ਅਰਜ਼ੀਆਂ 'ਚ 46% ਦੀ ਗਿਰਾਵਟ ਆਈ ਹੈ। 2023 'ਚ 8,68,000 ਅਰਜ਼ੀਆਂ ਆਈਆਂ ਸਨ, ਜਦੋਂਕਿ 2024 ਵਿਚ ਇਹ ਗਿਣਤੀ ਵੱਧ ਕੇ 469,000 ਹੋ ਗਈ। ਇਹ ਗਿਰਾਵਟ ਇੱਕ ਵਿਆਪਕ ਵਿਸ਼ਵਵਿਆਪੀ ਰੁਝਾਨ ਨੂੰ ਦਰਸਾਉਂਦੀ ਹੈ, ਜਿਸ ਵਿਚ ਆਸਟ੍ਰੇਲੀਆ, ਯੂ.ਕੇ. ਅਤੇ ਅਮਰੀਕਾ ਵਰਗੇ ਦੇਸ਼ ਵੀ ਵਿਦਿਆਰਥੀ ਦਾਖਲਿਆਂ 'ਚ ਗਿਰਾਵਟ ਦਾ ਅਨੁਭਵ ਕਰ ਰਹੇ ਹਨ।

ਵਰਕ ਪਰਮਿਟਾਂ ਵਿਚ ਥੋੜ੍ਹਾ ਜਿਹਾ ਸੁਧਾਰ ਹੋਇਆ ਹੈ, ਪਰ ਫਿਰ ਵੀ 22% ਬਿਨੈਕਾਰਾਂ ਨੂੰ ਅਸਵੀਕਾਰ ਦਾ ਸਾਹਮਣਾ ਕਰਨਾ ਪਿਆ। ਕੈਨੇਡੀਅਨ ਸਰਕਾਰ ਨੇ 2025 ਤੋਂ 2027 ਦੇ ਵਿਚਕਾਰ ਨਵੇਂ ਸਥਾਈ ਨਿਵਾਸੀਆਂ ਦੀ ਗਿਣਤੀ 20% ਘਟਾਉਣ ਦਾ ਫੈਸਲਾ ਕੀਤਾ ਹੈ। 2025 ਵਿਚ ਸਿਰਫ਼ 395,000 ਨਵੇਂ ਆਉਣ ਵਾਲਿਆਂ ਨੂੰ ਹੀ ਸਥਾਈ ਨਿਵਾਸ ਮਿਲੇਗਾ। ਪਹਿਲਾਂ ਇਹ ਗਿਣਤੀ ਜ਼ਿਆਦਾ ਸੀ। ਕੈਨੇਡਾ ਕਿਸੇ ਵੀ ਤਰੀਕੇ ਨਾਲ ਵਿਦੇਸ਼ੀਆਂ ਦੀ ਗਿਣਤੀ ਘਟਾਉਣਾ ਚਾਹੁੰਦਾ ਹੈ, ਜਿਸ ਲਈ ਉਹ ਸਖ਼ਤ ਕਦਮ ਚੁੱਕਣ ਤੋਂ ਨਹੀਂ ਝਿਜਕ ਰਿਹਾ।

# ਦਲਾਈ ਲਾਮਾ ਵੱਕਾਰੀ 'ਗੋਲਡ ਮਰਕਰੀ ਐਵਾਰਡ' ਨਾਲ ਸਨਮਾਨਿਤ



**ਧਰਮਸ਼ਾਲਾ, (ਪੰਜਾਬ ਮੇਲ)-** ਤਿੱਬਤੀ ਧਾਰਮਿਕ ਆਗੂ ਦਲਾਈ ਲਾਮਾ ਨੂੰ ਸ਼ਾਂਤੀ ਤੇ ਸਥਿਰਤਾ ਕਾਇਮ ਕਰਨ ਲਈ ਪਾਏ ਯੋਗਦਾਨ ਬਦਲੇ ਵੱਕਾਰੀ 'ਗੋਲਡ ਮਰਕਰੀ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਐਵਾਰਡ ਦੇਣ ਸਬੰਧੀ ਸਮਾਗਮ ਉਨ੍ਹਾਂ ਦੀ ਧਰਮਸ਼ਾਲਾ ਸਥਿਤ ਰਿਹਾਇਸ਼ 'ਤੇ ਕਰਵਾਇਆ ਗਿਆ। ਇਹ ਪੁਰਸਕਾਰ ਗੋਲਡ ਮਰਕਰੀ ਇੰਟਰਨੈਸ਼ਨਲ ਵੱਲੋਂ ਦਿੱਤਾ ਗਿਆ, ਜੋ ਇੱਕ ਆਲਮੀ ਪੱਧਰ ਦੀ ਸੰਸਥਾ ਤੇ ਕੌਮਾਂਤਰੀ ਐੱਨ.ਜੀ.ਓ. ਹੈ, ਜੋ ਸ਼ਾਂਤੀ, ਸ਼ਾਸਨ ਤੇ ਸਥਿਰ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਕਾਰਜਸ਼ੀਲ ਹੈ। ਸੰਸਥਾ ਦੇ ਪ੍ਰਧਾਨ ਨਿਕੋਲਸ ਡੀ ਸੈਂਟਡਸ ਨੇ ਕਿਹਾ, 'ਦਲਾਈ ਲਾਮਾ ਇੱਕ ਅਜਿਹੇ ਆਗੂ ਹਨ, ਜਿਨ੍ਹਾਂ ਦੇ ਗਿਆਨ, ਦਯਾ ਤੇ ਸ਼ਾਂਤੀ ਪ੍ਰਤੀ ਅਟੁੱਟ ਸਮਰਪਣ ਨੇ ਦੁਨੀਆਂ ਨੂੰ ਪ੍ਰੇਰਿਤ ਕੀਤਾ ਹੈ।'

# ਯੂ.ਕੇ. ਸੰਸਦ ਮੈਂਬਰ ਨੇ ਯੂ.ਕੇ. ਸਰਕਾਰ ਨੂੰ ਜਲ੍ਹਿਆਂਵਾਲਾ ਬਾਗ ਕਤਲੇਆਮ ਲਈ ਭਾਰਤ ਤੋਂ ਮੁਆਫ਼ੀ ਮੰਗਣ ਦੀ ਕੀਤੀ ਮੰਗ

**ਲੰਡਨ, (ਪੰਜਾਬ ਮੇਲ)-** ਹੈਰੋ ਈਸਟ ਤੋਂ ਯੂ.ਕੇ. ਦੇ ਕੰਜ਼ਰਵੇਟਿਵ ਸੰਸਦ ਮੈਂਬਰ ਬੌਬ ਬਲੈਕਮੈਨ ਨੇ ਵੀਰਵਾਰ ਦੇਰ ਰਾਤ ਕਿਹਾ ਕਿ ਉਨ੍ਹਾਂ ਮੰਗ ਕੀਤੀ ਕਿ ਯੂ.ਕੇ. ਸਰਕਾਰ ਭਿਆਨਕ ਜਲ੍ਹਿਆਂਵਾਲਾ ਬਾਗ ਕਤਲੇਆਮ ਦੀ ਵਰ੍ਹੇਗੰਢ 'ਤੇ ਭਾਰਤ ਤੋਂ ਮੁਆਫ਼ੀ ਮੰਗੇ। ਯੂ.ਕੇ. ਦੀ ਸੰਸਦ ਵਿਚ ਬੋਲਦੇ ਹੋਏ ਬਲੈਕਮੈਨ ਨੇ 13 ਅਪ੍ਰੈਲ, 1919 ਦੀਆਂ ਘਟਨਾਵਾਂ ਨੂੰ ਉਜਾਗਰ ਕੀਤਾ ਅਤੇ ਕਿਹਾ ਕਿ ਜਲ੍ਹਿਆਂਵਾਲਾ ਬਾਗ ਵਿਚ ਹੋਈ ਗੋਲੀਬਾਰੀ ਵਿਚ ਹਜ਼ਾਰਾਂ ਨਿਰਦੋਸ਼ ਨਾਗਰਿਕ ਮਾਰੇ ਗਏ ਅਤੇ ਜ਼ਖਮੀ ਹੋਏ ਸਨ।

ਉਨ੍ਹਾਂ ਕਿਹਾ, "ਮੈਂ ਜਲ੍ਹਿਆਂਵਾਲਾ ਬਾਗ ਕਤਲੇਆਮ ਦਾ ਮੁੱਦਾ ਉਠਾਇਆ। ਮੈਂ ਸਰਕਾਰ ਨੂੰ ਅੱਤਿਆਚਾਰਾਂ ਦੀ ਵਰ੍ਹੇਗੰਢ ਤੋਂ ਪਹਿਲਾਂ ਭਾਰਤ ਦੇ ਲੋਕਾਂ ਤੋਂ ਰਸਮੀ ਤੌਰ 'ਤੇ ਮੁਆਫ਼ੀ ਮੰਗਣ ਲਈ ਕਿਹਾ।" ਐਕਸ 'ਤੇ ਜਾਰੀ ਇਕ ਵੀਡੀਓ ਵਿਚ ਬਲੈਕਮੈਨ ਨੂੰ ਇਹ ਕਹਿੰਦੇ ਹੋਏ ਦੇਖਿਆ ਗਿਆ ਕਿ 13 ਅਪ੍ਰੈਲ, 1919 ਨੂੰ ਜਨਰਲ ਡਾਇਰ ਨੇ ਬ੍ਰਿਟਿਸ਼ ਫੌਜਾਂ ਨੂੰ ਜਲ੍ਹਿਆਂਵਾਲਾ ਬਾਗ ਵਿਚ ਸ਼ਾਂਤੀਪੂਰਵਕ ਇਕੱਠੇ ਹੋਏ ਨਿਰਦੋਸ਼ ਨਾਗਰਿਕਾਂ 'ਤੇ ਗੋਲੀਬਾਰੀ ਕਰਨ ਦਾ ਹੁਕਮ ਦਿੱਤਾ।

ਉਨ੍ਹਾਂ ਕਿਹਾ ਕਿ ਬ੍ਰਿਟਿਸ਼ ਫੌਜ ਦੀ ਤਰਫੋਂ ਜਨਰਲ ਡਾਇਰ ਨੇ ਆਪਣੀਆਂ ਫੌਜਾਂ ਨੂੰ ਮਾਰਚ ਕੀਤਾ ਅਤੇ ਨਿਰਦੋਸ਼ ਲੋਕਾਂ 'ਤੇ ਗੋਲੀਬਾਰੀ ਕਰਨ ਦਾ ਹੁਕਮ ਦਿੱਤਾ, ਜਦੋਂ ਤੱਕ ਉਨ੍ਹਾਂ ਕੋਲ ਗੋਲਾ ਬਾਰੂਦ ਖਤਮ ਨਹੀਂ ਹੋ ਗਿਆ। ਉਸ ਕਤਲੇਆਮ ਦੇ ਅੰਤ ਵਿਚ 1,500 ਲੋਕ ਮਾਰੇ ਗਏ ਅਤੇ 1,200 ਜ਼ਖਮੀ ਹੋ ਗਏ।

ਬਲੈਕਮੈਨ ਨੇ ਕਿਹਾ, "2019 ਵਿਚ ਉਸ ਸਮੇਂ ਦੀ ਪ੍ਰਧਾਨ ਮੰਤਰੀ ਥੈਰੇਸਾ ਮੇਅ ਨੇ ਮੰਨਿਆ ਕਿ ਇਹ ਭਾਰਤ ਵਿਚ ਬ੍ਰਿਟਿਸ਼ ਬਸਤੀਵਾਦੀ ਸ਼ਾਸਨ 'ਤੇ ਇਕ ਦਾਗ ਸੀ। ਪਰ ਕੀ ਅਸੀਂ ਸਰਕਾਰੀ ਸਮੇਂ ਵਿਚ ਕੋਈ ਬਿਆਨ ਦੇ ਸਕਦੇ ਹਾਂ? ਇਸ ਦੀ ਵਰ੍ਹੇਗੰਢ ਇਸ ਸਾਲ 13 ਅਪ੍ਰੈਲ ਨੂੰ ਹੋਵੇਗੀ, ਜਦੋਂ ਅਸੀਂ ਛੁੱਟੀਆਂ 'ਤੇ ਹਾਂ। ਤਾਂ ਕੀ ਅਸੀਂ ਸਰਕਾਰ ਤੋਂ ਇਕ ਬਿਆਨ ਲੈ ਸਕਦੇ ਹਾਂ, ਜੋ ਗਲਤੀ ਨੂੰ ਸਵੀਕਾਰ ਕਰਦਾ ਹੋਵੇ ਅਤੇ ਭਾਰਤ ਦੇ ਲੋਕਾਂ ਤੋਂ ਰਸਮੀ ਤੌਰ 'ਤੇ ਮੁਆਫ਼ੀ ਮੰਗਦਾ ਹੋਵੇ।"

ਸੰਸਦ ਵਿਚ ਇਕ ਹੋਰ ਸੰਸਦ ਮੈਂਬਰ ਨੇ ਬਲੈਕਮੈਨ ਦਾ ਇਸ ਮੁੱਦੇ ਨੂੰ ਉਠਾਉਣ ਲਈ ਧੰਨਵਾਦ ਕੀਤਾ, ਕਤਲੇਆਮ ਨੂੰ ਬ੍ਰਿਟਿਸ਼ ਬਸਤੀਵਾਦ ਦੇ ਇਤਿਹਾਸ ਵਿਚ ਸਭ ਤੋਂ ਬਦਨਾਮ ਅਤੇ ਸ਼ਰਮਨਾਕ ਘਟਨਾਵਾਂ ਵਿਚੋਂ ਇਕ ਦੱਸਿਆ।

ਜ਼ਿਕਰਯੋਗ ਹੈ ਕਿ ਪੰਜਾਬ ਸੂਬੇ ਵਿਚ ਜਲ੍ਹਿਆਂਵਾਲਾ ਬਾਗ ਯਾਦਗਾਰ ਉਨ੍ਹਾਂ 2,000 ਭਾਰਤੀਆਂ ਦੀ ਯਾਦ ਵਿਚ ਹੈ, ਜਿਨ੍ਹਾਂ ਨੂੰ ਜਨਰਲ ਮਾਈਕਲ ਓ' ਡਾਇਰ ਦੀ ਕਮਾਂਡ ਹੇਠ 13 ਅਪ੍ਰੈਲ 1919 ਨੂੰ ਇਕ ਸ਼ਾਂਤੀਪੂਰਵਕ ਜਨਤਕ ਮੀਟਿੰਗ 'ਚ ਹਿੱਸਾ ਲੈਂਦੇ ਸਮੇਂ ਅੰਗਰੇਜ਼ਾਂ ਦੁਆਰਾ ਅੰਨ੍ਹੇਵਾਹ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ ਜਾਂ ਜ਼ਖਮੀ ਕਰ ਦਿੱਤਾ ਗਿਆ ਸੀ।



# ਸ਼੍ਰੋਮਣੀ ਕਮੇਟੀ ਦਾ ਵਿੱਤੀ ਵਰ੍ਹੇ 2025-26 ਲਈ 1386 ਕਰੋੜ 47 ਲੱਖ ਰੁਪਏ ਦਾ ਬਜਟ ਜੈਕਾਰਿਆਂ ਦੀ ਗੂੰਜ ਵਿਚ ਪਾਸ



**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਿੱਤੀ ਵਰ੍ਹੇ 2025-26 ਲਈ 1386 ਕਰੋੜ 47 ਲੱਖ 80 ਹਜ਼ਾਰ ਰੁਪਏ ਦਾ ਬਜਟ ਜੈਕਾਰਿਆਂ ਦੀ ਗੂੰਜ ਵਿਚ ਪਾਸ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦਫ਼ਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੋਏ ਬਜਟ ਇਜਲਾਸ ਦੀ ਪ੍ਰਧਾਨਗੀ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤੀ, ਜਦਕਿ ਜਨਰਲ ਸਕੱਤਰ ਸ. ਸ਼ੇਰ ਸਿੰਘ ਮੰਡਵਾਲਾ ਨੇ ਬਜਟ ਪੇਸ਼ ਕੀਤਾ। ਇਜਲਾਸ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਅਤੇ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਉਚੇਚੇ ਤੌਰ 'ਤੇ ਮੌਜੂਦ ਰਹੇ।

ਸ਼੍ਰੋਮਣੀ ਕਮੇਟੀ ਦੇ ਇਸ ਸਾਲ ਪਾਸ ਕੀਤੇ ਗਏ 1386 ਕਰੋੜ 47 ਲੱਖ ਰੁਪਏ ਦੇ ਬਜਟ ਵਿਚ ਪਿਛਲੇ ਸਾਲ ਨਾਲੋਂ 9.95 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ। ਜਨਰਲ ਸਕੱਤਰ ਸ. ਸ਼ੇਰ ਸਿੰਘ ਮੰਡਵਾਲਾ ਨੇ ਬਜਟ ਪੇਸ਼ ਕਰਦਿਆਂ ਵੱਖ-ਵੱਖ ਵਿਭਾਗਾਂ ਅਤੇ ਅਦਾਰਿਆਂ ਲਈ ਹੋਣ ਵਾਲੀ ਆਮਦਨ ਦੇ ਵੇਰਵੇ ਸਾਂਝੇ ਕੀਤੇ ਅਤੇ ਭਵਿੱਖੀ ਕਾਰਜਾਂ ਲਈ ਰੱਖੀ ਗਈ ਰਾਸ਼ੀ ਦਾ ਖੁਲਾਸਾ ਕੀਤਾ। ਉਨ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਬੀਤੇ ਅਰਸੇ ਵਿਚ ਕੀਤੇ ਗਏ ਪੰਥਕ, ਵਿਦਿਅਕ, ਧਰਮ ਪ੍ਰਚਾਰ ਅਤੇ ਲੋਕ ਭਲਾਈ ਦੇ ਕਾਰਜਾਂ ਦੀ ਵੀ ਤਫਸੀਲ ਸਾਂਝੀ ਕੀਤੀ। ਸ. ਮੰਡਵਾਲਾ ਅਨੁਸਾਰ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਦੀ ਅਗਵਾਈ ਵਿਚ ਸਿੱਖ ਸੰਸਥਾ ਨੇ ਧਰਮ ਪ੍ਰਚਾਰ, ਵਿਦਿਆ ਦੇ ਪ੍ਰਚਾਰ ਪ੍ਰਸਾਰ, ਪੰਥਕ ਕਾਰਜਾਂ ਅਤੇ ਲੋਕ ਭਲਾਈ ਵਾਸਤੇ ਅਹਿਮ ਕਾਰਜ ਕੀਤੇ ਹਨ ਅਤੇ ਇਸ ਵਾਰ ਵੀ ਬਜਟ ਵਿਚ ਇਨ੍ਹਾਂ ਖੇਤਰਾਂ ਲਈ ਵਿਸ਼ੇਸ਼ ਰਾਸ਼ੀ ਦਾ ਇੰਤਜਾਮ ਕੀਤਾ ਗਿਆ ਹੈ।

ਬਜਟ ਇਜਲਾਸ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਜਨਰਲ ਸਕੱਤਰ ਸ. ਸ਼ੇਰ ਸਿੰਘ ਮੰਡਵਾਲਾ ਵੱਲੋਂ ਪੇਸ਼ ਕੀਤਾ ਗਿਆ ਬਜਟ ਸੰਗਤਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਵਾਲਾ ਹੈ ਅਤੇ ਇਸ ਵਿਚ ਸੰਗਤਾਂ ਲਈ ਸਹੂਲਤਾਂ ਦਾ ਖਾਸ ਧਿਆਨ ਰੱਖਿਆ ਗਿਆ ਹੈ। ਇਸ ਤਹਿਤ ਨਵੀਆਂ ਸਰਾਵਾਂ, ਸਿਹਤ ਅਤੇ ਸਿੱਖਿਆ ਸੇਵਾਵਾਂ ਵਿਚ ਪ੍ਰਭਾਵੀ ਵਾਧਾ ਅਤੇ ਧਰਮ ਪ੍ਰਚਾਰ ਖੇਤਰ ਅੰਦਰ ਨਵੀਂ ਸੋਧਾਂ ਤੇ ਸੇਧਾਂ ਸ਼ਾਮਲ ਕਰਕੇ ਬਿਹਤਰ ਨਤੀਜੇ ਹਾਸਲ ਕਰਨ ਦਾ ਯਤਨ ਕੀਤਾ ਜਾਵੇਗਾ। ਉਨ੍ਹਾਂ ਵੇਰਵੇ ਸਾਂਝੇ ਕਰਦਿਆਂ ਕਿਹਾ ਕਿ ਇਸ ਸਾਲ ਧਰਮ ਪ੍ਰਚਾਰ ਕਮੇਟੀ ਦਾ ਬਜਟ 110 ਕਰੋੜ ਰੁਪਏ, ਜਦਕਿ ਗੁਰਦੁਆਰਾ ਸਾਹਿਬਾਨ ਦਾ ਬਜਟ 1062 ਕਰੋੜ ਰੁਪਏ ਹੈ। ਇਸੇ ਤਰ੍ਹਾਂ ਜਨਰਲ ਬੋਰਡ ਫੰਡ, ਟ੍ਰਸਟ ਫੰਡ, ਵਿਦਿਆ ਫੰਡ, ਖੇਡਾਂ, ਪ੍ਰਿੰਟਿੰਗ ਪ੍ਰੈੱਸਾਂ ਅਤੇ ਵਿਦਿਅਕ ਅਦਾਰਿਆਂ ਲਈ ਵਿਸ਼ੇਸ਼ ਰਾਸ਼ੀ ਦਾ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪੰਥਕ ਭਲਾਈ ਕਾਰਜਾਂ ਲਈ 4 ਕਰੋੜ 95 ਲੱਖ ਰੁਪਏ, ਸਿੱਖ ਬੱਚਿਆਂ ਨੂੰ ਮੁਫਤ ਵਿਦਿਆ ਲਈ 8 ਕਰੋੜ 40 ਲੱਖ ਰੁਪਏ, ਖੇਡਾਂ ਲਈ 3 ਕਰੋੜ 9 ਲੱਖ ਰੁਪਏ, ਕੁਦਰਤੀ ਆਫ਼ਤਾਂ ਲਈ 1 ਕਰੋੜ 50 ਲੱਖ ਰੁਪਏ, ਵੱਖ-ਵੱਖ ਗੁਰਦੁਆਰਿਆਂ ਅੰਦਰ ਸਥਾਪਤ ਮੁਫ਼ਤ ਡਿਸਪੈਂਸਰੀਆਂ ਲਈ 44 ਲੱਖ ਰੁਪਏ ਰੱਖੇ ਗਏ ਹਨ। ਉਨ੍ਹਾਂ ਦੱਸਿਆ ਕਿ ਪ੍ਰਸ਼ਾਸਕੀ ਤੇ ਜੁਡੀਸ਼ੀਅਲ ਸੇਵਾਵਾਂ ਵਾਸਤੇ ਸਿੱਖ ਨੌਜਵਾਨਾਂ ਦੀ ਤਿਆਰੀ ਕਰਵਾਉਣ ਲਈ ਚੱਲ ਰਹੀ ਨਿਸ਼ਚੈ ਅਕੈਡਮੀ ਲਈ 2 ਕਰੋੜ 63 ਲੱਖ ਰੁਪਏ, ਅੰਮ੍ਰਿਤ ਸੰਚਾਰ ਲਈ ਭੇਟਾ ਰਹਿਤ ਕਕਾਰ ਦੇਣ ਵਾਸਤੇ 1 ਕਰੋੜ 95 ਲੱਖ ਰੁਪਏ ਰਾਖਵੇਂ ਕੀਤੇ ਹਨ। ਇਸੇ ਤਰ੍ਹਾਂ ਧਰਮ ਪ੍ਰਚਾਰ ਲਹਿਰ ਨੂੰ ਪ੍ਰਚੰਡ ਕਰਨ ਵਾਸਤੇ 1 ਕਰੋੜ 14 ਲੱਖ, ਬੰਦੀ ਸਿੰਘਾਂ ਦੇ ਮਾਮਲਿਆਂ ਲਈ 60 ਲੱਖ ਰੁਪਏ, ਸਿਕਲੀਗਰ ਸਿੱਖਾਂ ਲਈ 60 ਲੱਖ ਰੁਪਏ, ਅੰਮ੍ਰਿਤਧਾਰੀ ਵਿਦਿਆਰਥੀਆਂ ਦੀਆਂ ਫੀਸਾਂ ਲਈ 2 ਕਰੋੜ 50 ਲੱਖ ਰੁਪਏ, ਅੰਮ੍ਰਿਤਧਾਰੀ ਲੜਕੀਆਂ ਨੂੰ ਮੁਫ਼ਤ ਵਿਦਿਆ ਲਈ 2 ਕਰੋੜ ਰੁਪਏ, ਮੀਰੀ ਪੀਰੀ ਮੈਡੀਕਲ ਕਾਲਜ ਹਰਿਆਣਾ ਲਈ 8 ਕਰੋੜ ਰੁਪਏ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਲਈ 8 ਕਰੋੜ ਰੁਪਏ ਖਰਚੇ ਜਾਣਗੇ।

# ਮੈਲਬੌਰਨ 'ਚ ਬੈਂਚ ਪ੍ਰੈਸ ਦੇ ਮੁਕਾਬਲਿਆਂ 'ਚ ਪੰਜਾਬੀ ਨੌਜਵਾਨ ਰਾਣਾ ਨੇ ਜਿੱਤਿਆ ਸੋਨ ਤਗਮਾ



**ਮੈਲਬਰਨ, (ਮਨਦੀਪ ਸੈਣੀ/ ਪੰਜਾਬ ਮੇਲ)-** ਅਸਟ੍ਰੇਲੀਆ ਵਿਚ ਵਰਲਡ ਪਾਵਰ ਲਿਫਟਿੰਗ ਐਸੋਸੀਏਸ਼ਨ ਵਲੋਂ ਕਰਵਾਏ ਗਏ ਬੈਂਚ ਪ੍ਰੈੱਸ ਮੁਕਾਬਲਿਆਂ ਵਿਚ ਪੰਜਾਬੀ ਨੌਜਵਾਨ ਤੇਜਬੀਰ ਸਿੰਘ ਰਾਣਾ ਰੌਕ ਨੇ ਸੋਨ ਤਗਮਾ ਹਾਸਲ ਕੀਤਾ ਹੈ। ਵੱਖ-ਵੱਖ ਦੇਸ਼ਾਂ ਤੋਂ ਆਏ ਪ੍ਰਤੀਯੋਗੀਆਂ ਨੂੰ ਪਛਾੜਦੇ ਹੋਏ ਤੇਜਬੀਰ ਸਿੰਘ ਨੇ ਚੈਂਪੀਅਨਸ਼ਿਪ ਦੀ ਮਾਸਟਰ ਸ਼੍ਰੇਣੀ ਵਿਚ ਹੋਏ ਇਸ ਮੁਕਾਬਲੇ ਦੌਰਾਨ ਤਗਮਾ ਜਿੱਤ ਕੇ ਸਮੁੱਚੇ ਦੇਸ਼ ਦਾ ਨਾਮ ਰੋਸ਼ਨ ਕੀਤਾ ਹੈ। ਭਾਰਤ ਸਰਕਾਰ ਵੱਲੋਂ ਇਸ ਮੁਕਾਬਲੇ ਲਈ ਤੇਜਵੀਰ ਸਿੰਘ ਦੀ ਚੋਣ ਕੀਤੀ ਗਈ ਸੀ, ਜਿਸ ਤਹਿਤ ਇਸ ਨੌਜਵਾਨ ਨੇ ਪੰਜਾਬ ਤੋਂ ਆ ਕੇ ਚੈਂਪੀਅਨਸ਼ਿਪ ਜਿੱਤ ਕੇ ਜੇਤੂ ਤਗਮਾ ਦੇਸ਼ ਦੀ ਝੋਲੀ ਪਾਇਆ। ਪੰਜਾਬ ਦੇ ਜ਼ਿਲ੍ਹਾ ਅੰਮ੍ਰਿਤਸਰ ਦੇ ਰਹਿਣ ਵਾਲੇ ਇਸ ਨੌਜਵਾਨ ਨੇ ਇਸ ਮੌਕੇ ਖੁਸ਼ੀ ਸਾਂਝੀ ਕਰਦਿਆਂ ਕਿਹਾ ਕਿ ਉਹ ਆਪਣੀ ਮਿਹਨਤ ਜਾਰੀ ਰੱਖਣਗੇ। ਇਸ ਸੋਨ ਤਗਮੇ ਲਈ ਤੇਜਵੀਰ ਸਿੰਘ ਨੇ ਅੰਤਰਰਾਸ਼ਟਰੀ ਕਾਮਨਵੈਲਥ ਪਾਵਰ ਲਿਫਟਰ ਖਿਡਾਰੀ ਅਜੇ ਗੋਗਨਾ ਭੁਲੱਥ ਦਾ ਖਾਸ ਧੰਨਵਾਦ ਕੀਤਾ ਹੈ।

# ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਤੇ ਸੇਵਾ ਮੁਕਤੀ ਸਬੰਧੀ ਨਿਯਮਾਵਲੀ ਬਣਾਉਣ ਲਈ ਸ਼੍ਰੋਮਣੀ ਕਮੇਟੀ ਨੇ ਪੰਥ ਤੋਂ ਮੰਗੇ ਸੁਝਾਅ

**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਯੋਗਤਾ, ਨਿਯੁਕਤੀ, ਕਾਰਜ ਖੇਤਰ, ਜ਼ਿੰਮੇਵਾਰੀਆਂ ਅਤੇ ਸੇਵਾ ਮੁਕਤੀ ਸਬੰਧੀ ਨਿਯਮ ਨਿਰਧਾਰਤ ਕਰਨ ਲਈ ਸਿੱਖ ਪੰਥ ਦੀਆਂ ਸਮੂਹ ਜਥੇਬੰਦੀਆਂ, ਦਮਦਮੀ ਟਕਸਾਲ, ਨਿਹੰਗ ਸਿੰਘ ਦਲਾਂ, ਆਲਮੀ ਸਿੱਖ ਸੰਸਥਾਵਾਂ, ਸਿੰਘ ਸਭਾਵਾਂ, ਦੀਵਾਨਾਂ, ਸਭਾ ਸੁਸਾਇਟੀਆਂ ਅਤੇ ਦੇਸ਼ ਵਿਦੇਸ਼ 'ਚ ਵੱਸਦੇ ਵਿਦਵਾਨਾਂ ਤੇ ਬੁੱਧੀਜੀਵੀਆਂ ਨੂੰ ਆਪਣੇ ਸੁਝਾਅ ਭੇਜਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਦੀ ਇਹ ਚਿਰੋਕਣੀ ਮੰਗ ਰਹੀ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਪਦਵੀ ਦੇ ਸਤਿਕਾਰ ਅਤੇ ਮਹੱਤਵ ਦੇ ਮੱਦੇਨਜ਼ਰ ਸੇਵਾ ਨਿਯਮ ਤਹਿ ਕੀਤੇ ਜਾਣ, ਜਿਸ ਨੂੰ ਲੈ ਕੇ ਬੀਤੇ ਕੱਲ੍ਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਵਿਚ ਸਿਧਾਂਤਕ ਪ੍ਰਵਾਨਗੀ ਦਾ ਮਤਾ ਪਾਸ ਕੀਤਾ ਗਿਆ ਹੈ। ਇਸ ਮਤੇ ਦੀ ਭਾਵਨਾ ਅਨੁਸਾਰ ਜਥੇਦਾਰ ਸਾਹਿਬ ਦੀ ਨਿਯੁਕਤੀ, ਸੇਵਾਵਾਂ ਅਤੇ ਸੇਵਾ ਮੁਕਤੀ ਬਾਰੇ ਕੌਮ ਦੀਆਂ ਸਮੁੱਚੀਆਂ ਜਥੇਬੰਦੀਆਂ ਤੇ ਸੰਸਥਾਵਾਂ ਦੇ ਨਾਲ-ਨਾਲ ਸਿੱਖ ਬੁੱਧੀਜੀਵੀਆਂ ਦੇ ਵਿਚਾਰ ਮਹੱਤਵਪੂਰਨ ਹਨ।



# ਯੂ.ਕੇ. ਵੱਲੋਂ ਸਟੂਡੈਂਟ, ਵਿਜ਼ਟਰ ਸਮੇਤ ਕਈ ਸ਼੍ਰੇਣੀਆਂ 'ਚ ਵੀਜ਼ਾ ਫੀਸਾਂ 'ਚ ਵਾਧੇ ਦਾ ਐਲਾਨ

**ਲੰਡਨ, (ਪੰਜਾਬ ਮੇਲ)**- ਯੂ.ਕੇ. ਨੇ ਵੀਜ਼ਾ ਫੀਸਾਂ ਵਿਚ ਵਾਧੇ ਦਾ ਐਲਾਨ ਕੀਤਾ ਹੈ, ਜੋ ਕਿ 9 ਅਪ੍ਰੈਲ, 2025 ਤੋਂ ਲਾਗੂ ਹੋਣਗੀਆਂ। ਯੂ.ਕੇ. ਦੇ ਗ੍ਰਹਿ ਦਫ਼ਤਰ ਨੇ ਵਿਦਿਆਰਥੀ, ਵਿਜ਼ਿਟਰ ਅਤੇ ਇਲੈਕਟ੍ਰਾਨਿਕ ਯਾਤਰਾ ਅਧਿਕਾਰ ਅਰਜ਼ੀਆਂ ਸਮੇਤ ਕਈ ਸ਼੍ਰੇਣੀਆਂ ਵਿਚ ਵੀਜ਼ਾ ਫੀਸਾਂ ਵਿਚ ਵਾਧੇ ਦਾ ਐਲਾਨ ਕੀਤਾ। ਇਹ ਵਾਧਾ ਵੀਜ਼ਾ ਦੀ ਕਿਸਮ 'ਤੇ ਨਿਰਭਰ ਕਰਦਾ ਹੈ। ਵਿਦਿਆਰਥੀ ਅਤੇ ਵਿਜ਼ਿਟਰ ਵੀਜ਼ਿਆਂ ਵਿਚ ਕਾਫ਼ੀ ਵਾਧਾ ਹੋਇਆ ਹੈ। ਰਿਪੋਰਟ ਅਨੁਸਾਰ ਮੁੱਖ ਬਿਨੈਕਾਰਾਂ ਅਤੇ ਨਿਰਭਰ ਦੋਵਾਂ ਲਈ ਲਾਗੂ ਵਿਦਿਆਰਥੀ ਵੀਜ਼ਾ ਫੀਸ ਮੌਜੂਦਾ 490 ਪੌਂਡ ਤੋਂ 7 ਫੀਸਦੀ ਵਧ ਕੇ 524 ਪੌਂਡ ਤੱਕ ਹੋ ਜਾਵੇਗੀ।

ਇਸੇ ਤਰ੍ਹਾਂ ਬਾਲ ਵਿਦਿਆਰਥੀ ਵੀਜ਼ਾ ਦੀ ਕੀਮਤ ਵੀ 524 ਪੌਂਡ ਹੋਵੇਗੀ। ਇਸ ਤੋਂ ਪਹਿਲਾਂ ਅਕਤੂਬਰ 2023 ਵਿਚ



ਵਿਦਿਆਰਥੀ ਵੀਜ਼ਾ ਫੀਸਾਂ 'ਚ ਇਕ ਤਿਹਾਈ ਤੋਂ ਵੱਧ ਦਾ ਵਾਧਾ ਹੋਇਆ ਸੀ। 6 ਤੋਂ 11 ਮਹੀਨਿਆਂ ਦੇ ਅੰਗਰੇਜ਼ੀ ਭਾਸ਼ਾ ਦੇ ਕੋਰਸਾਂ ਲਈ ਥੋੜ੍ਹੇ ਸਮੇਂ ਦੇ ਅਧਿਐਨ ਵੀਜ਼ਿਆਂ ਦੀ ਲਾਗਤ 7 ਪ੍ਰਤੀਸ਼ਤ ਵਧੇਗੀ, 200 ਪੌਂਡ ਤੋਂ 214 ਪੌਂਡ ਹੋ ਜਾਵੇਗੀ।

ਯੂ.ਕੇ. ਵਿਜ਼ਟਰ ਵੀਜ਼ਾ ਫੀਸਾਂ 'ਚ 10 ਪ੍ਰਤੀਸ਼ਤ ਦਾ ਵਾਧਾ ਹੋਵੇਗਾ, ਜਿਸ ਨਾਲ ਛੇ ਮਹੀਨਿਆਂ ਦੇ ਵੀਜ਼ੇ ਦੀ ਕੀਮਤ 115 ਪੌਂਡ ਤੋਂ ਵਧ ਕੇ 127 ਪੌਂਡ ਹੋ ਜਾਵੇਗੀ। ਦੋ, ਪੰਜ ਅਤੇ ਦਸ ਸਾਲਾਂ ਦੇ ਲੰਬੇ ਸਮੇਂ ਦੇ ਵਿਜ਼ਿਟ ਵੀਜ਼ੇ ਵੀ ਮਹਿੰਗੇ ਹੋ ਜਾਣਗੇ, ਜਿਨ੍ਹਾਂ ਦੀ ਫੀਸ ਕ੍ਰਮਵਾਰ 475, 848 ਅਤੇ 1,059 ਪੌਂਡ ਤੱਕ ਪਹੁੰਚ ਜਾਵੇਗੀ।

ਡਾਇਰੈਕਟ ਏਅਰਸਾਈਡ ਟਰਾਂਜ਼ਿਟ ਵੀਜ਼ਾ ਫੀਸ 39 ਪੌਂਡ ਤੱਕ ਹੋ ਜਾਵੇਗੀ, ਜਦੋਂ ਕਿ ਲੈਂਡਸਾਈਡ ਟ੍ਰਾਂਜ਼ਿਟ ਵੀਜ਼ਾ ਫੀਸ 70 ਪੌਂਡ ਹੋਵੇਗੀ। ਜਿਨ੍ਹਾਂ ਨਾਗਰਿਕਾਂ ਨੂੰ ਯੂ.ਕੇ. ਦੀ ਯਾਤਰਾ ਲਈ ਵੀਜ਼ੇ ਦੀ ਲੋੜ ਨਹੀਂ ਹੈ, ਉਨ੍ਹਾਂ ਲਈ ਲੋੜੀਂਦੀ ਫੀਸ 60 ਪ੍ਰਤੀਸ਼ਤ ਵਧ ਕੇ 16 ਪੌਂਡ ਹੋ ਜਾਵੇਗੀ। ਸੈਟਲਮੈਂਟ ਰੂਟ ਅਰਜ਼ੀਆਂ ਵਿਚ ਵੀ ਸਮਾਯੋਜਨ ਕੀਤਾ ਜਾਵੇਗਾ, ਜਿਸ ਵਿਚ ਨਿਰਭਰ ਰਿਸ਼ਤੇਦਾਰਾਂ ਲਈ ਫੀਸ 3,250 ਪੌਂਡ ਤੋਂ ਵਧਾ ਕੇ 3,413 ਪੌਂਡ ਹੋ ਜਾਵੇਗੀ। ਆਰਮਡ ਫੋਰਸਿਜ਼ ਰੂਲਜ਼ ਤਹਿਤ ਅਣਮਿੱਥੇ ਸਮੇਂ ਲਈ ਭਰਤੀ ਛੁੱਟੀ ਦੀ ਕੀਮਤ 3,029 ਪੌਂਡ ਹੋਵੇਗੀ।

ਵਰਕ ਵੀਜ਼ਾ ਸ਼੍ਰੇਣੀਆਂ ਵੀ ਪ੍ਰਭਾਵਿਤ ਹੋਈਆਂ ਹਨ। ਤਿੰਨ ਸਾਲ ਜਾਂ ਇਸ ਤੋਂ ਘੱਟ ਸਮੇਂ ਲਈ ਵੈਧ ਹੁਨਰਮੰਦ ਵਰਕਰ ਵੀਜ਼ਾ ਦੀ ਫੀਸ 719 ਪੌਂਡ ਤੋਂ ਵਧ ਕੇ 769 ਪੌਂਡ ਹੋ ਜਾਵੇਗੀ, ਜਦੋਂ ਕਿ ਤਿੰਨ ਸਾਲਾਂ ਤੋਂ ਵੱਧ ਸਮੇਂ ਲਈ ਅਰਜ਼ੀਆਂ 1,420 ਪੌਂਡ ਤੋਂ ਵਧ ਕੇ 1,519 ਪੌਂਡ ਹੋ ਜਾਣਗੀਆਂ। ਇਨੋਵੇਟਰ ਫਾਊਂਡਰ ਵੀਜ਼ਾ ਦੀ ਕੀਮਤ 1,274 ਪੌਂਡ ਹੋਵੇਗੀ, ਜੋ ਕਿ 83 ਪੌਂਡ ਦਾ ਵਾਧਾ ਹੈ, ਜਦੋਂ ਕਿ ਟੀਅਰ-1 ਇਨਵੈਸਟਰ ਵੀਜ਼ਾ 116 ਪੌਂਡ ਦਾ ਵਾਧਾ ਹੋ ਕੇ 2,000 ਪੌਂਡ ਹੋ ਜਾਵੇਗਾ।

ਇਥੇ ਦੱਸ ਦੇਈਏ ਕਿ ਯੂ.ਕੇ. ਸਰਕਾਰ ਨੇ 2 ਅਪ੍ਰੈਲ, 2025 ਤੋਂ ਯੂਰਪੀਅਨ ਯੂਨੀਅਨ ਦੇ ਨਾਗਰਿਕਾਂ ਲਈ ਇਸ ਦੇ ਵਿਸਥਾਰ ਤੋਂ ਪਹਿਲਾਂ ਜਨਵਰੀ ਵਿਚ ਹੀ ਇਸ ਬਦਲਾਅ ਦਾ ਸੰਕੇਤ ਦਿੱਤਾ ਸੀ। ਬ੍ਰਿਟਿਸ਼ ਐਜੂਕੇਸ਼ਨਲ ਟ੍ਰੈਵਲ ਐਸੋਸੀਏਸ਼ਨ (ਬੀਟਾ) ਦੀ ਕਾਰਜਕਾਰੀ ਨਿਰਦੇਸ਼ਕ ਐਮਾ ਇੰਗਲਿਸ਼ ਨੇ ਇਨ੍ਹਾਂ ਬਦਲਾਵਾਂ ਦੇ ਪ੍ਰਭਾਵ ਬਾਰੇ ਚਿੰਤਾਵਾਂ ਪ੍ਰਗਟ ਕੀਤੀਆਂ ਹਨ।

# ਟਰੰਪ ਵੱਲੋਂ ਈ.ਯੂ. ਤੇ ਕੈਨੇਡਾ ਨੂੰ ਧਮਕੀ

## ■ ਕਿਹਾ: ਅਮਰੀਕਾ ਨੂੰ ਨੁਕਸਾਨ ਪਹੁੰਚਾਉਣ 'ਤੇ ਲਗਾਵਾਂਗੇ ਵਾਧੂ ਟੈਰਿਫ



**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀਰਵਾਰ ਨੂੰ ਚੇਤਾਵਨੀ ਦਿੱਤੀ ਹੈ ਕਿ ਜੇਕਰ ਯੂਰਪੀ ਸੰਘ (ਈ.ਯੂ.) ਅਤੇ ਕੈਨੇਡਾ ਸਾਂਝੇ ਤੌਰ 'ਤੇ ਅਮਰੀਕਾ ਨੂੰ ਆਰਥਿਕ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰਦੇ ਹਨ, ਤਾਂ ਉਨ੍ਹਾਂ 'ਤੇ ਮੌਜੂਦਾ ਟੈਕਸਾਂ ਤੋਂ ਕਿਤੇ ਜ਼ਿਆਦਾ ਭਾਰੀ ਟੈਰਿਫ ਲਗਾਏ ਜਾ ਸਕਦੇ ਹਨ। ਟਰੰਪ ਨੇ ਇਹ ਬਿਆਨ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੂਥ ਸੋਸ਼ਲ' 'ਤੇ ਦਿੱਤਾ, ਜਿਸ 'ਚ ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਉਹ ਅਮਰੀਕਾ ਦੇ ਸਰਵੋਤਮ ਹਿੱਤਾਂ ਦੀ ਰੱਖਿਆ ਲਈ ਹਰ ਕਦਮ ਚੁੱਕਣਗੇ।

ਟਰੰਪ ਨੇ ਕਿਹਾ, "ਜੇਕਰ ਯੂਰਪੀ ਸੰਘ ਅਤੇ ਕੈਨੇਡਾ ਸੰਯੁਕਤ ਰਾਜ ਨੂੰ ਨੁਕਸਾਨ ਪਹੁੰਚਾਉਣ ਲਈ ਮਿਲ ਕੇ ਕੰਮ ਕਰਦੇ ਹਨ, ਤਾਂ ਅਸੀਂ ਉਨ੍ਹਾਂ 'ਤੇ ਮੌਜੂਦਾ ਸਹਿਮਤੀ ਨਾਲੋਂ ਵੀ ਭਾਰੀ ਟੈਰਿਫ ਲਗਾਵਾਂਗੇ। ਇਹ ਅਮਰੀਕਾ ਦੇ ਵਪਾਰਕ ਭਾਈਵਾਲਾਂ ਨਾਲ ਸਾਡੇ ਸਬੰਧਾਂ ਦੀ ਰੱਖਿਆ ਲਈ ਜ਼ਰੂਰੀ ਕਦਮ ਹੈ।"

ਟਰੰਪ ਪ੍ਰਸ਼ਾਸਨ ਨੇ ਆਯਾਤ ਵਾਹਨਾਂ 'ਤੇ 25% ਟੈਰਿਫ ਦੀ ਘੋਸ਼ਣਾ ਕੀਤੀ, ਜਿਸ ਨਾਲ ਗਲੋਬਲ ਵਪਾਰ ਵਿਘਨ ਅਤੇ ਅਮਰੀਕਾ ਦੇ ਪ੍ਰਮੁੱਖ ਸਹਿਯੋਗੀਆਂ ਤੋਂ ਵਿਰੋਧ ਪ੍ਰਦਰਸ਼ਨ ਹੋਏ। ਇਹ ਕਦਮ ਅਮਰੀਕਾ ਦੇ ਵਪਾਰ ਘਾਟੇ ਨੂੰ ਘਟਾਉਣ ਲਈ ਟਰੰਪ ਦੁਆਰਾ ਇੱਕ ਹੋਰ ਕੋਸ਼ਿਸ਼ ਜਾਪਦਾ ਹੈ, ਪਰ ਇਸਦੇ ਨਤੀਜੇ ਵਜੋਂ ਵਪਾਰ ਯੁੱਧ ਅਤੇ ਵਪਾਰਕ ਤਣਾਅ ਵਿਚ ਵਾਧਾ ਹੋ ਸਕਦਾ ਹੈ।

ਯੂਰਪੀਅਨ ਕਮਿਸ਼ਨ ਦੇ ਪ੍ਰਧਾਨ ਉਰਸੁਲਾ ਵਾਨ ਡੇਰ ਲੇਅਨ ਨੇ ਇਸ ਫੈਸਲੇ ਦੀ ਆਲੋਚਨਾ ਕੀਤੀ, ਇਸ ਨੂੰ "ਕਾਰੋਬਾਰ ਲਈ ਨਕਾਰਾਤਮਕ ਅਤੇ ਖਪਤਕਾਰਾਂ ਲਈ ਹੋਰ ਵੀ ਨੁਕਸਾਨਦੇਹ" ਕਿਹਾ। ਉਨ੍ਹਾਂ ਕਿਹਾ ਕਿ ਇਹ ਕਦਮ ਵਿਸ਼ਵ ਵਪਾਰ ਦੇ ਨਿਯਮਾਂ ਅਤੇ ਵਿਵਸਥਾ ਨੂੰ ਕਮਜ਼ੋਰ ਕਰ ਸਕਦਾ ਹੈ।

ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੇ ਨੇ ਵੀ ਟਰੰਪ ਦੇ ਫੈਸਲੇ ਦੀ ਸਖਤ ਨਿੰਦਾ ਕਰਦੇ ਹੋਏ ਇਸ ਨੂੰ ਕੈਨੇਡੀਅਨ ਕਾਮਿਆਂ 'ਤੇ "ਸਿੱਧਾ ਹਮਲਾ" ਕਰਾਰ ਦਿੱਤਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਕੈਨੇਡਾ ਅਜਿਹੇ ਟੈਰਿਫਾਂ ਵਿਰੁੱਧ ਜਵਾਬੀ ਕਦਮ ਚੁੱਕਣ ਬਾਰੇ ਵਿਚਾਰ ਕਰ ਰਿਹਾ ਹੈ ਅਤੇ ਉਹ ਇਸ ਸਬੰਧੀ ਗੰਭੀਰਤਾ ਨਾਲ ਰਣਨੀਤੀ ਬਣਾ ਰਹੇ ਹਨ। ਇਹ ਨਵੇਂ ਟੈਰਿਫ 3 ਅਪ੍ਰੈਲ ਤੋਂ ਲਾਗੂ ਹੋਣਗੇ ਅਤੇ ਟਰੰਪ ਨੇ ਆਪਣੀ ਯੋਜਨਾ ਦਾ ਵੀ ਖੁਲਾਸਾ ਕੀਤਾ ਹੈ ਕਿ ਉਹ ਖਾਸ ਤੌਰ 'ਤੇ ਅਮਰੀਕਾ ਦੇ ਵਪਾਰ ਘਾਟੇ ਲਈ ਜ਼ਿੰਮੇਵਾਰ ਦੇਸ਼ਾਂ 'ਤੇ ਜਵਾਬੀ ਟੈਰਿਫ ਲਗਾਉਣ ਦਾ ਇਰਾਦਾ ਰੱਖਦਾ ਹੈ। ਨਵੇਂ ਟੈਰਿਫ ਸਟੀਲ ਅਤੇ ਐਲੂਮੀਨੀਅਮ ਤੋਂ ਇਲਾਵਾ ਹਨ, ਜੋ ਪਹਿਲਾਂ ਹੀ ਟੈਰਿਫ ਦੇ ਨਾਲ ਮਾਰਿਆ ਜਾ ਚੁੱਕਾ ਹੈ ਅਤੇ ਚੀਨ, ਕੈਨੇਡਾ ਅਤੇ ਮੈਕਸੀਕੋ ਵਰਗੇ ਅਮਰੀਕਾ ਦੇ ਭਾਈਵਾਲ ਦੇਸ਼ਾਂ ਤੋਂ ਆਉਣ ਵਾਲੀਆਂ ਵਸਤਾਂ 'ਤੇ ਲਾਗੂ ਹੋਵੇਗਾ।

# ਆਸਟ੍ਰੇਲੀਆ 'ਚ 3 ਮਈ ਹੋਣਗੀਆਂ ਆਮ ਚੋਣਾਂ

**ਸਿਡਨੀ, (ਪੰਜਾਬ ਮੇਲ)**-ਆਸਟ੍ਰੇਲੀਆ 'ਚ ਚੋਣਾਂ ਦੀ ਮਿਤੀ ਦਾ ਐਲਾਨ ਹੋ ਗਿਆ ਹੈ, ਜਿੱਥੇ ਹੁਣ 3 ਮਈ ਨੂੰ ਆਮ ਚੋਣਾਂ ਲਈ ਵੋਟਿੰਗ ਹੋਵੇਗੀ। ਇਨ੍ਹਾਂ ਚੋਣਾਂ 'ਚ ਵਧਦੀ ਜਾ ਰਹੀ ਮਹਿੰਗਾਈ ਅਤੇ ਲੋਕਾਂ ਦੇ ਰਹਿਣ ਲਈ ਘਰਾਂ ਦੀ ਕਮੀ ਮੁੱਖ ਚੋਣ ਮੁੱਦੇ ਹੋ ਸਕਦੇ ਹਨ।

ਦੇਸ਼ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਦੀ ਖੱਬੇ-ਪੱਖੀ 'ਲੇਬਰ ਪਾਰਟੀ' ਲਗਾਤਾਰ ਦੂਜੀ ਵਾਰ ਸਰਕਾਰ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਅਲਬਾਨੀਜ਼ ਨੇ ਸ਼ੁੱਕਰਵਾਰ ਨੂੰ ਚੋਣ ਪ੍ਰਕਿਰਿਆ ਸ਼ੁਰੂ ਕਰਨ ਲਈ ਗਵਰਨਰ ਜਨਰਲ ਸੈਮ ਮੋਸਟਿਨ ਦੇ ਸਰਕਾਰੀ ਨਿਵਾਸ ਸਥਾਨ 'ਤੇ ਜਾ ਕੇ ਕੰਮ ਕੀਤਾ ਅਤੇ ਬਾਅਦ ਵਿੱਚ ਸੰਸਦ ਭਵਨ ਵਿਖੇ ਇੱਕ ਨਿਊਜ਼ ਕਾਨਫਰੰਸ ਦੌਰਾਨ ਚੋਣ ਮਿਤੀ ਦਾ ਐਲਾਨ ਕੀਤਾ। ਉਨ੍ਹਾਂ ਕਿਹਾ, "ਸਾਡੀ ਸਰਕਾਰ ਨੇ ਵਿਸ਼ਵਵਿਆਪੀ ਚੁਣੌਤੀਆਂ ਨਾਲ ਨਜਿੱਠਣ ਲਈ ਆਸਟ੍ਰੇਲੀਆਈ ਤਰੀਕਾ ਚੁਣਿਆ ਹੈ : ਭਵਿੱਖ ਲਈ ਨਿਰਮਾਣ ਕਰਦੇ ਹੋਏ ਲੋਕਾਂ ਨੂੰ ਰਹਿਣ-ਸਹਿਣ ਦੇ ਖਰਚਿਆਂ ਦੇ ਦਬਾਅ ਨਾਲ ਨਜਿੱਠਣ ਵਿਚ ਮਦਦ ਕਰਨਾ।" ਕਈ ਵਿਸ਼ਲੇਸ਼ਕਾਂ ਨੇ ਭਵਿੱਖਬਾਣੀ ਕੀਤੀ ਹੈ ਕਿ ਵਿਰੋਧੀ ਧਿਰ ਦੇ ਨੇਤਾ ਪੀਟਰ ਡੱਟਨ ਦੀ ਲਿਬਰਲ ਪਾਰਟੀ ਦੀ ਅਗਵਾਈ ਵਾਲਾ ਕੰਜ਼ਰਵੇਟਿਵ ਗੱਠਜੋੜ ਚੋਣਾਂ ਵਿਚ ਚੰਗਾ ਪ੍ਰਦਰਸ਼ਨ ਕਰੇਗਾ। ਅਲਬਾਨੀਜ਼ ਦੇ ਸੱਤਾ ਵਿਚ ਆਉਣ ਤੋਂ ਬਾਅਦ ਆਸਟ੍ਰੇਲੀਆ ਵਿਚ ਮਹਿੰਗਾਈ ਕਾਫ਼ੀ ਵਧ ਗਈ ਹੈ ਤੇ ਲੋਕਾਂ ਦੇ ਰਹਿਣ-ਸਹਿਣ ਦਾ ਖਰਚਾ ਵੀ ਵਧ ਗਿਆ ਹੈ। ਪਿਛਲੀਆਂ ਚੋਣਾਂ ਤੋਂ ਬਾਅਦ ਵਿਆਜ ਦਰਾਂ 12 ਵਾਰ ਵਧਾਈਆਂ ਗਈਆਂ ਹਨ। ਅਲਬਾਨੀਜ਼ ਨੇ 2023 ਵਿਚ ਪੰਜ ਸਾਲਾਂ ਵਿਚ 1.2 ਮਿਲੀਅਨ ਘਰ ਬਣਾ ਕੇ ਘਰਾਂ ਦੀ ਘਾਟ ਨੂੰ ਪੂਰਾ ਕਰਨ ਦਾ ਵਾਅਦਾ ਕੀਤਾ ਸੀ ਪਰ ਇਸ ਦਿਸ਼ਾ ਵਿਚ ਤਰੱਕੀ ਕਾਫ਼ੀ ਹੌਲੀ ਰਹੀ ਹੈ।







# ਸ਼੍ਰੋਮਣੀ ਕਮੇਟੀ ਦੇ ਬਜਟ ਇਜਲਾਸ ਦੌਰਾਨ ਸਿੱਖ ਮਾਮਲਿਆਂ ਬਾਰੇ ਪਾਸ ਕੀਤੇ ਗਏ ਕਈ ਅਹਿਮ ਮਤੇ

**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਲਾਨਾ ਬਜਟ ਇਜਲਾਸ ਦੌਰਾਨ ਕਈ ਅਹਿਮ ਮਤਿਆਂ ਨੂੰ ਪ੍ਰਵਾਨਗੀ ਦਿੱਤੀ ਗਈ। ਇਨ੍ਹਾਂ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਤੇ ਸੇਵਾ ਮੁਕਤੀ ਸਬੰਧੀ ਨਿਯਮ ਤੈਅ ਕਰਨ ਨੂੰ ਪ੍ਰਵਾਨਗੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਢੁੱਕਵੀਂ ਯਾਦਗਾਰ ਬਣਾਉਣ ਦੀ ਕੇਂਦਰ ਸਰਕਾਰ ਪਾਸੋਂ ਮੰਗ, ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਸਬੰਧੀ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਵੱਲੋਂ ਸੰਸਦ ਵਿਚ ਦਿੱਤੇ ਬਿਆਨ ਦੀ ਨਿਖੇਧੀ, ਪੰਜਾਬ ਤੋਂ ਬਾਹਰ ਸਿੱਖਾਂ ਵਿਰੁੱਧ ਪੈਦਾ ਕੀਤੇ ਜਾ ਰਹੇ ਨਫ਼ਰਤੀ ਮਾਹੌਲ ਦੀ ਨਿਖੇਧੀ, ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨਾਲ ਸਬੰਧਤ ਇਤਿਹਾਸਕ ਇਮਾਰਤਾਂ ਦੀ ਸਾਂਭ-ਸੰਭਾਲ, ਫ਼ੌਜ ਵਿਚ ਸਿੱਖਾਂ ਦਾ ਰਾਖਵਾਂ ਕੋਟਾਂ ਨਿਰਧਾਰਤ ਕਰਨ, ਬੰਦੀ ਸਿੰਘਾਂ ਦੀ ਰਿਹਾਈ, ਕਿਸਾਨੀ ਸੰਘਰਸ਼ ਆਦਿ ਨਾਲ ਸਬੰਧਤ ਮਤੇ ਸ਼ਾਮਲ ਹਨ।



ਡਿਬਰੂਗੜ੍ਹ ਜੇਲ੍ਹ ਤੋਂ ਰਿਹਾਈ ਮੌਕੇ ਭਾਈ ਅੰਮ੍ਰਿਤਪਾਲ ਸਿੰਘ ਦੇ ਚਾਚਾ ਹਰਜੀਤ ਸਿੰਘ ਤੇ ਸਾਥੀ ਕੁਲਵੰਤ ਸਿੰਘ ਅਤੇ ਗੁਰਿੰਦਰਪਾਲ ਸਿੰਘ।

ਜਨਰਲ ਇਜਲਾਸ ਵਿਚ ਪਾਸ ਕੀਤੇ ਗਏ ਅਹਿਮ ਮਤੇ ਰਾਹੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਯੋਗਤਾ, ਨਿਯੁਕਤੀ, ਕਾਰਜ ਖੇਤਰ ਅਤੇ ਸੇਵਾ ਮੁਕਤੀ ਸਬੰਧੀ ਨਿਯਮ ਨਿਰਧਾਰਤ ਕਰਨ ਨੂੰ ਪ੍ਰਵਾਨਗੀ ਦੇ ਦਿੱਤੀ ਗਈ। ਇਸ ਸਬੰਧ ਵਿਚ ਇਕ ਪੰਥਕ ਨੁਮਾਇੰਦਿਆਂ ਦੀ ਉੱਚ ਪੱਧਰੀ ਕਮੇਟੀ ਗਠਿਤ ਕਰਨ ਦਾ ਵੀ ਫੈਸਲਾ ਕੀਤਾ ਗਿਆ, ਜੋ ਇਸ ਕਾਰਜ ਨੂੰ ਮੁਕੰਮਲ ਕਰੇਗੀ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਨਵੰਬਰ 2025 ਵਿਚ ਮਨਾਈ ਜਾ ਰਹੀ 350 ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਮਤੇ ਵਿਚ ਇਸ ਪਵਿੱਤਰ ਮੌਕੇ ਨੂੰ ਯਾਦਗਾਰੀ ਬਣਾਉਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਗੁਰੂ ਸਾਹਿਬ ਦੇ ਉਪਦੇਸ਼ਾਂ ਅਤੇ ਸਿਧਾਂਤਾਂ ਤੋਂ ਜਾਣੂ ਕਰਵਾਉਣ ਲਈ ਭਾਰਤ ਸਰਕਾਰ ਨੂੰ ਢੁੱਕਵੀਂ ਯਾਦਗਾਰ ਸਥਾਪਤ ਕਰਨ ਦੀ ਅਪੀਲੀ ਕੀਤੀ ਗਈ। ਮਤੇ ਵਿਚ ਗੁਰੂ ਸਾਹਿਬ ਦੇ ਨਾਂ 'ਤੇ ਕੌਮੀ ਪੱਧਰ ਦੀ ਸਿੱਖਿਆ ਸੰਸਥਾ ਜਾਂ ਖੋਜ ਕੇਂਦਰ ਸਥਾਪਤ ਕਰਨ, ਵਿਸ਼ੇਸ਼ ਡਾਕ ਟਿਕਟ ਅਤੇ ਯਾਦਗਾਰੀ ਸਿੱਕੇ ਜਾਰੀ ਕਰਨ ਦੀ ਵੀ ਮੰਗ ਕੀਤੀ ਗਈ।

ਬੀਤੇ ਦਿਨੀਂ ਭਾਰਤ ਦੀ ਸੰਸਦ ਅੰਦਰ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਵੱਲੋਂ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਸਬੰਧੀ ਦਿੱਤੇ ਬਿਆਨ ਅਤੇ ਗੁਰਬਾਣੀ ਪੜ੍ਹਨ ਉੱਤੇ ਤੰਜ਼ ਕੱਸਣ ਦੀ ਸਖ਼ਤ ਨਿਖੇਧੀ ਕੀਤੀ ਗਈ। ਇਸ ਸਬੰਧੀ ਪਾਸ ਕੀਤੇ ਮਤੇ ਵਿਚ ਕਿਹਾ ਗਿਆ ਕਿ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ ਸਿੱਖਾਂ ਦੇ ਕੌਮੀ ਸ਼ਹੀਦ ਹਨ, ਜਿਨ੍ਹਾਂ ਵਿਰੁੱਧ ਦੇਸ਼ ਦੇ ਇਕ ਜ਼ਿੰਮੇਵਾਰੀ ਵਿਅਕਤੀ ਵੱਲੋਂ ਲੋਕਤੰਤਰ ਦੇ ਸਭ ਤੋਂ ਵੱਡੇ ਮੰਚ ਭਾਰਤੀ ਸੰਸਦ ਅੰਦਰ ਨਫ਼ਰਤੀ ਵਿਚਾਰ ਦੇਣਾ ਦੇਸ਼ ਦੀ ਬਹੁ-ਕੌਮੀ ਅਤੇ ਬਹੁ-ਧਰਮੀ ਸੱਭਿਅਤਾ ਦੀ ਤੌਹੀਨ ਹੈ। ਮਤੇ ਰਾਹੀਂ ਸ਼੍ਰੀ ਅਮਿਤ ਸ਼ਾਹ ਨੂੰ ਸਿੱਖ ਭਾਵਨਾਵਾਂ ਦਾ ਸਤਿਕਾਰ ਕਰਨ ਅਤੇ ਅਜਿਹੀ ਅਪਮਾਨਜਨਕ ਬਿਆਨਬਾਜ਼ੀ ਤੋਂ ਗੁਰੇਜ਼ ਕਰਨ ਲਈ ਕਿਹਾ ਗਿਆ।

ਇਸੇ ਤਰ੍ਹਾਂ ਪੰਜਾਬ ਤੋਂ ਬਾਹਰਲੇ ਸੂਬਿਆਂ ਵਿਚ ਸਿੱਖਾਂ ਵਿਰੁੱਧ ਪੈਦਾ ਕੀਤੇ ਜਾ ਰਿਹੇ ਨਫ਼ਰਤੀ ਮਾਹੌਲ 'ਤੇ ਚਿੰਤਾ ਪ੍ਰਗਟ ਕਰਦਿਆਂ ਫ਼ਿਰਕੂ ਅਨਸਰਾਂ ਵਿਰੁੱਧ ਕਾਰਵਾਈ ਦੀ ਇਕ ਮਤੇ ਰਾਹੀਂ ਮੰਗ ਕੀਤੀ ਗਈ। ਮਤੇ ਵਿਚ ਹਾਲ ਹੀ ਅੰਦਰ ਹਿਮਾਚਲ ਪ੍ਰਦੇਸ਼ ਅੰਦਰ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਂਦੇ ਸਿੱਖ ਸ਼ਰਧਾਲੂਆਂ ਨੂੰ ਕੁਝ ਲੋਕ ਵੱਲੋਂ ਨਿਸ਼ਾਨਾ ਬਣਾਏ ਜਾਣ, ਸਿੱਖ ਯਾਤਰੂਆਂ ਦੇ ਵਾਹਨਾਂ 'ਤੇ ਲੱਗੇ ਸਿੱਖ ਨਾਇਕਾਂ ਦੀਆਂ ਤਸਵੀਰਾਂ ਵਾਲੇ ਝੰਡੇ ਜਬਰੀ ਪਾੜਨ ਬਾਰੇ ਜ਼ਿਕਰ ਕਰਦਿਆਂ ਹਿਮਾਚਲ ਪ੍ਰਦੇਸ਼ ਸਰਕਾਰ ਨੂੰ ਇਸ ਗੰਭੀਰ ਮੁੱਦੇ 'ਤੇ ਸੰਜੀਦਾ ਪਹੁੰਚ ਅਪਨਾਉਣ ਅਤੇ ਦੋਸ਼ੀਆਂ ਵਿਰੁੱਧ ਕਾਰਵਾਈ ਕਰਨ ਲਈ ਕਿਹਾ ਗਿਆ। ਮਤੇ ਵਿਚ ਇਸ ਮਾਮਲੇ 'ਤੇ ਪੰਜਾਬ ਸਰਕਾਰ ਵੱਲੋਂ ਚੁੱਪ ਧਾਰਨ 'ਤੇ ਵੀ ਸਵਾਲ ਉਠਾਏ ਗਏ ਹਨ।

ਪਾਸ ਕੀਤੇ ਇਕ ਮਤੇ ਵਿਚ ਦਿੱਲੀ ਵਿਖੇ ਨਵੰਬਰ 1984 ਵਿਚ ਹੋਈ ਸਿੱਖ ਨਸਲਕੁਸ਼ੀ ਦੇ ਸਰਸਵਤੀ ਵਿਹਾਰ ਨਾਲ ਸਬੰਧਤ ਇਕ ਮਾਮਲੇ ਵਿਚ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਅਦਾਲਤ ਵੱਲੋਂ ਦਿੱਤੀ ਸਜ਼ਾ ਦਾ ਸਵਾਗਤ ਕਰਦਿਆਂ ਹੋਰ ਮਾਮਲਿਆਂ ਵਿਚ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਅਤੇ ਪੀੜ੍ਹਤਾਂ ਨੂੰ ਇਨਸਾਫ਼ ਦੀ ਮੰਗ ਕੀਤੀ ਗਈ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨਾਲ ਸਬੰਧਤ ਇਤਿਹਾਸਕ ਥਾਵਾਂ ਅਤੇ ਇਮਾਰਤਾਂ ਦੀ ਤਰਸਯੋਗ ਹਾਲਤ ਦਾ ਜ਼ਿਕਰ ਕਰਦਿਆਂ ਇਕ ਮਤੇ ਰਾਹੀਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਜਿਥੇ-ਜਿਥੇ ਵੀ ਸਿੱਖ ਵਿਰਾਸਤ ਮੌਜੂਦ ਹੈ, ਉਨ੍ਹਾਂ ਦੀ ਵਿਰਾਸਤੀ ਆਭਾ ਨੂੰ ਉਭਾਰਨ ਵਾਸਤੇ ਠੋਸ ਨੀਤੀ ਤਿਆਰ ਕੀਤੀ ਜਾਵੇ। ਇਜਲਾਸ ਨੇ ਇਸ ਕਾਰਜ ਵਾਸਤੇ ਸ਼੍ਰੋਮਣੀ ਕਮੇਟੀ ਵੱਲੋਂ ਲੋੜੀਂਦੇ ਸਹਿਯੋਗ ਦੀ ਵੀ ਵਚਨਬੱਧਤਾ ਪ੍ਰਗਟਾਈ ਗਈ।

ਇਕ ਮਤੇ ਰਾਹੀਂ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਣ ਵਾਲੇ ਸਿੱਖ ਸ਼ਰਧਾਲੂਆਂ ਦੀ ਸਹੂਲਤ ਲਈ ਵੀਜ਼ਾ ਦਫ਼ਤਰ ਅੰਮ੍ਰਿਤਸਰ ਵਿਖੇ ਖੋਲ੍ਹਣ ਅਤੇ ਸੰਗਤ ਦੀ ਮੰਗ ਅਨੁਸਾਰ ਪਹਿਲਾਂ ਜਾਂਦੇ ਜਥਿਆਂ ਤੋਂ ਇਲਾਵਾ ਆਮ ਦਿਨਾਂ ਦੌਰਾਨ ਵੀ ਸ਼ਰਧਾਲੂਆਂ ਨੂੰ ਵੀਜ਼ੇ ਦਿੱਤੇ ਜਾਣ ਦੀ ਮੰਗ ਕੀਤੀ। ਇਸ ਦੇ ਨਾਲ ਹੀ ਪਾਕਿਸਤਾਨ 'ਚ ਵੱਸਦੇ ਸਿੱਖਾਂ ਲਈ ਭਾਰਤ ਅੰਦਰ ਸਿੱਖ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ-ਦੀਦਾਰ ਦਾ ਸੁਖਾਲਾ ਪ੍ਰਬੰਧ ਕਰਨ ਦੀ ਵੀ ਭਾਰਤ ਸਰਕਾਰ ਪਾਸੋਂ ਮੰਗ ਕੀਤੀ ਗਈ। ਮਤੇ ਵਿਚ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਨੂੰ ਪਿਛਲੇ ਲੰਮੇ ਸਮੇਂ ਤੋਂ ਦੋਹਾਂ ਦੇਸ਼ਾਂ ਵਿਚ ਬੰਦ ਪਏ ਦੁਵੱਲੇ ਵਪਾਰ ਨੂੰ ਮੁੜ ਸ਼ੁਰੂ ਕਰਨ ਲਈ ਵੀ ਕਿਹਾ ਗਿਆ।

ਭਾਰਤੀ ਫ਼ੌਜ 'ਚ ਸਿੱਖਾਂ ਲਈ ਵਿਸ਼ੇਸ਼ ਰਾਖਵਾਂ ਕੋਟਾਂ ਨਿਰਧਾਰਤ ਕਰਨ ਦੀ ਵੀ ਇਕ ਮਤੇ ਰਾਹੀਂ ਮੰਗ ਕੀਤੀ ਗਈ। ਮਤੇ ਵਿਚ ਸਿੱਖ ਕੌਮ ਵੱਲੋਂ ਦੇਸ਼ ਦੀ ਰੱਖਿਆ ਲਈ ਕੀਤੀਆਂ ਵੱਡੀਆਂ ਕੁਰਬਾਨੀਆਂ ਅਤੇ ਫ਼ੌਜ ਵਿਚ ਪਾਏ ਮਹੱਤਵਪੂਰਨ ਯੋਗਦਾਨ ਦਾ ਜ਼ਿਕਰ ਕਰਦਿਆਂ ਰੱਖਿਆ ਮੰਤਰਾਲੇ ਨੂੰ ਸਿੱਖਾਂ ਲਈ ਕੋਟਾਂ ਨਿਰਧਾਰਤ ਕਰਨ ਲਈ ਕਿਹਾ ਗਿਆ, ਤਾਂ ਜੋ ਫ਼ੌਜ ਵਿਚ ਸਿੱਖਾਂ ਦੀ ਪ੍ਰੰਪਰਾਗਤ ਭੂਮਿਕਾ ਨੂੰ ਮਜ਼ਬੂਤੀ ਮਿਲੇ।

ਇਜਲਾਸ ਦੌਰਾਨ ਬੰਦੀ ਸਿੰਘਾਂ ਦੇ ਗੰਭੀਰ ਅਤੇ ਸੰਵੇਦਨਸ਼ੀਲ ਮਾਮਲੇ 'ਤੇ ਗਹਿਰੀ ਚਿੰਤਾ ਪ੍ਰਗਟ ਕਰਦਿਆਂ ਭਾਰਤ ਸਰਕਾਰ ਨੂੰ ਸਿੱਖ ਭਾਵਨਾਵਾਂ ਦੀ ਕਦਰ ਕਰਦਿਆਂ ਸਿੱਖ ਬੰਦੀਆਂ ਨੂੰ ਤੁਰੰਤ ਰਿਹਾਅ ਕਰਨ ਦੀ ਅਪੀਲ ਕੀਤੀ ਗਈ। ਮਤੇ ਵਿਚ ਕਿਹਾ ਗਿਆ ਕਿ ਇਨਸਾਫ਼, ਸੱਚਾਈ ਅਤੇ ਹੱਕਾਂ ਦੀ ਰਾਖੀ ਲਈ ਕੁਰਬਾਨੀਆਂ ਕਰਨ ਵਾਲੀ ਸਿੱਖ ਕੌਮ ਦੇ ਕਈ ਨੌਜੁਆਨ ਤਿੰਨ-ਤਿੰਨ ਦਹਾਕਿਆਂ ਤੋਂ ਜੇਲ੍ਹਾਂ ਵਿਚ ਬੰਦ ਹਨ, ਜੋ ਆਪਣੀ ਕਾਨੂੰਨੀ ਸਜ਼ਾਵਾਂ ਵੀ ਪੂਰੀਆਂ ਕਰ ਚੁੱਕੇ ਹਨ। ਉਨ੍ਹਾਂ ਨੂੰ ਰਿਹਾਅ ਨਾ ਕਰਨਾ ਸਾਡੀ ਨਿਆਂ ਪ੍ਰਣਾਲੀ ਅਤੇ ਲੋਕਤੰਤਰ ਲਈ ਵੱਡਾ ਸਵਾਲ ਹੈ।

# ਫ਼ਰੀਦਕੋਟ ਦੇ ਮਹਾਰਾਜੇ ਦੀ 25 ਹਜ਼ਾਰ ਕਰੋੜ ਤੋਂ ਵੱਧ ਦੀ ਜ਼ਾਇਦਾਦ 'ਤੇ 10 ਜਣਿਆਂ ਵੱਲੋਂ ਦਾਅਵਾ

- **ਚੰਡੀਗੜ੍ਹ ਦੀ ਜ਼ਿਲ੍ਹਾ ਅਦਾਲਤ ਵਿਚ ਐਗਜ਼ੀਕਿਊਸ਼ਨ ਪਟੀਸ਼ਨ (ਹਿੱਸਾ ਦਾਅਵਾ) ਕੀਤੀ ਦਾਇਰ**
- **ਸਾਰੀਆਂ ਜ਼ਾਇਦਾਦਾਂ ਦੀ ਸੂਚੀ ਤਿਆਰ ਕਰਵਾਉਣ ਦੀ ਅਪੀਲ**

**ਚੰਡੀਗੜ੍ਹ, (ਪੰਜਾਬ ਮੇਲ)-** ਫ਼ਰੀਦਕੋਟ ਦੇ ਤਤਕਾਲੀ ਮਹਾਰਾਜਾ ਹਰਿੰਦਰ ਸਿੰਘ ਬਰਾੜ ਦੀ 25 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀ ਜਾਇਦਾਦ 'ਤੇ 10 ਜਣਿਆਂ ਨੇ ਦਾਅਵਾ ਠੋਕਿਆ ਹੈ। ਇਸ ਸਬੰਧੀ ਦਿੱਲੀ ਦੇ ਵਪਾਰੀ ਗੁਰਪ੍ਰੀਤ ਸਿੰਘ ਤੇ ਹੋਰਨਾਂ ਨੇ ਚੰਡੀਗੜ੍ਹ ਦੇ ਸੈਕਟਰ-43 ਵਿਚ ਸਥਿਤ ਜ਼ਿਲ੍ਹਾ ਅਦਾਲਤ ਵਿਚ ਐਗਜ਼ੀਕਿਊਸ਼ਨ ਪਟੀਸ਼ਨ (ਹਿੱਸਾ ਦਾਅਵਾ) ਦਾਇਰ ਕੀਤੀ ਹੈ। ਇਨ੍ਹਾਂ ਨੇ ਫਰੀਦਕੋਟ ਦੇ ਮਹਾਰਾਜਾ ਦੀਆਂ ਤਿੰਨ ਧੀਆਂ 'ਚੋਂ ਇੱਕ ਰਾਜਕੁਮਾਰੀ ਮਹੀਪ ਇੰਦਰ ਕੌਰ ਦੇ ਕਾਨੂੰਨੀ ਵਾਰਸ ਹੋਣ ਦਾ ਦਾਅਵਾ ਕਰਦਿਆਂ ਪਟੀਸ਼ਨ ਦਾਇਰ ਕੀਤੀ ਹੈ।

ਉਨ੍ਹਾਂ ਕਿਹਾ ਕਿ ਮਹਾਰਾਜਾ ਹਰਿੰਦਰ ਸਿੰਘ ਬਰਾੜ ਦੀਆਂ ਤਿੰਨ ਧੀਆਂ ਅੰਮ੍ਰਿਤ ਕੌਰ, ਦੀਪਿੰਦਰ ਕੌਰ ਅਤੇ ਮਹੀਪ ਇੰਦਰ ਕੌਰ, ਜਦਕਿ ਇੱਕ ਪੁੱਤਰ ਸੀ। ਮਹਾਰਾਜਾ ਦੀ ਮੌਤ ਤੋਂ ਬਾਅਦ ਮਹਾਰਾਣੀ ਮਹਿੰਦਰ ਕੌਰ (ਮਾਤਾ) ਅਤੇ ਧੀਆਂ ਰਾਜਕੁਮਾਰੀ ਅੰਮ੍ਰਿਤ ਕੌਰ, ਮਹਾਰਾਣੀ ਦੀਪਿੰਦਰ ਕੌਰ ਤੇ ਰਾਜਕੁਮਾਰੀ ਮਹੀਪ ਇੰਦਰ ਕੌਰ ਜਾਇਦਾਦ ਦੇ ਹਿੱਸੇਦਾਰ ਸਨ। ਰਾਜਕੁਮਾਰੀ ਮਹੀਪ ਇੰਦਰ ਕੌਰ ਦਾ 26 ਜੁਲਾਈ 2001 ਨੂੰ ਦੇਹਾਂਤ ਹੋ ਗਿਆ ਸੀ, ਜੋ 11 ਦਸੰਬਰ 1995 ਦੀ ਆਖਰੀ ਵਸੀਅਤ ਛੱਡ ਗਈ ਸੀ। ਦਾਅਵੇਦਾਰਾਂ ਨੇ ਉਸ ਦੀ ਆਖਰੀ ਵਸੀਅਤ ਅਤੇ ਹੋਰ ਸਹਾਇਕ ਦਸਤਾਵੇਜ਼ਾਂ ਦੇ ਆਧਾਰ 'ਤੇ ਜਾਇਦਾਦਾਂ ਵਿਚ 25 ਫੀਸਦੀ ਹਿੱਸੇ ਲਈ ਅਰਜ਼ੀ ਦਾਇਰ ਕੀਤੀ ਹੈ।

ਇਸ ਤੋਂ ਪਹਿਲਾਂ ਹਰਿੰਦਰ ਸਿੰਘ ਬਰਾੜ ਦੇ ਭਰਾ ਕੰਵਰ ਮਨਜੀਤ ਇੰਦਰ ਸਿੰਘ ਦੇ ਪੋਤੇ ਅਮਰਿੰਦਰ ਸਿੰਘ ਨੇ ਸੁਪਰੀਮ ਕੋਰਟ ਦਾ ਇਸ ਮਾਮਲੇ ਵਿਚ ਫ਼ੈਸਲਾ ਆਉਣ ਤੋਂ ਬਾਅਦ ਜਾਇਦਾਦ ਦਾ ਆਪਣਾ 33.33 ਫੀਸਦੀ ਹਿੱਸਾ ਵੰਡਣ ਲਈ ਐਗਜ਼ੀਕਿਊਸ਼ਨ ਪਟੀਸ਼ਨ ਦਾਇਰ ਕੀਤੀ ਸੀ। ਉਹ ਪਟੀਸ਼ਨ ਵੀ ਅਦਾਲਤ ਵਿਚ ਵਿਚਾਰ ਅਧੀਨ ਹੈ।

ਹਰਿੰਦਰ ਸਿੰਘ ਬਰਾੜ ਫਰੀਦਕੋਟ ਦੀ ਰਿਆਸਤ ਦੇ ਆਖਰੀ ਸ਼ਾਸਕ ਸਨ। ਉਨ੍ਹਾਂ ਦੇ ਪੁੱਤਰ ਟਿੱਕਾ ਹਰਮੋਹਿੰਦਰ ਸਿੰਘ ਦੀ 1981 ਵਿਚ ਮੌਤ ਹੋ ਗਈ ਸੀ। ਉਸ ਤੋਂ ਬਾਅਦ 16 ਅਕਤੂਬਰ 1989 ਨੂੰ ਮਹਾਰਾਜਾ ਦਾ ਦੇਹਾਂਤ ਹੋ ਗਿਆ ਸੀ। ਉਨ੍ਹਾਂ ਦੀ ਧੀ ਅੰਮ੍ਰਿਤ ਕੌਰ ਨੇ 1992 ਵਿਚ ਚੰਡੀਗੜ੍ਹ ਜ਼ਿਲ੍ਹਾ ਅਦਾਲਤ ਵਿਚ ਇੱਕ ਸਿਵਲ ਮੁਕੱਦਮਾ ਦਾਇਰ ਕਰਦਿਆਂ ਮਹਾਰਾਜਾ ਦੀ ਵਸੀਅਤ ਨੂੰ ਚੁਣੌਤੀ ਦਿੱਤੀ ਸੀ।

ਚੰਡੀਗੜ੍ਹ ਜ਼ਿਲ੍ਹਾ ਅਦਾਲਤ ਨੇ 2013 ਵਿਚ ਮਹਾਰਾਵਲ ਖੇਵਾਜੀ ਟਰੱਸਟ ਦੇ ਹੱਕ ਵਿਚ ਕੀਤੀ ਗਈ ਵਸੀਅਤ ਨੂੰ ਗੈਰ-ਕਾਨੂੰਨੀ, ਗੈਰ-ਮੌਜੂਦ ਅਤੇ ਰੱਦ ਕਰਾਰ ਦਿੱਤਾ ਸੀ, ਜਿਸ ਨਾਲ ਬਰਾੜ ਦੀਆਂ ਧੀਆਂ ਨੂੰ ਵਸੀਅਤ ਮਿਲੀ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਜੂਨ 2020 ਵਿਚ ਇਸ ਹੁਕਮ ਨੂੰ ਬਰਕਰਾਰ ਰੱਖਿਆ ਤੇ ਮਹਾਰਾਜਾ ਦੇ ਭਰਾ ਦੇ ਪਰਿਵਾਰ ਨੂੰ ਹਿੱਸੇ ਦਿੱਤੇ। ਸੁਪਰੀਮ ਕੋਰਟ ਨੇ ਬਾਅਦ ਵਿਚ ਸਤੰਬਰ 2022 ਵਿਚ ਇਸ ਹੁਕਮ ਨੂੰ ਬਰਕਰਾਰ ਰੱਖਿਆ। ਮਹਾਰਾਜਾ ਦੀਆਂ ਜਾਇਦਾਦਾਂ ਵਿਚ ਫਰੀਦਕੋਟ 'ਚ 14 ਏਕੜ 'ਚ ਫੈਲਿਆ ਰਾਜ ਮਹਿਲ, ਫਰੀਦਕੋਟ 'ਚ ਕਿਲ੍ਹਾ ਮੁਬਾਰਕ, ਨਵੀਂ ਦਿੱਲੀ ਦਾ ਫਰੀਦਕੋਟ ਘਰ, ਚੰਡੀਗੜ੍ਹ ਦੇ ਸੈਕਟਰ-17 ਵਿਚ ਇੱਕ ਪਲਾਟ ਅਤੇ ਮਨੀਮਾਜਰਾ ਵਿਚ ਕਿਲ੍ਹਾ ਸ਼ਾਮਲ ਹਨ। ਇਸ ਤੋਂ ਇਲਾਵਾ ਵੀ ਉਨ੍ਹਾਂ ਦੀਆਂ ਹੋਰ ਜਾਇਦਾਦਾਂ ਹਨ। ਦਾਅਵੇਦਾਰਾਂ ਨੇ ਅਦਾਲਤ ਨੂੰ ਬੇਨਤੀ ਕੀਤੀ ਕਿ ਉਹ ਸਾਰੀਆਂ ਜਾਇਦਾਦਾਂ ਦੀ ਸੂਚੀ ਤਿਆਰ ਕਰਨ ਦਾ ਨਿਰਦੇਸ਼ ਦੇਣ, ਤਾਂ ਜੋ ਉਸ ਦਾ ਮੁਲਾਂਕਣ ਕਰਨ ਤੋਂ ਬਾਅਦ ਕਾਨੂੰਨ ਅਨੁਸਾਰ ਹਿੱਸੇਦਾਰਾਂ ਨੂੰ ਬਣਦਾ ਹਿੱਸਾ ਦਿੱਤਾ ਜਾ ਸਕੇ।

# ਯੂ.ਐੱਸ. ਸਿਹਤ ਵਿਭਾਗ 'ਚ ਛਾਂਟੀ ਸ਼ੁਰੂ!

- **10 ਹਜ਼ਾਰ ਮੁਲਾਜ਼ਮ ਨੌਕਰੀਓਂ ਕੱਢੇ ਜਾ ਰਹੇ**

**ਵਾਸ਼ਿੰਗਟਨ, (ਪੰਜਾਬ ਮੇਲ)-** ਸਿਹਤ ਤੇ ਮਨੁੱਖੀ ਸੇਵਾਵਾਂ ਵਿਭਾਗ 'ਚ ਛਾਂਟੀ ਵਿਆਪਕ ਤੌਰ 'ਤੇ ਸ਼ੁਰੂ ਹੋ ਗਈ ਕਿਉਂਕਿ ਏਜੰਸੀ ਟਰੰਪ ਪ੍ਰਸ਼ਾਸਨ ਦੇ ਸੰਘੀ ਸਰਕਾਰ ਦੇ ਆਕਾਰ ਨੂੰ ਬਹੁਤ ਘੱਟ ਕਰਨ ਦੇ ਯਤਨਾਂ ਦੇ ਵਿਚਕਾਰ ਲਗਭਗ 10,000 ਫੁੱਲ-ਟਾਈਮ ਨੌਕਰੀਆਂ ਵਿਚ ਕਟੌਤੀ ਕਰਨ ਲਈ ਤਿਆਰ ਹੈ। "ਕਟੌਤੀ" ਯੋਜਨਾ, ਜਿਸਦਾ ਐਲਾਨ ਐਲੋਨ ਮਸਕ ਦੇ ਸਰਕਾਰੀ ਕੁਸ਼ਲਤਾ ਵਿਭਾਗ ਦੀ ਅਗਵਾਈ 'ਚ ਵੀਰਵਾਰ ਨੂੰ ਕੀਤਾ ਗਿਆ, ਦਾ ਉਦੇਸ਼ ਸਿਹਤ ਵਿਭਾਗ ਦੇ ਕਰਮਚਾਰੀਆਂ ਦੀ ਗਿਣਤੀ ਨੂੰ 82,000 ਤੋਂ ਘਟਾ ਕੇ 62,000 ਕਰਨਾ ਹੈ, ਜਿਸ ਵਿਚ ਇਸਦੀਆਂ ਕਈ ਏਜੰਸੀਆਂ ਸ਼ਾਮਲ ਹਨ, ਜਿਨ੍ਹਾਂ ਵਿਚ ਰੋਗ ਨਿਯੰਤਰਣ ਅਤੇ ਰੋਕਥਾਮ ਕੇਂਦਰ, ਖੁਰਾਕ ਅਤੇ ਡਰੱਗ ਪ੍ਰਸ਼ਾਸਨ ਅਤੇ ਸਿਹਤ ਸੰਸਥਾਵਾਂ ਸ਼ਾਮਲ ਹਨ।

ਮਾਮਲੇ ਤੋਂ ਜਾਣੂ ਇੱਕ ਸਰੋਤ ਨੇ ਦੱਸਿਆ ਕਿ ਨੋਟਿਸ ਸ਼ੁੱਕਰਵਾਰ ਨੂੰ ਯੋਜਨਾ ਅਨੁਸਾਰ ਨਹੀਂ ਜਾਰੀ ਕੀਤੇ ਗਏ, ਤਾਂ ਜੋ "ਸਾਰੇ ਡੇਟਾ ਦੀ ਹਫਤੇ ਦੇ ਅੰਤ ਵਿੱਚ ਤਿੰਨ ਵਾਰ ਜਾਂਚ ਕੀਤੀ ਜਾ ਸਕੇ।" ਨੌਕਰੀਆਂ ਵਿੱਚ ਕਟੌਤੀ ਤੋਂ ਸਭ ਤੋਂ ਵੱਧ ਪ੍ਰਭਾਵਿਤ ਡਿਵੀਜ਼ਨਾਂ ਵਿੱਚ ਉਹ ਸ਼ਾਮਲ ਹਨ ਜੋ ਐੱਚ.ਆਈ.ਵੀ. ਨਾਲ ਨਜਿੱਠਣ, ਘੱਟ ਗਿਣਤੀ ਸਿਹਤ ਸੁਧਾਰ ਅਤੇ ਸੱਟ ਤੋਂ ਰੋਕਥਾਮ, ਜਿਵੇਂ ਕਿ ਬੰਦੂਕ ਹਿੰਸਾ ਨਾਲ ਨਜਿੱਠਣ ਦਾ ਕੰਮ ਕਰਦੇ ਹਨ। ਇਸ ਮਾਮਲੇ ਤੋਂ ਜਾਣੂ ਸੂਤਰਾਂ ਦੇ ਅਨੁਸਾਰ, ਐੱਫ.ਡੀ.ਏ. ਦੇ ਮੀਡੀਆ ਮਾਮਲਿਆਂ ਦੇ ਦਫ਼ਤਰ ਦੀ ਪੂਰੀ ਟੀਮ ਨੂੰ ਹਟਾ ਦਿੱਤਾ ਗਿਆ ਸੀ। ਕਟੌਤੀਆਂ ਨੇ ਨਵੀਆਂ ਦਵਾਈਆਂ ਦੀ ਪ੍ਰਵਾਨਗੀ, ਸਿਹਤ ਬੀਮਾ ਪ੍ਰਦਾਨ ਕਰਨ ਅਤੇ ਛੂਤ ਦੀਆਂ ਬਿਮਾਰੀਆਂ ਦੇ ਪ੍ਰਕੋਪ ਦਾ ਜਵਾਬ ਦੇਣ ਵਾਲੇ ਵਿਭਾਗਾਂ ਨੂੰ ਵੀ ਪ੍ਰਭਾਵਿਤ ਕੀਤਾ।

ਖਾਣ ਕਰਮਚਾਰੀਆਂ ਦੀ ਸੁਰੱਖਿਆ 'ਤੇ ਕੇਂਦ੍ਰਿਤ ਕਈ ਵਿਭਾਗਾਂ ਸਮੇਤ, ਕੁਝ ਯੂਨਿਟਾਂ ਨੂੰ ਪੂਰੀ ਤਰ੍ਹਾਂ ਹਟਾ ਦਿੱਤਾ ਗਿਆ ਸੀ। ਕੁੱਲ ਮਿਲਾ ਕੇ, ਐੱਚ.ਐੱਚ.ਐੱਸ. ਦਾ ਕਹਿਣਾ ਹੈ ਕਿ ਉਹ ਸੀ.ਡੀ.ਸੀ. ਵਿਚ ਲਗਭਗ 2,400 ਫੁੱਲ-ਟਾਈਮ ਨੌਕਰੀਆਂ, ਐੱਫ.ਡੀ.ਏ. ਵਿਚ 3,500 ਨੌਕਰੀਆਂ, ਐੱਨ.ਆਈ.ਐੱਚ. ਵਿਚ 1,200 ਨੌਕਰੀਆਂ ਅਤੇ ਸੈਂਟਰ ਫਾਰ ਮੈਡੀਕੇਅਰ ਐਂਡ ਮੈਡੀਕੇਡ ਸਰਵਿਸਿਜ਼ ਵਿੱਚ 300 ਨੌਕਰੀਆਂ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।

# ਜਬਰ-ਜਨਾਹ ਦੇ ਦੋਸ਼ੀ ਪਾਸਟਰ ਬਜਿੰਦਰ ਸਿੰਘ ਨੂੰ ਉਮਰਕੈਦ ਦੀ ਸਜ਼ਾ

**ਮੋਹਾਲੀ, (ਪੰਜਾਬ ਮੇਲ)-** ਜਬਰ-ਜਨਾਹ ਦੇ ਮਾਮਲੇ 'ਚ ਦੋਸ਼ੀ ਕਰਾਰ ਦਿੱਤੇ ਗਏ ਪਾਸਟਰ ਬਜਿੰਦਰ ਸਿੰਘ ਨੂੰ ਮੋਹਾਲੀ ਦੀ ਅਦਾਲਤ ਨੇ ਉਮਰਕੈਦ ਦੀ ਸਜ਼ਾ ਸੁਣਾਈ ਹੈ। ਜ਼ੀਰਕਪੁਰ ਦੀ ਔਰਤ ਵਲੋਂ ਲਾਏ ਜਬਰ-ਜਨਾਹ ਦੇ ਦੋਸ਼ਾਂ ਮਗਰੋਂ ਪਾਸਟਰ ਬਜਿੰਦਰ ਸਿੰਘ ਨੂੰ ਉਮਰਕੈਦ ਦੀ ਸਜ਼ਾ ਸੁਣਾਈ ਗਈ ਹੈ।



ਦੱਸਣਯੋਗ ਹੈ ਕਿ ਜ਼ੀਰਕਪੁਰ ਦੀ ਔਰਤ ਵਲੋਂ ਸਾਲ 2018 'ਚ ਪਾਸਟਰ ਬਜਿੰਦਰ ਸਿੰਘ 'ਤੇ ਜਬਰ-ਜਨਾਹ ਦੇ ਦੋਸ਼ ਲਾਏ ਗਏ ਸਨ। ਇਸ ਮਾਮਲੇ 'ਚ ਪਾਸਟਰ ਦੀ ਗ੍ਰਿਫ਼ਤਾਰੀ ਪਹਿਲਾਂ ਹੀ ਹੋ ਚੁੱਕੀ ਸੀ। ਇਸ ਮਾਮਲੇ 'ਚ ਪਿਛਲੇ ਦਿਨੀਂ ਪਾਸਟਰ ਬਜਿੰਦਰ ਸਿੰਘ ਅਦਾਲਤ 'ਚ ਪੇਸ਼ ਹੋਇਆ ਸੀ।

ਉਸ ਦਿਨ ਪੇਸ਼ੀ ਤੋਂ ਬਾਅਦ ਅਦਾਲਤ ਨੇ ਫ਼ੈਸਲੇ ਨੂੰ ਸੁਰੱਖਿਅਤ ਰੱਖ ਲਿਆ ਸੀ ਅਤੇ 28 ਮਾਰਚ ਨੂੰ ਮਾਮਲੇ 'ਚ ਮੁੜ ਸੁਣਵਾਈ ਹੋਈ ਅਤੇ ਪਾਸਟਰ ਨੂੰ ਦੋਸ਼ੀ ਕਰਾਰ ਦਿੱਤਾ ਗਿਆ। ਇਹ ਵੀ ਦੱਸ ਦੇਈਏ ਕਿ ਜ਼ੀਰਕਪੁਰ ਪੁਲਿਸ ਨੇ ਪੀੜਤਾ ਦੀ ਸ਼ਿਕਾਇਤ 'ਤੇ ਪਾਸਟਰ ਬਜਿੰਦਰ ਸਿੰਘ ਸਣੇ 7 ਲੋਕਾਂ 'ਤੇ ਕੇਸ ਦਰਜ ਕੀਤਾ ਸੀ।

# ਹਰਿਆਣਾ ਵੱਲੋਂ ਟਰੈਵਲ ਏਜੰਟਾਂ ਦੀਆਂ ਗੈਰ-ਕਾਨੂੰਨੀ ਗਤੀਵਿਧੀਆਂ 'ਤੇ ਰੋਕ ਲਗਾਉਣ ਵਾਲਾ ਬਿੱਲ ਪਾਸ

**ਚੰਡੀਗੜ੍ਹ, (ਪੰਜਾਬ ਮੇਲ)-** ਹਰਿਆਣਾ ਵਿਧਾਨ ਸਭਾ ਨੇ ਟਰੈਵਲ ਏਜੰਟਾਂ ਦੀਆਂ ਗੈਰ-ਕਾਨੂੰਨੀ ਗਤੀਵਿਧੀਆਂ 'ਤੇ ਰੋਕ ਲਗਾਉਣ ਦੇ ਉਦੇਸ਼ ਨਾਲ ਇਕ ਬਿੱਲ ਪਾਸ ਕੀਤਾ। ਇਸ ਦੇ ਨਾਲ ਹੀ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਰਕਾਰ ਦੀ ਮੰਸ਼ਾ ਸਪੱਸ਼ਟ ਹੈ ਕਿ ਨੌਜਵਾਨਾਂ ਦੇ ਭਵਿੱਖ ਨਾਲ ਖੇਡਣ ਵਾਲਾ ਕੋਈ ਵੀ ਏਜੰਟ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰੇਗਾ। ਮੁੱਖ ਮੰਤਰੀ ਵੱਲੋਂ ਪੇਸ਼ ਕੀਤੇ ਗਏ ਹਰਿਆਣਾ ਰਜਿਸਟ੍ਰੇਸ਼ਨ ਐਂਡ ਰੈਗੂਲੇਸ਼ਨ ਆਫ ਟਰੈਵਲ ਏਜੰਟ ਬਿੱਲ 2025 'ਚ ਵਿਵਸਥਾ ਕੀਤੀ ਗਈ ਹੈ ਕਿ ਬਿਨਾਂ ਰਜਿਸਟ੍ਰੇਸ਼ਨ ਦੇ ਟਰੈਵਲ ਏਜੰਸੀਆਂ ਨੂੰ ਚਲਾਉਣਾ ਸਜ਼ਾਯੋਗ ਅਪਰਾਧ ਹੋਵੇਗਾ।

ਸਦਨ 'ਚ ਲੰਮੀ ਚਰਚਾ ਤੋਂ ਬਾਅਦ ਬਿੱਲ ਪਾਸ ਕੀਤਾ ਗਿਆ। ਵਿਰੋਧੀ ਧਿਰ ਕਾਂਗਰਸ ਨੇ ਕਿਹਾ ਕਿ ਇਸ ਨੂੰ ਕਈ ਸੁਝਾਅ ਸ਼ਾਮਲ ਕਰਨ ਲਈ ਇਕ ਚੋਣ ਕਮੇਟੀ ਕੋਲ ਭੇਜਿਆ ਜਾਣਾ ਚਾਹੀਦਾ ਹੈ। ਦਰਅਸਲ ਅਮਰੀਕਾ ਵਲੋਂ ਗੈਰ-ਕਾਨੂੰਨੀ ਭਾਰਤੀ ਪ੍ਰਵਾਸੀਆਂ ਦੇ ਡਿਪੋਰਟ ਮਗਰੋਂ ਸਰਕਾਰ ਨੇ ਇਹ ਸਖ਼ਤ ਕਦਮ ਚੁੱਕਿਆ ਹੈ। ਡਿਪੋਰਟ ਕੀਤੇ ਗਏ ਬਹੁਤ ਸਾਰੇ ਲੋਕ ਪੰਜਾਬ ਅਤੇ ਹਰਿਆਣਾ ਦੇ ਸਨ, ਜੋ 'ਡੰਕੀ ਰੂਟ' ਰਾਹੀਂ ਅਮਰੀਕਾ 'ਚ ਦਾਖ਼ਲ ਹੋਏ ਸਨ। 'ਡੰਕੀ ਰੂਟ' ਕਿਸੇ ਦੇਸ਼ ਵਿਚ ਦਾਖਲ ਹੋਣ ਦਾ ਇਕ ਗੈਰ-ਕਾਨੂੰਨੀ ਅਤੇ ਜੋਖਮ ਭਰਿਆ ਰਾਹ ਹੈ, ਜਿਸ ਦੀ ਵਰਤੋਂ ਟਰੈਵਲ ਏਜੰਟ ਲੋਕਾਂ ਨੂੰ ਵਿਦੇਸ਼ ਭੇਜਣ ਲਈ ਕਰਦੇ ਹਨ।

ਹਾਲ ਹੀ 'ਚ ਸੂਬਾ ਸਰਕਾਰ ਨੇ ਹਰਿਆਣਾ ਰਜਿਸਟ੍ਰੇਸ਼ਨ ਐਂਡ ਰੈਗੂਲੇਸ਼ਨ ਆਫ ਟਰੈਵਲ ਏਜੰਟ ਬਿੱਲ, 2024 ਨੂੰ ਕੇਂਦਰ ਦੇ ਕੁਝ ਇਤਰਾਜ਼ਾਂ ਤੋਂ ਬਾਅਦ ਵਾਪਸ ਲੈ ਲਿਆ ਸੀ ਅਤੇ ਕਿਹਾ ਸੀ ਕਿ ਉਹ ਨਵੇਂ ਲਾਗੂ ਅਪਰਾਧਿਕ ਕਾਨੂੰਨਾਂ 'ਚ ਸ਼ਾਮਲ ਵਿਵਸਥਾਵਾਂ ਨੂੰ ਸ਼ਾਮਲ ਕਰਨ ਤੋਂ ਬਾਅਦ ਇਕ ਨਵਾਂ ਬਿੱਲ ਲਿਆਏਗੀ। ਸਦਨ 'ਚ ਪਾਸ ਕੀਤੇ ਗਏ ਬਿੱਲ 'ਚ ਟਰੈਵਲ ਏਜੰਟਾਂ ਦੀ ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਯਕੀਨੀ ਬਣਾਉਣ ਅਤੇ ਉਨ੍ਹਾਂ ਦੀਆਂ ਗੈਰ-ਕਾਨੂੰਨੀ ਅਤੇ ਧੋਖਾਧੜੀ ਵਾਲੀਆਂ ਗਤੀਵਿਧੀਆਂ 'ਤੇ ਰੋਕ ਸਬੰਧੀ ਵਿਵਸਥਾ ਹੈ, ਜਿਸ ਨਾਲ ਹਰਿਆਣਾ ਦੇ ਲੋਕਾਂ ਦੇ ਹਿੱਤਾਂ ਦੀ ਰਾਖੀ ਹੋਵੇਗੀ।

# ਮਿਆਂਮਾਰ ਵਿਚ ਭੂਚਾਲ ਕਾਰਨ ਮਰਨ ਵਾਲਿਆਂ ਦੀ ਗਿਣਤੀ 3260 ਪੁੱਜੀ

## ■ 4800 ਜ਼ਖ਼ਮੀ ਤੇ 400 ਤੋਂ ਵੱਧ ਹਾਲੇ ਵੀ ਲਾਪਤਾ




**ਹਾਂਗਕਾਂਗ, (ਪੰਜਾਬ ਮੇਲ)**- ਮਿਆਂਮਾਰ ਵਿਚ ਕੁਝ ਦਿਨ ਪਹਿਲਾਂ 7.7 ਸ਼ਿੱਦਤ ਵਾਲਾ ਭੂਚਾਲ ਆਉਣ ਕਾਰਨ ਮਰਨ ਵਾਲਿਆਂ ਦੀ ਗਿਣਤੀ 3260 ਤੱਕ ਪੁੱਜ ਗਈ ਹੈ ਤੇ ਲਗਪਗ 4,800 ਲੋਕ ਜ਼ਖ਼ਮੀ ਹੋਏ ਹਨ ਅਤੇ 400 ਤੋਂ ਵੱਧ ਲੋਕ ਲਾਪਤਾ ਹਨ। ਇਹ ਜਾਣਕਾਰੀ ਚਾਈਨਾ ਸੈਂਟਰਲ ਟੈਲੀਵਿਜ਼ਨ (ਸੀ.ਸੀ.ਟੀ.ਵੀ.) ਨੇ ਮਿਆਂਮਾਰ ਦੇ ਆਗੂ ਮਿਨ ਆਂਗ ਹਲਾਈਂਗ ਦੇ ਹਵਾਲੇ ਨਾਲ ਪ੍ਰਸਾਰਿਤ ਕਰਦਿਆਂ ਦੱਸਿਆ ਕਿ ਮਰਨ ਵਾਲਿਆਂ ਦੀ ਗਿਣਤੀ 3,500 ਤੋਂ ਵੱਧ ਹੋ ਸਕਦੀ ਹੈ।

ਇਸ ਤੋਂ ਪਹਿਲਾਂ ਸਰਕਾਰੀ ਬੁਲਾਰੇ ਮੇਜਰ ਜਨਰਲ ਜ਼ਾਅ ਮਿਨ ਤੁਨ ਨੇ ਐੱਮ.ਆਰ.ਟੀ.ਵੀ. ਨੂੰ ਦੱਸਿਆ ਸੀ ਕਿ ਹੁਣ ਤੱਕ 4800 ਜ਼ਖ਼ਮੀਆਂ ਦੀ ਪੁਸ਼ਟੀ ਹੋਈ ਹੈ, ਜਦਕਿ 400 ਵਿਅਕਤੀ ਲਾਪਤਾ ਹਨ। 'ਸਪਰਿੰਗ ਰੈਵੋਲਿਊਸ਼ਨ ਮਿਆਂਮਾਰ ਮੁਸਲਿਮ ਨੈੱਟਵਰਕ' ਦੀ ਸਟੀਅਰਿੰਗ ਕਮੇਟੀ ਦੇ ਮੈਂਬਰ ਤੁਨ ਕਾਈ ਨੇ ਦੱਸਿਆ ਕਿ ਸ਼ੁੱਕਰਵਾਰ ਨੂੰ ਆਏ ਭੂਚਾਲ ਦੌਰਾਨ ਮੁਲਕ ਦੇ ਮੁਸਲਿਮ ਘੱਟ ਗਿਣਤੀ ਫ਼ਿਰਕੇ ਦੇ ਲੋਕ ਰਮਜ਼ਾਨ ਦੇ ਪਵਿੱਤਰ ਮਹੀਨੇ ਕਾਰਨ ਨਮਾਜ਼ ਅਦਾ ਕਰ ਰਹੇ ਸਨ ਤੇ ਜਿਸ ਸਮੇਂ ਮਸਜਿਦਾਂ ਢਹਿ-ਢੇਰੀ ਹੋਈਆਂ, ਉਸ ਸਮੇਂ ਲਗਪਗ 700 ਜਣੇ ਮਾਰੇ ਗਏ। ਅਜੇ ਇਸ ਗੱਲ ਬਾਰੇ ਪਤਾ ਨਹੀਂ ਲੱਗ ਸਕਿਆ ਹੈ ਕਿ ਇਨ੍ਹਾਂ ਮੌਤਾਂ ਦੀ ਗਿਣਤੀ ਸਰਕਾਰੀ ਅੰਕੜੇ 'ਚ ਸ਼ਾਮਲ ਕੀਤੀ ਗਈ ਹੈ ਜਾਂ ਨਹੀਂ। ਉਨ੍ਹਾਂ ਦੱਸਿਆ ਕਿ ਭੂਚਾਲ ਕਾਰਨ 60 ਮਸਜਿਦਾਂ ਨੁਕਸਾਨੀਆਂ ਗਈਆਂ।

ਵੱਖਰੀ ਜਾਣਕਾਰੀ ਮੁਤਾਬਕ ਭੂਚਾਲ ਸਮੇਂ ਮੈਂਡਲੇ ਵਿਚ 270 ਬੋਧੀ ਯੂ ਹਲਾ ਥੇਅ ਮੱਠ 'ਚ ਧਾਰਮਿਕ ਪ੍ਰੀਖਿਆ ਲੈ ਰਹੇ ਸਨ। ਬਚਾਅ ਦਲ ਨੇ ਦੱਸਿਆ ਕਿ ਇਸ ਦੌਰਾਨ 70 ਜਣੇ ਹੀ ਆਪਣਾ ਬਚਾਅ ਕਰ ਸਕੇ, ਜਦਕਿ 50 ਜਣੇ ਮਾਰੇ ਗਏ, ਜਦਕਿ ਬਾਕੀ 150 ਬਾਰੇ ਕੁਝ ਪਤਾ ਨਹੀਂ ਲੱਗ ਸਕਿਆ ਹੈ। ਇਸ ਦੌਰਾਨ ਇੰਟਰਨੈਸ਼ਨਲ ਰੈਸਕਿਊ ਕਮੇਟੀ ਲਈ ਮਿਆਂਮਾਰ 'ਚ ਪ੍ਰੋਗਰਾਮਾਂ ਦੇ ਉਪ ਨਿਰਦੇਸ਼ਕ ਲਾਰੇਨ ਇਲੈਰੀ ਨੇ ਕਿਹਾ ਕਿ ਛੇ ਇਲਾਕਿਆਂ 'ਚ ਐਮਰਜੈਂਸੀ ਦੇ ਹਾਲਾਤ ਹਨ ਤੇ ਉਨ੍ਹਾਂ ਦੀਆਂ ਟੀਮਾਂ ਤੇ ਸਥਾਨਕ ਭਾਈਵਾਲ ਲੋਕਾਂ ਦੀ ਲੋੜਾਂ ਦਾ ਪਤਾ ਲਾਉਣ 'ਚ ਜੁਟੇ ਹਨ। ਉਨ੍ਹਾਂ ਦੱਸਿਆ ਕਿ ਮੈਂਡਲੇ 'ਚ 80 ਫ਼ੀਸਦੀ ਇਮਾਰਤਾਂ ਢਹਿ-ਢੇਰੀ ਹੋਣ ਦਾ ਪਤਾ ਲੱਗਾ ਹੈ।

# ਡਬਲਯੂ.ਐੱਚ.ਓ. ਵੱਲੋਂ ਮਿਆਂਮਾਰ 'ਚ ਭੂਚਾਲ ਤੋਂ ਬਾਅਦ ਬਿਮਾਰੀਆਂ ਫੈਲਣ ਦੀ ਚਿਤਾਵਨੀ

**ਜੇਨੇਵਾ (ਸਵਿਟਜ਼ਰਲੈਂਡ), (ਪੰਜਾਬ ਮੇਲ)**- ਵਿਸ਼ਵ ਸਿਹਤ ਸੰਸਥਾ (ਡਬਲਯੂ.ਐੱਚ.ਓ.) ਨੇ ਮਿਆਂਮਾਰ ਵਿਚ ਹਾਲ ਹੀ ਵਿਚ ਆਏ ਭੂਚਾਲ ਤੋਂ ਬਾਅਦ ਮਲੇਰੀਆ, ਡੇਂਗੂ ਬੁਖਾਰ ਅਤੇ ਹੈਪੇਟਾਈਟਸ ਵਰਗੀਆਂ ਬਿਮਾਰੀਆਂ ਦੇ ਸੰਭਾਵੀ ਫੈਲਣ ਬਾਰੇ ਚਿਤਾਵਨੀ ਜਾਰੀ ਕੀਤੀ ਹੈ, ਜਿਸ ਵਿਚ ਪਾਣੀ ਅਤੇ ਸੈਨੀਟੇਸ਼ਨ ਬੁਨਿਆਦੀ ਢਾਂਚੇ ਨੂੰ ਨੁਕਸਾਨ ਅਤੇ ਸਾਫ਼ ਪਾਣੀ ਤੱਕ ਸੀਮਤ ਪਹੁੰਚ ਦਾ ਹਵਾਲਾ ਦਿੱਤਾ ਗਿਆ ਹੈ।

ਮਿਆਂਮਾਰ ਵਿਚ ਸੰਸਥਾ ਦੇ ਅਧਿਕਾਰੀ ਤੁਸ਼ਾਰਾ ਫਰਨਾਂਡੋ ਨੇ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰਨ ਤੋਂ ਬਾਅਦ ਵੀਡੀਓ ਰਾਹੀਂ ਗੱਲ ਕਰਦਿਆਂ ਕਿਹਾ ਕਿ ਹਸਪਤਾਲਾਂ 'ਚ ਬਹੁਤ ਜ਼ਿਆਦਾ ਭੀੜ ਵਧ ਗਈ ਹੈ ਤੇ ਇੱਥੇ ਲੋੜ ਅਨੁਸਾਰ ਡਾਕਟਰ ਨਹੀਂ ਹਨ, ਬਿਜਲੀ ਅਤੇ ਬਾਲਣ ਦੀ ਘਾਟ ਸੰਕਟ ਨੂੰ ਹੋਰ ਵਧਾ ਰਹੀ ਹੈ।

ਉਨ੍ਹਾਂ ਗਰਭਵਤੀ ਔਰਤਾਂ, ਬੱਚਿਆਂ ਅਤੇ ਸ਼ੂਗਰ ਅਤੇ ਦਿਲ ਦੀਆਂ ਬਿਮਾਰੀਆਂ ਨਾਲ ਜੂਝਣ ਵਾਲਿਆਂ ਨੂੰ ਸਮੇਂ ਸਿਰ ਡਾਕਟਰੀ ਸਹੂਲਤਾਂ ਨਾ ਮਿਲਣ 'ਤੇ ਚਿੰਤਾ ਪ੍ਰਗਟ ਕੀਤੀ। ਡਬਲਯੂ.ਐੱਚ.ਓ. ਇਸ ਵੇਲੇ ਹਸਪਤਾਲਾਂ ਅਤੇ ਸਿਹਤ ਸੰਭਾਲ ਸਹੂਲਤਾਂ ਦੀ ਸਥਿਤੀ ਦਾ ਮੁਲਾਂਕਣ ਕਰ ਰਿਹਾ ਹੈ।



**ਮਾਂਡਲੇ 'ਚ ਮਲਬੇ ਹੇਠੋਂ ਇੱਕ ਵਿਅਕਤੀ ਨੂੰ ਕੱਢ ਕੇ ਲਿਜਾਂਦੇ ਹੋਏ ਰਾਹਤ ਕਾਮੇ।**

ਸਫਾ 1 ਦਾ ਬਾਕੀ

## APCA ਵੱਲੋਂ 11ਵਾਂ ਸਾਲਾਨਾ ਟਰੇਡ ਸ਼ੋਅ 1 ਮਈ ਨੂੰ

ਟਰੇਡ ਸ਼ੋਅ ਤੋਂ ਇਕ ਦਿਨ ਪਹਿਲਾਂ 30 ਅਪ੍ਰੈਲ ਨੂੰ APCA ਵੱਲੋਂ ਚੈਰਿਟੀ ਗੌਲਫ ਟੂਰਨਾਮੈਂਟ 2255, Jameson Canyon Road, American Canyon, CA 94503 ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਵਿਚ ਕੈਲੀਫੋਰਨੀਆ ਭਰ ਤੋਂ ਆਏ ਸਟੋਰ ਮਾਲਕ ਖੁਦ ਵੀ ਗੌਲਫ ਖੇਡ ਸਕਦੇ ਹਨ। ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਅੰਸ ਸਟੋਰ ਐਸੋਸੀਏਸ਼ਨ ਵੱਲੋਂ ਸਮੂਹ ਸਟੋਰ ਮਾਲਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਦੋਵੇਂ ਦਿਨ ਇਥੇ ਪਹੁੰਚ ਕੇ ਗੌਲਫ ਦੇ ਨਾਲ-ਨਾਲ ਟਰੇਡ ਸ਼ੋਅ ਵਿਚ ਹਿੱਸਾ ਲੈ ਕੇ ਆਪਣੇ ਬਿਜ਼ਨਸ ਲਈ ਫਾਇਦਾ ਉਠਾਉ।

**ਵਧੇਰੇ ਜਾਣਕਾਰੀ ਲਈ ਫੋਨ ਕਰੋ : 510-290-7144 ਜਾਂ 916-627-1170.**

ਸਫਾ 1 ਦਾ ਬਾਕੀ

## ਬਰੈਂਪਟਨ 'ਚ ਪੰਜਾਬੀ ਕਾਰੋਬਾਰੀ ਦੀ...

ਕੰਪਨੀਆਂ ਸਾਊਦੀ ਅਰਬ ਅਤੇ ਮੱਧ ਪੂਰਬ ਦੇ ਹੋਰ ਸਥਾਨਾਂ ਲਈ ਉਪਕਰਨ ਬਣਾਉਣਗੀਆਂ। ਜਨਵਰੀ ਵਿਚ ਸਾਊਦੀ ਕ੍ਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਨੇ ਅਮਰੀਕੀ ਵਪਾਰ ਅਤੇ ਨਿਵੇਸ਼ ਵਿਚ 600 ਅਰਬ ਡਾਲਰ ਜਮ੍ਹਾ ਕਰਨ ਦਾ ਵਾਅਦਾ ਕੀਤਾ ਸੀ। ਉਸ ਸਮੇਂ ਸਾਊਦੀ ਅਰਬ ਨੇ ਕੋਈ ਵੇਰਵਾ ਨਹੀਂ ਦਿੱਤਾ ਸੀ ਕਿ ਇਸ ਪੈਸੇ ਦਾ ਚੈਨਲ ਕੀ ਹੋਵੇਗਾ, ਕਿਉਂਕਿ ਇਹ ਸਾਊਦੀ ਜੀ.ਡੀ.ਪੀ. ਦੇ ਅੱਧੇ ਤੋਂ ਵੱਧ ਹੈ।

ਸਫਾ 1 ਦਾ ਬਾਕੀ

## ਅਮਰੀਕਾ ਵਿਚ ਟਿਕਟੌਕ ਹੋ ਸਕਦੈ...

ਕਿਉਂਕਿ ਇਸ ਨਾਲ ਚੀਨ ਵੱਲੋਂ ਅਮਰੀਕੀਆਂ ਦੀ ਨਿੱਜੀ ਜਾਣਕਾਰੀ ਹਾਸਲ ਕੀਤੀ ਜਾਂਦੀ ਹੈ, ਜੋ ਕਿ ਦੇਸ਼ ਦੇ ਨਾਗਰਿਕਾਂ ਲਈ ਠੀਕ ਨਹੀਂ ਹੈ।

ਪਿਛਲੇ ਰਾਸ਼ਟਰਪਤੀ ਜੋਅ ਬਾਇਡਨ ਨੇ ਇਸ ਐਪ ਨੂੰ ਆਪਣੇ ਕਾਰਜਕਾਲ ਦੇ ਅੰਤਿਮ ਦਿਨਾਂ ਵਿਚ ਬੰਦ ਕਰ ਦਿੱਤਾ ਸੀ। ਪਰ ਨਵੇਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਟਿਕਟੌਕ ਕੰਪਨੀ ਨੂੰ ਕਿਸੇ ਅਮਰੀਕੀ ਕੰਪਨੀ ਵੱਲੋਂ ਖਰੀਦਣ ਦੀ ਗੱਲ ਕਹੀ ਗਈ ਸੀ ਅਤੇ ਇਸ ਕੰਮ ਲਈ 75 ਦਿਨਾਂ ਦੀ ਮੋਹਲਤ ਦਿੱਤੀ ਸੀ। ਉਹ ਸਮਾਂ ਹੁਣ 5 ਅਪ੍ਰੈਲ ਨੂੰ ਖਤਮ ਹੋਣ ਜਾ ਰਿਹਾ ਹੈ। ਪਰ ਹਾਲੇ ਤੱਕ ਇਸ ਸੰਬੰਧੀ ਕੋਈ ਵੀ ਸੌਦੇਬਾਜ਼ੀ ਨਹੀਂ ਹੋਈ। ਜੇ ਅਜਿਹਾ ਸੌਦਾ ਨਾ ਹੋਇਆ, ਤਾਂ ਟਿਕਟੌਕ 5 ਅਪ੍ਰੈਲ ਤੋਂ ਬਾਅਦ ਅਮਰੀਕਾ ਤੋਂ ਰੁਖ਼ਸਤ ਹੋ ਸਕਦਾ ਹੈ।

ਸਫਾ 1 ਦਾ ਬਾਕੀ

## ਟਰੰਪ ਭਾਰਤੀ ਕਿਸਾਨਾਂ ਲਈ ਬਣੇ...

ਅਮਰੀਕਾ ਚਾਹੁੰਦਾ ਹੈ ਕਿ ਭਾਰਤ ਵੱਧ ਤੋਂ ਵੱਧ ਖੇਤੀ ਉਤਪਾਦ ਖਰੀਦੇ, ਤਾਂ ਜੋ ਉਸ ਦਾ ਵਪਾਰ ਘਾਟਾ ਘਟਾਇਆ ਜਾ ਸਕੇ।

ਜੇਕਰ ਭਾਰਤ ਅਮਰੀਕੀ ਖੇਤੀ ਉਤਪਾਦਾਂ ਦੀ ਦਰਾਮਦ ਵਧਾਉਂਦਾ ਹੈ, ਤਾਂ ਭਾਰਤੀ ਕਿਸਾਨਾਂ ਨੂੰ ਸਸਤੇ ਅਮਰੀਕੀ ਅਨਾਜ ਕਾਰਨ ਭਾਰੀ ਨੁਕਸਾਨ ਹੋਵੇਗਾ। ਅਮਰੀਕਾ ਦੇ ਸਸਤੇ ਉਤਪਾਦ ਭਾਰਤੀ ਬਾਜ਼ਾਰ 'ਤੇ ਹਾਵੀ ਹੋਣਗੇ। ਭਾਰਤੀ ਕਿਸਾਨਾਂ ਨੂੰ ਉਚਿਤ ਭਾਅ ਨਹੀਂ ਮਿਲੇਗਾ, ਜਿਸ ਕਾਰਨ ਉਹ ਕਰਜ਼ੇ ਵਿਚ ਫਸ ਸਕਦੇ ਹਨ ਅਤੇ ਖੇਤੀ ਛੱਡਣ ਲਈ ਮਜਬੂਰ ਹੋ ਸਕਦੇ ਹਨ। ਖੁਰਾਕ ਸੁਰੱਖਿਆ ਲਈ ਖ਼ਤਰਾ ਵੀ ਵਧ ਸਕਦਾ ਹੈ, ਕਿਉਂਕਿ ਭਾਰਤ ਦਾ ਖੇਤੀ ਖੇਤਰ ਛੋਟੇ ਕਿਸਾਨਾਂ 'ਤੇ ਨਿਰਭਰ ਹੈ।

ਇਸ ਤਹਿਤ ਭਾਰਤ ਨੂੰ ਆਪਣੇ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਠੋਸ ਰਣਨੀਤੀ ਅਪਣਾਉਣੀ ਪਵੇਗੀ। ਖੇਤੀਬਾੜੀ ਉਤਪਾਦਾਂ 'ਤੇ ਉੱਚ ਟੈਰਿਫ ਜਾਰੀ ਰੱਖਣਾ, ਤਾਂ ਜੋ ਸਸਤੇ ਅਮਰੀਕੀ ਉਤਪਾਦ ਭਾਰਤੀ ਬਾਜ਼ਾਰ ਵਿਚ ਦਾਖਲ ਨਾ ਹੋ ਸਕਣ। ਭਾਰਤੀ ਖੇਤੀ ਨੂੰ ਮਜ਼ਬੂਤ ਕਰਨਾ, ਨਿਵੇਸ਼ ਅਤੇ ਆਧੁਨਿਕ ਤਕਨੀਕ ਰਾਹੀਂ ਉਤਪਾਦਕਤਾ ਵਧਾਉਣਾ। ਕਿਸਾਨਾਂ ਨੂੰ ਸਿੱਧੀਆਂ ਸਬਸਿਡੀਆਂ ਅਤੇ ਵਿੱਤੀ ਸਹਾਇਤਾ ਪ੍ਰਦਾਨ ਕਰਨ, ਤਾਂ ਜੋ ਉਹ ਵਿਸ਼ਵ ਪੱਧਰ 'ਤੇ ਮੁਕਾਬਲੇ ਦਾ ਸਾਹਮਣਾ ਕਰ ਸਕਣ। ਅਮਰੀਕਾ ਨਾਲ ਵਪਾਰਕ ਗੱਲਬਾਤ ਵਿਚ ਆਪਣੀਆਂ ਸ਼ਰਤਾਂ ਨੂੰ ਮਜ਼ਬੂਤੀ ਨਾਲ ਅੱਗੇ ਵਧਾਉਣਾ ਹੈ, ਤਾਂ ਜੋ ਭਾਰਤੀ ਕਿਸਾਨਾਂ ਨੂੰ ਕੋਈ ਨੁਕਸਾਨ ਨਾ ਹੋਵੇ।

ਡੋਨਾਲਡ ਟਰੰਪ ਆਪਣੇ 'ਅਮਰੀਕਾ ਫਸਟ' ਏਜੰਡੇ ਤਹਿਤ ਹਰ ਡੀਲ 'ਚ ਅਮਰੀਕਾ ਦਾ ਫਾਇਦਾ ਦੇਖਣਾ ਚਾਹੁੰਦੇ ਹਨ। ਉਹ ਵਪਾਰਕ ਦਬਾਅ ਦੀ ਵਰਤੋਂ ਕਰ ਸਕਦੇ ਹਨ, ਟੈਰਿਫ ਵਧਾ ਸਕਦੇ ਹਨ, ਵਪਾਰਕ ਸਮਝੌਤੇ ਬਦਲ ਸਕਦੇ ਹਨ ਜਾਂ ਕੂਟਨੀਤਕ ਹੱਥਕੰਡੇ ਅਪਣਾ ਸਕਦੇ ਹਨ ਪਰ ਭਾਰਤ ਨੂੰ ਆਪਣੇ ਕਿਸਾਨਾਂ ਦੀ ਰੋਜ਼ੀ-ਰੋਟੀ ਅਤੇ ਭੋਜਨ ਸੁਰੱਖਿਆ ਨਾਲ ਸਮਝੌਤਾ ਨਹੀਂ ਕਰਨਾ ਚਾਹੀਦਾ।

ਸਫਾ 1 ਦਾ ਬਾਕੀ

## 2026 ਲਈ ਲੋੜੀਂਦੀ ਗਿਣਤੀ 'ਚ ਮਿਲੀਆਂ ਐੱਚ-1ਬੀ...

2023 ਵਿਚ 7,80,000 ਐੱਚ-1ਬੀ ਅਰਜ਼ੀਆਂ ਪ੍ਰਾਪਤ ਹੋਈਆਂ। 2024 ਵਿਚ, ਇਹ ਗਿਣਤੀ ਘੱਟ ਕੇ 4,79,953 ਹੋ ਗਈ। ਇਸ ਸਾਲ, ਯੂ.ਐੱਸ.ਸੀ.ਆਈ.ਐੱਸ. ਨੇ ਅਜੇ ਤੱਕ ਕੁੱਲ ਅਰਜ਼ੀਆਂ ਦੀ ਗਿਣਤੀ ਜਾਰੀ ਨਹੀਂ ਕੀਤੀ ਹੈ।

ਇਸ ਸਾਲ ਤੋਂ, ਯੂ.ਐੱਸ.ਸੀ.ਆਈ.ਐੱਸ. ਨੇ ਨਵੇਂ ਐੱਚ-1ਬੀ ਰਜਿਸਟ੍ਰੇਸ਼ਨਾਂ ਲਈ 215 ਅਮਰੀਕੀ ਡਾਲਰ ਦੀ ਫੀਸ ਲਗਾਈ ਹੈ।

ਐੱਚ-1ਬੀ ਵੀਜ਼ਾ ਤਕਨੀਕੀ ਅਤੇ ਉੱਚ ਹੁਨਰਮੰਦ ਪੇਸ਼ੇਵਰਾਂ ਲਈ ਸਭ ਤੋਂ ਪ੍ਰਸਿੱਧ ਵੀਜ਼ਾ ਹੈ। ਹਰ ਸਾਲ ਇਨ੍ਹਾਂ ਵੀਜ਼ਿਆਂ ਦਾ ਸਭ ਤੋਂ ਵੱਡਾ ਹਿੱਸਾ ਭਾਰਤੀ ਪੇਸ਼ੇਵਰਾਂ ਨੂੰ ਮਿਲਦਾ ਹੈ, ਜਿਸ ਨਾਲ ਭਾਰਤ-ਅਮਰੀਕਾ ਵਪਾਰਕ ਅਤੇ ਤਕਨਾਲੋਜੀ ਸਬੰਧ ਮਜ਼ਬੂਤ ਹੁੰਦੇ ਹਨ।










# ਸੱਤਾਧਾਰੀ ਤਾਕਤਵਰ ਪਰ ਜਵਾਬਦੇਹੀ ਗਾਇਬ



ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA



ਸੱਤਾ ਪ੍ਰਾਪਤ ਕਰਕੇ ਨੇਤਾਵਾਂ ਨੂੰ ਹੱਦੋਂ ਵੱਧ ਤਾਕਤਾਂ ਮਿਲ ਜਾਂਦੀਆਂ ਹਨ ਅਤੇ ਸੱਤਾ ਦੇ ਨਸ਼ੇ 'ਚ ਉਹ ਜਵਾਬਦੇਹੀ ਵੀ ਭੁੱਲ ਜਾਂਦੇ ਹਨ। ਕੋਈ ਵੀ ਉਹ ਸਿਧਾਂਤ, ਉਨ੍ਹਾਂ ਲਈ ਨਿਰਾਰਥਕ ਹੋ ਜਾਂਦਾ ਹੈ, ਜਿਸ ਅਧਿਕਾਰ ਸਿਧਾਂਤ ਦੀ ਵਰਤੋਂ ਨਾਲ ਉਹ ਸੱਤਾ ਹਥਿਆਉਂਦੇ ਹਨ। ਲੋਕਤੰਤਰ, ਗਣਤੰਤਰ ਅਤੇ ਸੰਵਿਧਾਨ ਦੀ ਆਤਮਾ ਨੂੰ ਉਹ ਸਮਝਣ ਦਾ ਯਤਨ ਹੀ ਨਹੀਂ ਕਰਦੇ। ਇਹ ਅੱਜ ਦੇ ਭਾਰਤ ਦਾ ਵੱਡਾ ਸੱਚ ਹੈ।

ਸੰਵਿਧਾਨ ਦੇ ਤਿੰਨ ਮੁੱਖ ਥੰਮ੍ਹ ਹਨ- ਵਿਧਾਨ ਪਾਲਿਕਾ, ਕਾਰਜਪਾਲਿਕਾ ਤੇ ਨਿਆਂਪਾਲਿਕਾ। ਇਨ੍ਹਾਂ ਤਿੰਨਾਂ ਥੰਮ੍ਹਾਂ ਦੇ ਸੁਚਾਰੂ ਰੂਪ ਨਾਲ ਕੰਮ ਕਰਨ ਨਾਲ ਹੀ ਦੇਸ਼ ਦਾ ਰਾਜ ਪ੍ਰਬੰਧ ਸਹੀ ਢੰਗ ਨਾਲ ਚੱਲ ਸਕਦਾ ਹੈ। ਇਸ ਆਧਾਰ ਉੱਤੇ ਇਮਾਨਦਾਰੀ ਨਾਲ ਚੱਲਣ ਵਾਲਾ ਸ਼ਾਸਨ ਹੀ ਲੋਕ ਹਿਤੈਸ਼ੀ ਹੋ ਸਕਦਾ ਹੈ। ਸ਼ਾਸਕ ਅਤੇ ਸ਼ਾਸਿਤ ਦਾ ਆਪਸੀ ਵਿਸ਼ਵਾਸ ਅਸਲ ਅਰਥਾਂ 'ਚ ਲੋਕਤੰਤਰਿਕ ਕਦਰਾਂ-ਕੀਮਤਾਂ ਦਾ ਮੁੱਢ ਬੰਨ੍ਹਦਾ ਹੈ। ਨੇਤਾਵਾਂ ਦਾ ਜਨਤਾ ਨਾਲ ਸੰਪਰਕ, ਸੰਬੰਧ ਅਤੇ ਸੰਵਾਦ ਜੋ ਆਜ਼ਾਦੀ ਤੋਂ ਪਹਿਲਾਂ ਦੇ ਵੇਲਿਆਂ 'ਚ ਵੇਖਣ ਨੂੰ ਮਿਲਿਆ ਕਰਦਾ ਸੀ, ਉਹ ਅਜ਼ਾਦੀ ਤੋਂ ਬਾਅਦ ਗਾਇਬ ਹੋ ਗਿਆ। ਕਾਰਨ ਸਿੱਧਾ ਤੇ ਸਪੱਸ਼ਟ ਹੈ ਕਿ ਸੱਤਾਧਾਰੀਆਂ ਹੱਥ ਹੱਦੋਂ-ਵੱਧ ਤਾਕਤਾਂ ਆ ਗਈਆਂ ਤੇ ਉਨ੍ਹਾਂ ਦੀ ਜਵਾਬਦੇਹੀ ਘੱਟ ਹੁੰਦੀ-ਹੁੰਦੀ ਅੱਜ ਗ਼ਾਇਬ ਹੀ ਹੋ ਗਈ ਹੈ।

ਆਜ਼ਾਦੀ ਤੋਂ ਬਾਅਦ ਚੋਣ-ਦੌਰ ਚੱਲਿਆ। ਸਾਫ਼-ਸੁਥਰੀਆਂ ਚੋਣਾਂ ਕਰਾਉਣ ਦੇ ਦਾਅਵੇ ਹੋਏ। ਸੱਤਾਧਾਰੀਆਂ ਹੱਥੋਂ ਜਦੋਂ ਤਾਕਤ ਖੁਸਦੀ ਰਹੀ, ਵਿਰੋਧੀ ਧਿਰ ਦੀਆਂ ਸਰਕਾਰਾਂ ਤੋੜੀਆਂ ਜਾਂਦੀਆਂ ਰਹੀਆਂ। ਚੋਣਾਂ 'ਚ ਬਾਹੂਬਲ, ਪੈਸੇ ਦਾ ਬੋਲਬਾਲਾ ਵਧਿਆ। ਸੰਵਿਧਾਨ ਦੀ ਮੂਲ ਭਾਵਨਾ ਹਰ ਇੱਕ ਨੂੰ ਬੋਲਣ ਦੀ ਆਜ਼ਾਦੀ ਦੇ ਖ਼ਾਤਮੇ ਦਾ ਦੌਰ ਚੱਲਿਆ। ਦੇਸ਼ 'ਚ ਐਮਰਜੈਂਸੀ ਲਾਉਣ ਜਿਹੇ ਕਾਲੇ ਦਿਨ ਦੇਸ਼ ਨੂੰ ਵੇਖਣੇ ਪਏ। ਕਾਨੂੰਨ-ਘਾੜੀਆਂ ਸੰਸਥਾਵਾਂ ਵਿਧਾਨ-ਸਭਾਵਾਂ ਤੇ ਲੋਕ-ਸਭਾ ਵਿਚ ਧਨ-ਕੁਬੇਰਾਂ ਅਤੇ ਅਪਰਾਧਿਕ ਲੋਕਾਂ ਦੀ ਭਰਮਾਰ ਹੋਈ। ਕਾਰਪੋਰੇਟਾਂ ਨੇ ਹੌਲੀ-ਹੌਲੀ ਸੱਤਾਧਾਰੀਆਂ 'ਤੇ ਗਲਬਾ ਪਾ ਲਿਆ ਅਤੇ ਦੇਸ਼ ਦੇ "ਕੁਦਰਤੀ ਸਾਧਨ ਲੁੱਟਣ ਦਾ ਦੌਰ" ਇਸੇ ਦਾ ਸਿੱਟਾ ਹੈ। ਦੇਸ਼ 'ਚ ਮੱਧ ਵਰਗੀ ਲੋਕਾਂ ਦੀ ਹਾਹਾਕਾਰ, ਕਿਸਾਨਾਂ, ਮਜ਼ਦੂਰਾਂ ਦਾ ਸ਼ੋਸ਼ਣ ਇਸੇ ਦਾ ਨਤੀਜਾ ਹੈ। ਇਸੇ ਲਈ ਕਿਸਾਨ ਮਜ਼ਦੂਰ ਅੱਜ ਸੜਕਾਂ 'ਤੇ ਹਨ। ਸੱਤਾਧਿਰ ਅੱਜ ਵਿਰੋਧੀ ਧਿਰ ਦੀ ਨਹੀਂ ਸੁਣਦੀ। ਆਪਣੇ ਤੋਂ ਉਲਟ ਵਿਚਾਰਾਂ ਵਾਲਿਆਂ ਨੂੰ ਜੇਲ੍ਹ ਦੀਆਂ ਸਲਾਖਾਂ 'ਚ ਸੁੱਟਿਆ ਜਾ ਰਿਹਾ ਹੈ।

ਕਦੇ ਸਮਾਂ ਸੀ ਕਿ ਦੇਸ਼ ਵਿਚ ਸੱਤਾਧਿਰ ਅਤੇ ਵਿਰੋਧੀ ਧਿਰ ਜਾਣਦੇ ਅਤੇ ਮੰਨਦੇ ਸਨ ਕਿ ਉਨ੍ਹਾਂ ਦਾ ਮੁੱਖ ਕੰਮ ਅਤੇ ਜਵਾਬਦੇਹੀ ਰਾਸ਼ਟਰ ਹਿਤ ਹੈ, ਜਿਸ ਲਈ ਮਿਲ ਕੇ ਕੰਮ ਕਰਨਾ ਹੈ। ਸੰਸਦ 'ਚ ਤਸੱਲੀ, ਦਲੀਲਬਾਜ਼ੀ ਦਾ ਬੋਲਬਾਲਾ ਸੀ। ਵਿਚਾਰ ਪ੍ਰਧਾਨ ਸੀ। ਅੱਜ ਵਿਚਾਰ ਗੁੰਮ ਹੈ। ਰੌਲਾ-ਰੱਪਾ ਹੈ। ਇਥੋਂ ਤੱਕ ਕਿ ਗਾਲੀ-ਗਲੋਚ ਅਤੇ ਡਾਂਗ-ਸੋਟਾ ਹੈ। ਸੰਵਿਧਾਨ ਉੱਤੇ ਸੱਤਾਧਾਰੀ ਧਿਰ ਦੇ ਹਮਲੇ ਪਰੇਸ਼ਾਨ ਕਰਨ ਵਾਲੇ ਹਨ। ਉਹ ਵਿਚਾਰ ਗਾਇਬ ਹੋ ਰਹੇ ਹਨ, ਜੋ ਦੇਸ਼ ਦੇ ਸੰਘੀ ਢਾਂਚੇ ਦੀ ਸੁਰੱਖਿਆ ਲਈ ਕਦੇ ਅਹਿਮ ਸਨ।

ਭਾਰਤੀ ਸੱਭਿਆਚਾਰ ਦੀ ਇਹ ਪ੍ਰਾਪਤੀ ਰਹੀ ਹੈ ਕਿ ਇਥੋਂ ਦੇ ਲੋਕਾਂ ਨੇ ਲੋਕਤੰਤਰ ਦੀ ਮੂਲ ਭਾਵਨਾ ਮਿਲ-ਬਹਿ ਕੇ ਹੱਲ ਕੱਢਣਾ, ਹਜ਼ਾਰਾਂ ਸਾਲ ਪਹਿਲਾਂ ਸਿੱਖ ਲਿਆ ਸੀ। ਉਸੇ ਨੂੰ ਯਾਦ ਕਰਕੇ ਅਸੀਂ ਕਹਿੰਦੇ ਹਾਂ ਕਿ ਲੋਕਤੰਤਰ ਦਾ ਜਨਮਦਾਤਾ ਭਾਰਤ ਹੈ। ਪਰੰਤੂ ਅੱਜ ਆਪਸੀ ਸੰਵਾਦ ਲਗਭਗ ਬੰਦ ਹੈ। ਮਿਲ-ਬੈਠ ਕੇ ਮਸਲੇ ਹੱਲ ਕਰਨ ਦੀ ਪਰੰਪਰਾ ਖ਼ਤਮ ਹੋ ਗਈ ਹੈ ਅਤੇ ਚਿੰਤਾ ਦੀ ਗੱਲ ਤਾਂ ਇਹ ਹੈ ਕਿ ਮਿਲ ਬੈਠਣ ਲਈ ਕੋਈ ਸਾਰਥਕ ਯਤਨ ਹੀ ਨਹੀਂ ਹੋ ਰਹੇ। ਇਸੇ ਕਰਕੇ ਸੰਵੇਦਨਹੀਣਤਾ ਵਧ ਰਹੀ ਹੈ। ਫਿਰਕਿਆਂ 'ਚ ਪਾੜਾ ਪੈ ਰਿਹਾ ਹੈ। ਨਿੱਤ ਫਿਰਕੂ ਦੰਗੇ ਹੋ ਰਹੇ ਹਨ।

ਨੇਤਾਵਾਂ ਦੀ ਮਨਮਾਨੀ ਅਤੇ ਸਰਕਾਰੀ ਪੈਸੇ ਦੀ ਦੁਰਵਰਤੋਂ ਦਾ ਵਧਣਾ ਪ੍ਰਤੱਖ ਦਿੱਸਣ ਲੱਗਾ ਹੈ। ਪਿਛਲੇ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਧਾਰਮਿਕ ਸੰਕੀਰਣਤਾ ਦਾ ਵਧਣਾ ਇਸਦਾ ਪ੍ਰਤੱਖ ਸਬੂਤ ਹੈ। ਦੇਸ਼ 'ਚ ਸੈਂਕੜੇ ਸਕੀਮਾਂ ਇਹੋ-ਜਿਹੀਆਂ ਚਲਾਈਆਂ ਜਾ ਰਹੀਆਂ ਹਨ, ਜੋ ਲੋਕਾਂ ਦੇ ਟੈਕਸ ਦੀ ਵੱਡੀ ਦੁਰਵਰਤੋਂ ਹੈ। ਦੇਸ਼ ਦੇ ਚੁਣੇ ਸੰਸਦ ਮੈਂਬਰਾਂ ਨੂੰ ਮਿਲਦੇ 5 ਕਰੋੜ ਰੁਪਏ ਸਾਲਾਨਾ ਅਤੇ ਉਨ੍ਹਾਂ ਨੂੰ ਖਰਚਣ ਸੰਬੰਧੀ ਸਾਂਸਦਾਂ ਦੇ ਇੱਕ ਗਰੁੱਪ 'ਚ ਕਮਿਸ਼ਨ ਤੈਅ ਕਰਨ ਦੀਆਂ ਖ਼ਬਰਾਂ ਨੇ, "ਦੇਸੀ ਸ਼ਾਸਕਾਂ" ਦੇ "ਕਾਲੇ ਚਿਹਰੇ" ਨੰਗੇ ਕੀਤੇ ਹਨ।

2014 'ਚ ਬਣੀ ਮੋਦੀ ਸਰਕਾਰ ਵੱਲੋਂ 100 ਸ਼ਹਿਰਾਂ ਨੂੰ ਸਮਾਰਟ ਸ਼ਹਿਰ ਬਣਾਉਣ ਦੀ ਸਕੀਮ ਦੇਸ਼ ਚ ਗੱਜ-ਵੱਜ ਕੇ ਸ਼ੁਰੂ ਕੀਤੀ ਗਈ। ਇਸ ਸਕੀਮ ਨੂੰ ਹੁਣ ਖ਼ਤਮ ਕਰ ਦਿੱਤਾ ਗਿਆ। ਨਾ ਕੋਈ ਸ਼ਹਿਰ ਸਮਾਰਟ ਬਣ ਸਕਿਆ, ਨਾ ਕੋਈ ਸਿਟੀ ਮਿਸ਼ਨ 'ਚ ਕੰਮ ਪੂਰਾ ਹੋ ਸਕਿਆ। ਹਾਂ, ਸਿਰਫ਼ 16 ਸ਼ਹਿਰਾਂ 'ਚ ਕੰਮ ਪੂਰਾ ਹੋਇਆ। ਪਰ 14000 ਕਰੋੜ ਰੁਪਏ ਦੇ ਕੰਮ ਅਧੂਰੇ ਪਏ ਰਹੇ। ਸ਼ਹਿਰ ਪਹਿਲਾਂ ਨਾਲੋਂ ਵੀ ਗੰਦੇ ਹੋਏ। ਪ੍ਰਦੂਸ਼ਣ ਵਧਿਆ। ਗੰਦਗੀ ਵਧੀ ਹੈ।

ਨੇਤਾਵਾਂ ਦੀ ਨਿੱਜੀ ਸੁਰੱਖਿਆ ਦੇ ਨਾਂ 'ਤੇ ਕਰੋੜਾਂ ਖਰਚੇ ਜਾ ਰਹੇ ਹਨ। ਬੁਲਟ ਪਰੂਫ਼ ਜੈਕਟਾਂ, ਕਾਰਾਂ, ਹਵਾਈ ਖ਼ਜ਼ਾਨੇ, ਨੇਤਾ ਦੀ ਕਿਸ ਤੋਂ ਸੁਰੱਖਿਆ ਲਈ ਹਨ? ਨੇਤਾ ਤਾਂ ਲੋਕਾਂ ਦਾ ਨੁਮਾਇੰਦਾ ਹੈ। ਜੇਕਰ ਉਸ ਨੂੰ ਲੋਕਾਂ ਤੋਂ ਹੀ ਖ਼ਤਰਾ ਭਾਸਦਾ ਹੈ, ਤਾਂ ਆਖਰ ਉਹ ਨੇਤਾ ਕਿਸ ਦਾ ਹੈ? ਮੌਜੂਦਾ ਭਾਰਤੀ ਪ੍ਰਧਾਨ ਮੰਤਰੀ ਦੀ ਸ਼ਾਨੋ-ਸ਼ੌਕਤ, ਡਰੈੱਸ ਖਰਚੇ, ਸ਼ਾਹੀ ਠਾਠ-ਬਾਠ, ਉਸਦੇ ਸ਼ਖਸੀ ਉਭਾਰ ਲਈ ਖਰਚੇ ਜਾ ਰਹੇ ਕਰੋੜਾਂ ਰੁਪਏ, ਆਖਰ ਲੋਕਾਂ ਦੇ ਗਾੜ੍ਹੇ ਖੂਨ-ਪਸੀਨੇ ਦੀ ਕਮਾਈ 'ਚ ਉਡਾਏ ਜਾ ਰਹੇ ਹਨ। ਜਵਾਬਦੇਹੀ ਕਿੱਥੇ ਹੈ? ਰਾਜਧਾਨੀ ਦਿੱਲੀ 'ਚ ਪੁਰਾਣੇ ਮੁੱਖ ਮੰਤਰੀ ਦੀ ਰਿਹਾਇਸ਼ ਦੇ ਵੱਡੇ ਚਰਚੇ ਰਹੇ। ਰਾਜਭਾਗ ਦੀਆਂ ਪ੍ਰਾਪਤੀਆਂ ਨੂੰ ਪ੍ਰੈੱਸ, ਸੋਸ਼ਲ ਮੀਡੀਆ ਰਾਹੀਂ ਪ੍ਰਚਾਰਨ ਲਈ ਅਰਬਾਂ ਰੁਪਏ, ਡਾਲਰ ਖਰਚੇ ਜਾਂਦੇ ਹਨ। ਸਰਕਾਰੀ ਖ਼ਜ਼ਾਨੇ ਨੂੰ ਵੱਡਾ ਚੂਨਾ ਲਗਾਇਆ ਜਾਂਦਾ ਹੈ। ਇਹ ਆਖਰ ਸੱਤਾ ਦੇ ਗਲਿਆਰਿਆਂ 'ਚ ਬੈਠੇ ਢੁੱਠਾਂ ਵਾਲੇ ਨੇਤਾਵਾਂ ਦੀ ਨਾਦਰਸ਼ਾਹੀ ਸੋਚ ਕਾਰਨ ਹੀ ਨਹੀਂ ਵਾਪਰ ਰਿਹਾ? ਲੋਕ ਬੇਰੁਜ਼ਗਾਰੀ ਤੋਂ ਦੁਖੀ ਹਨ। ਮਹਿੰਗਾਈ ਤੋਂ ਪਰੇਸ਼ਾਨ ਹਨ। ਤੰਗੀਆਂ-ਤੁਰਸ਼ੀਆਂ ਦਾ ਜੀਵਨ ਬਿਤਾ ਰਹੇ ਹਨ। ਭ੍ਰਿਸ਼ਟਾਚਾਰ ਨਾਲ ਦੇਸ਼ ਪਰੁੰਨਿਆਂ ਪਿਆ ਹੈ। ਆਖਰ ਇਹ ਜਵਾਬਦੇਹੀ ਕਿਸ ਦੀ ਹੈ? ਜੇਕਰ ਨੇਤਾ, ਸਿਆਸੀ ਪਾਰਟੀਆਂ ਲੋਕਾਂ ਨੂੰ ਸੁੱਖ ਆਰਾਮ ਨਹੀਂ ਦੇ ਸਕਦੀਆਂ, ਸਹੂਲਤਾਂ ਨਹੀਂ ਦੇ ਸਕਦੀਆਂ, ਰੁਜ਼ਗਾਰ ਨਹੀਂ ਦੇ ਸਕਦੀਆਂ, ਚੰਗੀ ਪੜ੍ਹਾਈ ਅਤੇ ਚੰਗਾ ਵਾਤਾਵਰਣ ਪ੍ਰਦਾਨ ਕਰਨ 'ਚ ਅਸਮਰੱਥ ਹਨ, ਤਾਂ ਕੀ ਉਹ ਨੇਤਾ ਹੋਣ ਤੇ ਅਖਵਾਉਣ ਦਾ ਹੱਕ ਨਹੀਂ ਗਵਾ ਲੈਂਦੇ?

ਦੇਸ਼ 'ਚ ਚੋਣ ਪ੍ਰਬੰਧ ਵਿਗੜਿਆ। ਦੇਸ਼ ਦੀਆਂ ਖ਼ੁਦਮੁਖ਼ਤਿਆਰ ਏਜੰਸੀਆਂ ਇੱਕ ਪਾਸੜ ਫੈਸਲੇ ਲੈਣ ਲੱਗੀਆਂ। ਨਿਆਂ ਪ੍ਰਬੰਧ ਉੱਤੇ ਸਵਾਲ ਖੜ੍ਹੇ ਹੋਣ ਲੱਗੇ। ਕਾਰਜਪਾਲਿਕਾ ਆਪਣੇ ਫਰਜ਼ ਨਿਭਾਉਣ ਤੋਂ ਕੁਤਾਹੀ ਕਰਨ ਲੱਗੀ। ਦੇਸ਼ ਦੀ ਵਾਗਡੋਰ ਚੁਣੇ ਹੋਏ ਨੇਤਾਵਾਂ ਹੱਥ ਨਹੀਂ, ਮਾਫੀਏ ਹੱਥ ਫੜਾ ਦਿੱਤੀ ਗਈ, ਤਾਂ ਦੇਸ਼ ਦੇ ਨੇਤਾ ਮਦਹੋਸ਼ ਪੰਜ ਵਰ੍ਹੇ ਐਸ਼ ਕਰਕੇ ਸਿਰਫ਼ ਚੋਣ ਜਿੱਤਣ ਲਈ ਹਰ ਹੀਲਾ ਵਰਤਣ ਲੱਗੇ। ਲੋਕਾਂ ਨੂੰ ਮੁੱਠੀ ਭਰ ਅਨਾਜ ਬਖਸ਼ ਕੇ, ਲੋਕਾਂ ਨੂੰ ਧਰਮ ਦੇ ਨਾਂ 'ਤੇ ਲੜਾ ਕੇ, ਵੋਟਾਂ ਕਾਬੂ ਕਰਨੀਆਂ, ਕਿਹੜੀ ਰਾਜਨੀਤੀ ਹੈ? ਇਸ ਦੇਸ਼ ਨੂੰ ਫ਼ਿਰੰਗੀਆਂ ਤੋਂ, ਵਿਦੇਸ਼ੀਆਂ ਤੋਂ ਮੁਕਤੀ ਦਿਵਾਉਣ ਲਈ ਆਜ਼ਾਦੀ ਦੇ ਪਰਵਾਨਿਆਂ ਨੂੰ ਇੱਕ ਪੂਰੀ ਸਦੀ ਸੰਘਰਸ਼ ਕਰਨਾ ਪਿਆ। ਇਸ ਨੂੰ ਨਫ਼ਰਤੀ ਰਾਜਨੀਤੀ ਨਾਲ ਕੁਝ ਦਹਾਕਿਆਂ ਵਿਚ ਹੀ ਤਹਿਸ-ਨਹਿਸ ਕਰਨ ਦੀਆਂ ਤਰਕੀਬਾਂ ਘੜੀਆਂ ਜਾ ਚੁੱਕੀਆਂ ਹਨ। ਧਰਮ, ਭਾਸ਼ਾ ਤੇ ਜਾਤ ਦੇ ਨਾਵਾਂ 'ਤੇ ਵੰਡੀਆਂ, ਦੇਸ਼ ਨੂੰ ਆਖਰ ਕਿੱਧਰ ਲੈ ਕੇ ਜਾਣਗੀਆਂ? ਕਿਸ ਦੀ ਹੈ ਜਵਾਬਦੇਹੀ? ਸਮਾਜ ਬਿਖਰ ਰਿਹਾ ਹੈ। ਇਸ ਦਾ ਤਾਣਾ-ਬਾਣਾ ਵਿਗਾੜਿਆ ਜਾ ਰਿਹਾ ਹੈ।

ਦੇਸ਼ 'ਚ ਆਖਰੀ ਕਤਾਰ 'ਚ ਖੜ੍ਹਾ ਵਿਅਕਤੀ ਕਈ ਵਰ੍ਹਿਆਂ ਤੋਂ ਇਹ ਸਭ ਕੁਝ ਦੇਖ ਰਿਹਾ ਹੈ। ਪਰ ਉਸ ਨੂੰ ਇਸ ਸਥਿਤੀ ਨੂੰ ਸਮਝਣ ਲਈ ਸਮਾਂ ਲੱਗ ਰਿਹਾ ਹੈ। ਉਸ ਦੀ ਬੇਚੈਨੀ ਵੱਧ ਰਹੀ ਹੈ। ਉਸ ਨੇ ਸੱਤਾ ਬਦਲਣੀ ਤਾਂ ਸਿੱਖ ਲਈ ਹੈ ਪਰ ਅੱਜ ਸਾਧਾਰਨ ਨਾਗਰਿਕ ਠੱਗਿਆ-ਠੱਗਿਆ ਮਹਿਸੂਸ ਕਰ ਰਿਹਾ ਹੈ। ਮੰਤਰੀ, ਜੱਜ, ਨੌਕਰਸ਼ਾਹ ਤੇ ਅਨੇਕਾਂ ਛੋਟੇ ਅਧਿਕਾਰੀਆਂ ਦੇ ਘਰ ਤਾਂ ਧਨ ਨਾਲ ਭਰੇ ਦਿਸਦੇ ਹਨ। ਅਨੇਕਾਂ ਖਬਰਾਂ ਕਰੋੜਾਂ ਦੀ ਰਿਸ਼ਵਤ ਲੈਣ ਦੀਆਂ ਲੋਕਤੰਤਰ ਦੇ ਚੌਥੇ ਥੰਮ੍ਹ ਉਸ ਪ੍ਰੈੱਸ ਛਪਦੀਆਂ ਹਨ, ਜਿਸ ਦਾ ਵੱਡਾ ਹਿੱਸਾ "ਗੋਦੀ ਮੀਡੀਆ" ਦਾ ਰੂਪ ਧਾਰਨ ਕਰ ਚੁੱਕਿਆ ਹੈ। ਆਖਰ ਦੇਸ਼ ਕਿੱਧਰ ਨੂੰ ਤੁਰਿਆ ਜਾ ਰਿਹਾ ਹੈ?

ਸੁਧਾਰ ਦੇ ਅਨੇਕਾਂ ਯਤਨ ਆਰੰਭੇ ਜਾਂਦੇ ਹਨ, ਪਰ ਬਹੁਤੀ ਵਾਰ ਇਹ ਯਤਨ ਦਿਖਾਵਾ ਮਾਤਰ ਹੀ ਰਹਿ ਜਾਂਦੇ ਹਨ। ਲੋਕਾਂ ਨੂੰ ਨੇਤਾਵਾਂ ਨੇ ਸਮੇਂ-ਸਮੇਂ "ਸਵਰਾਜ" ਦਾ ਸੁਪਨਾ ਦਿਖਾਇਆ। "ਗ਼ਰੀਬੀ ਹਟਾਓ" ਦੇ ਨਾਅਰੇ ਲੱਗੇ। "ਜੈ ਜਵਾਨ, ਜੈ ਕਿਸਾਨ" ਗੂੰਜਿਆ। "ਸਭ ਦਾ ਵਿਕਾਸ, ਸਭ ਦਾ ਸਾਥ" ਹਵਾ 'ਚ ਲਹਿਰਾਇਆ ਗਿਆ। ਪਰ ਲੋਕਾਂ ਦੀਆਂ ਬਰੂਹਾਂ 'ਤੇ ਸਿਰਫ਼ ਫੋਕੇ ਵਾਇਦੇ ਹੀ ਪੁੱਜ ਸਕੇ। ਕੀ ਭਾਰਤੀ ਲੋਕਤੰਤਰ ਦੇ ਨੇੜੇ ਜਾ ਰਹੇ ਹਨ ਜਾਂ ਇਸ ਤੋਂ ਦੂਰ ਭੇਜੇ ਜਾ ਰਹੇ ਹਨ? ਨਾਅਰੇ, ਵਾਅਦੇ ਤੇ ਸਿਰਫ਼ ਵਾਅਦੇ ਆਖਰ ਦੋ ਡੰਗ ਦੀ ਲੋਕਾਂ ਦੀ ਰੋਟੀ ਦਾ ਸਾਧਨ ਤਾਂ ਨਹੀਂ ਨਾ ਬਣ ਸਕਦੇ। ਲੋਕ ਲੱਭਦੇ ਹਨ - "ਰਾਮ ਰਾਜ"। ਲੋਕ ਭਾਲ 'ਚ ਹਨ -ਆਪਣੇ ਹੱਕਾਂ ਦੇ। ਪਰ ਇਹ ਸਾਰੇ ਤਾਂ ਨੇਤਾਵਾਂ ਨੇ ਆਪਣੇ ਹੱਥ ਵੱਸ ਕਰ ਲਏ ਹਨ। ਉਨ੍ਹਾਂ ਪੱਲੇ ਤਾਂ ਲਾਚਾਰੀ ਹੈ। ਅਵਿਸ਼ਵਾਸ ਹੈ। ਬੇਵਸੀ ਹੈ।

ਦੇਸ਼ ਦਾ ਨੇਤਾ ਅਮੀਰ ਹੈ, ਜਨਤਾ ਗ਼ਰੀਬ ਹੈ। ਮੁੱਠੀ ਭਰ ਦੇਸ਼ ਦੇ ਨੇਤਾਵਾਂ ਨੇ "ਜਨਤਾ" ਹਥਿਆ ਲਈ ਹੈ। ਅੱਜ ਦੇਸ਼ ਦੇ ਬਹੁਤੇ ਸਿਆਸੀ ਦਲ ਗੁਣ-ਦੋਸ਼, ਅਸੂਲ ਛੱਡ ਕੇ ਕੁਰਸੀ 'ਤੇ ਕਬਜ਼ੇ ਨੂੰ ਪਹਿਲ ਦੇਣ ਲੱਗੇ ਹਨ। ਉਨ੍ਹਾਂ ਲਈ ਲੋਕਤੰਤਰ ਦਾ ਅਰਥ "ਅਗਲੀ ਚੋਣ ਜਿੱਤਣਾ" ਹੈ। ਇਹ ਚੋਣ ਭਾਵੇਂ ਸਥਾਨਕ ਸਰਕਾਰ ਦੀ ਹੋਵੇ, ਸੂਬੇ ਦੀ ਹੋਵੇ, ਦੇਸ਼ ਦੀ ਵੱਡੀ ਕਾਨੂੰਨੀ ਘੜ੍ਹਨੀ ਸਭਾ ਸੰਸਦ ਦੀ ਹੋਵੇ ਜਾਂ ਫਿਰ ਟਰੱਕ ਯੂਨੀਅਨ ਦੇ ਨੇਤਾ ਦੀ। ਹਰ ਥਾਂ ਜੋੜ-ਤੋੜ, ਧਨ ਦੀ ਵਰਖਾ, ਨੇਤਾ ਲੋਕਾਂ ਦੀ ਅਦਲਾ-ਬਦਲੀ, ਆਇਆ ਰਾਮ ਗਿਆ ਰਾਮ ਦੀ ਸਿਆਸਤ ਭਾਰੂ ਹੈ।

ਪੀੜ੍ਹੀਆਂ ਬਦਲ ਗਈਆਂ। ਸੱਤਾ ਵਿਚ ਜਾ ਕੇ ਲੋਕਾਂ ਨੇ ਦੇਖਿਆ ਕਿ ਸਿਆਸਤਦਾਨਾਂ ਦੀ ਤਾਕਤ ਅਸੀਮਤ ਹੋ ਗਈ ਹੈ। ਉਹ ਇਸ ਚਕਾਚੌਂਧ ਵਿਚ ਨਾ ਕੇਵਲ ਆਦਰਸ਼ ਭੁੱਲ ਗਏ ਹਨ, ਸਗੋਂ ਸਿਧਾਂਤ ਵੀ ਉਨ੍ਹਾਂ ਲਈ ਅਵਿਵਹਾਰਕ ਹੋ ਗਏ ਹਨ। ਉਨ੍ਹਾਂ ਦੀ ਮਾਨਸਿਕ ਅਵਸਥਾ ਤਾਂ ਇੱਥੇ ਤੱਕ ਪੁੱਜ ਗਈ ਹੈ ਕਿ ਉਹ ਲੋਕਾਂ ਨੂੰ ਭੁੱਲ ਗਏ ਹਨ। ਸੈਕੂਲਰ ਸ਼ਬਦ ਦਾ ਗੁੰਮ ਹੋ ਜਾਣਾ, ਰਾਸ਼ਟਰਵਾਦ ਦਾ ਬੋਲਬਾਲਾ ਅੱਜ ਦੇ ਸੱਤਾਧਾਰੀ ਨੇਤਾਵਾਂ ਦਾ ਆਦਰਸ਼ ਹੈ। ਅਮਰੀਕਾ ਦਾ ਟਰੰਪ, ਭਾਰਤ ਦਾ ਮੋਦੀ, ਰੂਸ ਦਾ ਪੁਤਿਨ ਅਤੇ ਕਈ ਦੇਸ਼ਾਂ ਦੇ ਹੋਰ ਵੱਡੇ ਨੇਤਾ ਧਰਮ ਨਿਰਪੱਖਤਾ, ਲੋਕਤੰਤਰ ਨੂੰ ਹੀ ਨਹੀਂ ਭੁੱਲ ਰਹੇ, ਸਹੀ ਗਲਤ ਦੀ ਪਰਿਭਾਸ਼ਾ ਨੂੰ ਵੀ ਨੁੱਕਰੇ ਲਾ ਬੈਠੇ ਹਨ। ਇਹ ਸਭ ਤਾਕਤ ਦਾ ਨਸ਼ਾ ਹੈ। ਇਹ ਸੱਤਾ ਦੀ ਮਗ਼ਰੂਰੀ ਹੈ।

ਲੋਕਾਂ ਨੂੰ ਕੀੜੇ-ਮਕੌੜੇ ਸਮਝਣਾ ਅਤੇ ਇੱਕ ਵੋਟਰ ਸਮਝ ਕੇ ਉਨ੍ਹਾਂ ਨਾਲ ਵਿਵਹਾਰ ਕਰਨਾ, ਅੱਜ ਦੇ ਸਮੇਂ ਦਾ ਵੱਡਾ ਦੁਖਾਂਤ ਹੈ। ਦੇਸ਼ ਦੇ ਨੇਤਾਵਾਂ ਦਾ ਇਹ ਵਿਵਹਾਰ ਕਿਸੇ ਤਰ੍ਹਾਂ ਵੀ ਤਰਕ ਸੰਗਤ ਨਹੀਂ ਹੈ। ਇਹ ਲੋਕਾਂ ਪ੍ਰਤੀ ਸੰਵੇਦਨਹੀਣਤਾ ਹੈ। ਲੋਕ ਬਹੁਤਾ ਚਿਰ ਇਸ ਸਥਿਤੀ ਨੂੰ ਪ੍ਰਵਾਨ ਨਹੀਂ ਕਰਨਗੇ।

ਫ਼ਿਰਕੂ ਟੀਕੇ, ਮੁਫ਼ਤ ਦਾ ਰਾਸ਼ਨ, ਲੋਕਾਂ ਦੀਆਂ ਰਗਾਂ 'ਚ ਜ਼ਹਿਰ ਤੇ ਸੁਸਤੀ ਤਾਂ ਭਰ ਰਿਹਾ ਹੈ। ਪਰ ਸੁਚੇਤ ਸੋਚ ਉਸਨੂੰ ਥਾਂ ਸਿਰ ਕਰਨ ਲਈ ਅੱਗੇ ਵਧ ਰਹੀ ਹੈ, ਜਿਹੜੀ ਸੱਤਾ ਦੇ ਭੁੱਖੇ, ਲੂੰਬੜ-ਚਾਲਾਂ ਚੱਲਣ ਵਾਲੇ ਨੇਤਾਵਾਂ ਦਾ ਅਸਲ ਚਿਹਰਾ ਦੁਨੀਆਂ ਸਾਹਮਣੇ ਲਿਆਏਗੀ।

ਸੱਤਾ ਦਾ ਸੁੱਖ ਮਾਣ ਰਹੇ ਤਾਕਤਵਰ ਨੇਤਾਵਾਂ ਨੂੰ ਆਖਰ ਲੋਕ ਕਚਹਿਰੀ 'ਚ ਆਪਣੇ ਗ਼ਲਤ ਕੰਮਾਂ ਲਈ ਜਵਾਬਦੇਹ ਹੋਣਾ ਪਵੇਗਾ।


# ਮੈਂ ਤੰਦਰੁਸਤ ਕਿਵੇਂ ਹੋਇਆ? ਪੁਸਤਕ : ਸਿਹਤਮੰਦ ਰਹਿਣ ਲਈ ਗੁਣਾਂ ਦੀ ਗੁੱਥਲੀ

**ਲੇਖਕ ਨੂੰ ਡਾਕਟਰਾਂ ਨੇ ਕਿਹਾ ਕਿ ਉਹ ਸਿਰਫ 6 ਮਹੀਨੇ ਜੀਵੇਗਾ ਪ੍ਰੰਤੂ ਡਾਕਟਰਾਂ ਦੀ ਸਲਾਹ ਅਤੇ ਜੀਵਨ ਸ਼ੈਲੀ ਵਿਚ ਤਬਦੀਲੀ ਖਾਣ-ਪੀਣ, ਅੱਧ-ਪੱਕੀਆਂ ਸਬਜ਼ੀਆਂ ਖਾਣ, ਸੈਰ, ਹਲਕੀ ਕਸਰਤ ਕਰਨ ਨਾਲ ਉਹ ਜ਼ਿੰਦਾ ਹੈ। ਇੱਕ-ਇੱਕ ਕਰਕੇ ਸਾਰੀਆਂ ਦਵਾਈਆਂ ਤੋਂ ਨਿਜਾਤ ਮਿਲ ਗਈ। ਕਈ ਗੱਲਾਂ ਦਾ ਡਾਕਟਰ ਓਹਲਾ ਰੱਖਦੇ ਹਨ। ਲੇਖਕ ਨੇ ਵਿਸਤਾਰ ਨਾਲ ਇਹ ਵੀ ਦੱਸਿਆ ਹੈ ਕਿ ਸਾਡੇ ਸਰੀਰ ਦੇ ਸਾਰੇ ਅੰਗਾਂ ਦੇ ਕੀ ਕੰਮ ਹਨ? ਤੇ ਉਹ ਕਿਵੇਂ ਆਪਣੇ ਕੰਮ ਜ਼ਿੰਮੇਵਾਰੀ ਨਾਲ ਨਿਭਾਉਂਦੇ ਹਨ। ਇਸ ਪੁਸਤਕ ਵਿਚ ਉਨ੍ਹਾਂ ਦੇ ਛੋਟੇ-ਛੋਟੇ 72 ਲੇਖ ਹਨ, ਜਿਨ੍ਹਾਂ ਵਿਚ ਸਾਰੀ ਜਾਣਕਾਰੀ ਬਾਕਮਾਲ ਢੰਗ ਨਾਲ ਦਿੱਤੀ ਗਈ ਹੈ। ਇਨ੍ਹਾਂ ਲੇਖਾਂ ਨੂੰ ਪੜ੍ਹਨ ਲਈ ਦਿਲਚਸਪੀ ਬਣੀ ਰਹਿੰਦੀ ਹੈ, ਇਕ ਲੇਖ ਤੋਂ ਬਾਅਦ ਅਗਲਾ ਲੇਖ ਪੜ੍ਹਨ ਦੀ ਉਤਸੁਕਤਾ ਪੈਦਾ ਹੋ ਜਾਂਦੀ ਹੈ।**

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਪ੍ਰੋ. ਸ਼ਿੰਗਾਰਾ ਸਿੰਘ ਢਿੱਲੋਂ ਪੰਜਾਬੀ ਦਾ ਜਾਣਿਆਂ ਪਛਾਣਿਆਂ ਕਾਲਮ ਨਵੀਸ ਹੈ। ਉਸਦੇ ਦੇਸ਼ ਅਤੇ ਵਿਦੇਸ਼ ਦੇ ਅਖ਼ਬਾਰਾਂ ਵਿਚ ਸਮਾਜਿਕ ਸਰੋਕਾਰਾਂ ਨਾਲ ਸੰਬੰਧਤ ਵੱਖੋ-ਵੱਖ ਵਿਸ਼ਿਆਂ 'ਤੇ ਲੇਖ ਪ੍ਰਕਾਸ਼ਤ ਹੁੰਦੇ ਰਹਿੰਦੇ ਹਨ। ਸ਼ਿੰਗਾਰਾ ਸਿੰਘ ਢਿੱਲੋਂ ਦੀ 'ਮੈਂ ਤੰਦਰੁਸਤ ਕਿਵੇਂ ਹੋਇਆ? 'ਸਿਹਤਮੰਦ ਰਹਿਣ ਲਈ ਗੁਰ ਦੱਸਣ ਵਾਲੀ ਮਹੱਤਵਪੂਰਨ ਪੁਸਤਕ ਹੈ। ਸ਼ਖ਼ਸੀਅਤ ਬਣਾਉਣ ਲਈ ਨਿਯਮਤ ਢੰਗ ਤਰੀਕੇ ਅਪਨਾਉਣੇ ਪੈਂਦੇ ਹਨ। ਇੱਕ ਕਿਸਮ ਨਾਲ ਇਹ ਪੁਸਤਕ ਤੰਦਰੁਸਤ ਜੀਵਨ ਜਿਊਣ ਲਈ ਜੀਵਨ ਸ਼ੈਲੀ ਦੇ ਢੰਗ ਦੱਸਦੀ ਹੈ। ਚੰਗੀ ਸ਼ਖ਼ਸੀਅਤ ਬਣਾਉਣ ਲਈ ਚੰਗੀ ਸੋਚ ਤੇ ਤੰਦਰੁਸਤੀ ਜ਼ਰੂਰੀ ਹੈ। ਇਹ ਪੁਸਤਕ ਸ਼ਿੰਗਾਰਾ ਸਿੰਘ ਢਿੱਲੋਂ ਨੇ ਆਪਣੀ ਜ਼ਿੰਦਗੀ ਦੇ ਤਜ਼ਰਬਿਆਂ 'ਤੇ ਆਧਾਰਿਤ ਲਿਖੀ ਹੈ ਕਿਉਂਕਿ ਉਸਨੂੰ ਕਈ ਗੰਭੀਰ ਕਿਸਮ ਦੀਆਂ ਬਿਮਾਰੀਆਂ ਨੇ ਆ ਘੇਰਿਆ ਸੀ। ਉਨ੍ਹਾਂ ਬਿਮਾਰੀਆਂ ਤੋਂ ਮੁਕਤੀ ਪ੍ਰਾਪਤ ਕਰਨ ਲਈ ਜਿਹੜੇ ਗੁਰ ਤੰਦਰੁਸਤ ਹੋਣ ਲਈ ਉਸਨੇ ਵਰਤੇ, ਉਨ੍ਹਾਂ ਬਾਰੇ ਵਿਸਤਾਰ ਨਾਲ ਜਾਣਕਾਰੀ ਦਿੱਤੀ ਹੈ। ਤੰਦਰੁਸਤੀ ਦਾ ਸਰੀਰ ਅਤੇ ਮਨ ਦੋਹਾਂ ਨਾਲ ਸੰਬੰਧ ਹੁੰਦਾ ਹੈ। ਗੁਰਬਾਣੀ ਵਿਚ ਲਿਖਿਆ ਹੈ ਕਿ 'ਹੱਸਣ ਖੇਡਣ ਮਨ ਕਾ ਚਾਓ'। ਸਰੀਰ ਦੀ ਮਾਲਸ਼ ਨਾਲ ਵੀ ਬਹੁਤ ਸਾਰੇ ਰੋਗਾਂ ਤੋਂ ਮੁਕਤੀ ਮਿਲਦੀ ਹੈ। ਤੰਦਰੁਸਤੀ ਲਈ ਖ਼ੁਸ਼ ਰਹਿਣਾ ਤੇ ਹੱਸਣਾ ਰੂਹ ਦੀ ਖ਼ੁਰਾਕ ਹੁੰਦਾ ਹੈ। ਤਣਾਓ, ਪ੍ਰੇਸ਼ਾਨੀ ਤੇ ਨਖਿੱਧ ਸੋਚਾਂ ਬਿਮਾਰੀ ਦਾ ਕਾਰਨ ਬਣਦੇ ਹਨ। ਲੇਖਕ ਨੇ ਬਿਮਾਰੀਆਂ ਆਪਣੀ ਜੀਵਨ ਸ਼ੈਲੀ ਨਾਲ ਆਪ ਸਹੇੜੀਆਂ ਸਨ। ਲੇਖਕ ਨੂੰ ਡਾਕਟਰਾਂ ਨੇ ਕਿਹਾ ਕਿ ਉਹ ਸਿਰਫ 6 ਮਹੀਨੇ ਜੀਵੇਗਾ ਪ੍ਰੰਤੂ ਡਾਕਟਰਾਂ ਦੀ ਸਲਾਹ ਅਤੇ ਜੀਵਨ ਸ਼ੈਲੀ ਵਿਚ ਤਬਦੀਲੀ ਖਾਣ-ਪੀਣ, ਅੱਧ-ਪੱਕੀਆਂ ਸਬਜ਼ੀਆਂ ਖਾਣ, ਸੈਰ, ਹਲਕੀ ਕਸਰਤ ਕਰਨ ਨਾਲ ਉਹ ਜ਼ਿੰਦਾ ਹੈ। ਇੱਕ-ਇੱਕ ਕਰਕੇ ਸਾਰੀਆਂ ਦਵਾਈਆਂ ਤੋਂ ਨਿਜਾਤ ਮਿਲ ਗਈ। ਕਈ ਗੱਲਾਂ ਦਾ ਡਾਕਟਰ ਓਹਲਾ ਰੱਖਦੇ ਹਨ। ਲੇਖਕ ਨੇ ਵਿਸਤਾਰ ਨਾਲ ਇਹ ਵੀ ਦੱਸਿਆ ਹੈ ਕਿ ਸਾਡੇ ਸਰੀਰ ਦੇ ਸਾਰੇ ਅੰਗਾਂ ਦੇ ਕੀ ਕੰਮ ਹਨ? ਤੇ ਉਹ ਕਿਵੇਂ ਆਪਣੇ ਕੰਮ ਜ਼ਿੰਮੇਵਾਰੀ ਨਾਲ ਨਿਭਾਉਂਦੇ ਹਨ। ਇਸ ਪੁਸਤਕ ਵਿਚ ਉਨ੍ਹਾਂ ਦੇ ਛੋਟੇ-ਛੋਟੇ 72 ਲੇਖ ਹਨ, ਜਿਨ੍ਹਾਂ ਵਿਚ ਸਾਰੀ ਜਾਣਕਾਰੀ ਬਾਕਮਾਲ ਢੰਗ ਨਾਲ ਦਿੱਤੀ ਗਈ ਹੈ। ਇਨ੍ਹਾਂ ਲੇਖਾਂ ਨੂੰ ਪੜ੍ਹਨ ਲਈ ਦਿਲਚਸਪੀ ਬਣੀ ਰਹਿੰਦੀ ਹੈ, ਇਕ ਲੇਖ ਤੋਂ ਬਾਅਦ ਅਗਲਾ ਲੇਖ ਪੜ੍ਹਨ ਦੀ ਉਤਸੁਕਤਾ ਪੈਦਾ ਹੋ ਜਾਂਦੀ ਹੈ। ਇਹ ਪੁਸਤਕ ਤੰਦਰੁਸਤ ਰਹਿਣ ਲਈ ਇੱਕ ਕਿਸਮ ਨਾਲ ਸੁੰਡ ਦੀ ਗੱਠੀ ਹੈ। ਇਸਨੂੰ ਗੁਣਾਂ ਦੀ ਗੁਥਲੀ ਵੀ ਕਿਹਾ ਜਾ ਸਕਦਾ ਹੈ। ਤੰਦਰੁਸਤੀ ਮਨੁੱਖ ਦੇ ਆਪਣੇ ਹੱਥਾਂ ਵਿਚ ਹੁੰਦੀ ਹੈ। ਪੁਸਤਕ ਦਾ ਪਹਿਲਾ ਲੇਖ ਵਿਲੱਖਣ ਢੰਗ ਨਾਲ ਢਿੱਲੋਂ ਦੇ ਸਰੀਰ ਵੱਲੋਂ ਉਸਨੂੰ ਸੰਬੋਧਨ ਕੀਤਾ ਹੋਇਆ ਹੈ ਕਿ 'ਤੂੰ ਮੇਰੀ ਵਰਤੋਂ ਤਾਂ ਹਰ ਕੰਮ ਲਈ ਕਰ ਰਿਹਾ ਹੈਂ ਪ੍ਰੰਤੂ ਮੇਰੀ ਵੇਖ ਭਾਲ ਨਹੀਂ ਕਰਦਾ। ਜੇ ਇਸ ਤਰ੍ਹਾਂ ਕਰਦਾ ਰਿਹਾ, ਤਾਂ ਮੈਂ ਤੁਹਾਨੂੰ ਇੱਕ-ਨਾ-ਇੱਕ ਦਿਨ ਜਵਾਬ ਦੇ ਜਾਵਾਂਗਾ'। ਉਦਾਹਰਣਾਂ ਦੇ ਕੇ ਸਵਾਲ ਜਵਾਬ ਕੀਤੇ ਗਏ ਹਨ। ਜੀਵਨ ਇੱਕ ਅਨਮੋਲ ਗਹਿਣਾ ਹੈ। ਲੇਖਕ ਨੇ ਇਹ ਸਬੂਤਾਂ ਸਮੇਤ ਦੱਸਿਆ ਹੈ ਕਿ ਬਿਮਾਰੀ ਇਨਸਾਨ ਦੀ ਆਪਣੀ ਗ਼ਲਤੀ ਦਾ ਨਤੀਜਾ ਹੁੰਦੀ ਹੈ, ਜੇਕਰ ਮਨੁੱਖ ਇਤਿਹਾਤ ਵਰਤਦਾ ਰਹੇ, ਤਾਂ ਕੋਈ ਬਿਮਾਰੀ ਲੱਗ ਹੀ ਨਹੀਂ ਸਕਦੀ। ਇਨਸਾਨ ਦੇ ਸਰੀਰ ਦੇ ਕਈ ਅੰਗ ਹਨ, ਉਨ੍ਹਾਂ ਦੇ ਵੱਖੋ-ਵੱਖਰੇ ਕੰਮ ਹਨ। ਜੇਕਰ ਮਨੁੱਖ ਇਨ੍ਹਾਂ ਦਾ ਧਿਆਨ ਨਾ ਰੱਖੇ, ਤਾਂ ਇਨ੍ਹਾਂ ਸਾਰੇ ਅੰਗਾਂ ਨੂੰ ਬਿਮਾਰੀਆਂ ਲੱਗ ਜਾਂਦੀਆਂ ਹਨ। ਬਿਮਾਰੀਆਂ ਨਾਲ ਨਿਪਟਣ ਦੇ ਢੰਗ ਤਰੀਕੇ ਵੀ ਦੱਸੇ ਗਏ ਹਨ। ਉਨ੍ਹਾਂ ਅੰਗਾਂ ਦੀ ਜੇਕਰ ਅਸੀਂ ਵੇਖ ਭਾਲ ਕਰਦੇ ਰਹਾਂਗੇ, ਤਾਂ ਉਹ ਸਹੀ ਢੰਗ ਨਾਲ ਕੰਮ ਕਰਦੇ ਰਹਿਣਗੇ। ਬਿਮਾਰੀ ਉਦੋਂ ਹੀ ਲੱਗਦੀ ਹੈ, ਜਦੋਂ ਕੋਈ ਅੰਗ ਆਪਣਾ ਕੰਮ ਕਰਨੋਂ ਜਵਾਬ ਦੇ ਦਿੰਦਾ ਹੈ। ਜਵਾਬ ਵੀ ਉਹ ਰਾਤੋ-ਰਾਤ ਨਹੀਂ ਦਿੰਦਾ। ਕਾਫੀ ਸਮਾਂ ਪਹਿਲਾਂ ਹੀ ਉਹ ਲੱਛਣਾਂ ਰਾਹੀਂ ਚੇਤਾਵਨੀ ਦਿੰਦਾ ਹੈ, ਮਨੁੱਖ ਅਣਗੌਲਿਆਂ ਕੰਮ ਕਰਦਾ ਰਹਿੰਦਾ ਹੈ। ਦਵਾਈਆਂ ਬਿਮਾਰੀਆਂ ਦਾ ਇਲਾਜ ਨਹੀਂ, ਸਿਰਫ ਬਿਮਾਰੀ ਨੂੰ ਆਰਜ਼ੀ ਕੰਟਰੋਲ ਕਰਦੀਆਂ ਹਨ। ਹਰ ਦਵਾਈ ਡਾਕਟਰ ਦੀ ਸਲਾਹ ਨਾਲ ਲੈਣੀ ਚਾਹੀਦੀ ਹੈ ਤੇ ਆਪਣੀ ਮਰਜ਼ੀ ਨਾਲ ਬੰਦ ਨਹੀਂ ਕਰਨੀ ਚਾਹੀਦੀ। ਇਲਾਜ ਤਾਂ ਸਰੀਰ ਦੇ ਅੰਦਰੋਂ ਹੀ ਆਪਣੇ ਆਪ ਹੁੰਦਾ ਰਹਿੰਦਾ ਹੈ, ਬਸ਼ਰਤੇ ਕਿ ਮਨੁੱਖ ਸਰੀਰ ਦੀ ਵੇਖ ਭਾਲ ਕਰਦਾ ਰਹੇ ਤੇ ਮਾਨਸਿਕ ਤੌਰ 'ਤੇ ਮਜ਼ਬੂਤ ਹੋਵੇ, ਕਿਉਂਕਿ ਸਰੀਰ ਤੇ ਮਨ ਦਾ ਗੂੜ੍ਹਾ ਸੰਬੰਧ ਹੁੰਦਾ ਹੈ। ਸਰੀਰ ਤੋਂ ਮਸ਼ੀਨ ਦੀ ਤਰ੍ਹਾਂ ਕੰਮ ਨਾ ਲਓ। ਜਿਵੇਂ ਮਨੁੱਖ ਆਪਣੇ ਵਾਹਨ ਦੀ ਸਰਵਿਸ ਕਰਵਾਉਂਦਾ ਹੈ, ਤਾਂ ਜੋ ਉਹ ਖ਼ਰਾਬ ਨਾ ਹੋ ਜਾਵੇ। ਬਿਲਕੁਲ ਇਸੇ ਤਰ੍ਹਾਂ ਮਨੁੱਖ ਨੂੰ ਆਪਣੇ ਸਰੀਰ ਦੀ ਵੇਖ ਭਾਲ ਭਾਵ ਸਰਵਿਸ ਕਰਦੇ ਰਹਿਣਾ ਚਾਹੀਦਾ ਹੈ। ਕੁਦਰਤ ਦਾ ਮਕੈਨਿਜ਼ਮ ਸਰੀਰ ਵਿਚ ਫਿਟ ਹੈ। ਲੋੜ ਤੋਂ ਵੱਧ ਕੋਈ ਚੀਜ਼ ਨਾ ਖਾਉ, ਉਤਨੀ ਚੀਜ਼ ਖਾਧੀ ਜਾਵੇ, ਜਿਤਨੀ ਸਰੀਰ ਨੂੰ ਉਸਦੀ ਲੋੜ ਹੈ, ਜਦੋਂ ਮਨੁੱਖ ਸਵਾਦ ਲਈ ਵਧੇਰੇ ਖਾ ਲੈਂਦਾ ਹੈ, ਤਾਂ ਬਿਮਾਰੀ ਨੂੰ ਸੱਦਾ ਦੇ ਰਿਹਾ ਹੁੰਦਾ ਹੈ। ਉਦਾਹਰਣ ਲਈ ਮਨੁੱਖ ਦੇ ਸਰੀਰ ਨੂੰ ਹਰ ਰੋਜ਼ 10 ਗ੍ਰਾਮ ਸ਼ੂਗਰ ਤੇ 5 ਗ੍ਰਾਮ ਲੂਣ ਦੀ ਲੋੜ ਹੁੰਦੀ ਹੈ। ਜਿਹੜੀ ਵੀ ਚੀਜ਼ ਮਨੁੱਖ ਖਾਂਦਾ ਹੈ ਹਰ ਚੀਜ਼ ਵਿਚ ਸ਼ੂਗਰ ਹੁੰਦੀ ਹੈ। ਅਸੀਂ ਆਈਸ ਕਰੀਮ, ਜਲੇਬੀਆਂ ਅਤੇ ਹੋਰ ਮਿੱਠੀਆਂ ਚੀਜ਼ਾਂ 'ਤੇ ਜ਼ੋਰ ਦਈ ਜਾਂਦੇ ਹਾਂ, ਜੋ ਨੁਕਸਾਨ ਕਰਦੀ ਹੈ, ਸਵਾਦ ਜ਼ਿੰਦਗੀ ਦਾ ਬੇੜਾ ਗਰਕ ਕਰਦਾ ਹੈ। ਮਨੁੱਖ ਦੇ ਸਰੀਰ ਵਿਚ 80 ਫ਼ੀਸਦੀ ਪਾਣੀ ਹੈ, ਪਾਣੀ ਦੀ ਘਾਟ ਨੁਕਸਾਨ ਕਰਦੀ ਹੈ, ਪਾਣੀ ਦੀ ਘਾਟ ਕਰਕੇ ਮੌਤ ਹੋ ਜਾਂਦੀ ਹੈ ਪ੍ਰੰਤੂ ਮਨੁੱਖ ਅਲਸੂ-ਪਲਸੂ ਖਾਈ ਜਾਂਦਾ ਹੈ। ਐਲੋਪੈਥਿਕ ਦਵਾਈ ਦੇ ਸਾਈਡ ਅਫ਼ੈਕਟ ਹੁੰਦੇ ਹਨ। 40 ਸਾਲ ਦੀ ਉਮਰ ਤੋਂ ਬਾਅਦ ਸਰੀਰ ਦਾ ਧਿਆਨ ਰੱਖਣਾ ਅਤਿਅੰਤ ਜ਼ਰੂਰੀ ਹੈ, ਕਿਉਂਕਿ ਇਮਿਊਨ ਪ੍ਰਣਾਲੀ ਕਮਜ਼ੋਰ ਹੋ ਜਾਂਦੀ ਹੈ। ਸੰਤੁਲਿਤ ਖ਼ੁਰਾਕ ਬਿਮਾਰੀਆਂ ਤੋਂ ਦੂਰ ਰੱਖੇਗੀ। ਵਿਟਾਮਿਨ ਸਰੀਰ ਲਈ ਜ਼ਰੂਰੀ ਹਨ, ਵਿਟਾਮਿਨ ਕੁਦਰਤ ਵਿਚੋਂ ਮਿਲਦੇ ਹਨ, ਜੇ ਘਾਟ ਰਹੇ ਤਾਂ ਬਜ਼ਾਰੋਂ ਲੈ ਕੇ ਖਾ ਲਓ ਪ੍ਰੰਤੂ ਟੈਸਟ ਕਰਵਾਉਂਦੇ ਰਹੋ, ਤਾਂ ਜੋ ਤੁਹਾਨੂੰ ਹਰ ਘਾਟ ਦਾ ਪਤਾ ਲੱਗ ਸਕੇ। ਲੇਖਕ ਨੇ ਵਿਟਾਮਿਨ ਕਿਹੜੀ ਵਸਤਾਂ ਵਿਚੋਂ ਮਿਲਦੇ ਹਨ, ਦੀ ਜਾਣਕਾਰੀ ਵੀ ਦਿੱਤੀ ਹੈ। ਸਲਾਹਾਂ ਦੇਣ ਵਾਲੇ ਬਜ਼ੁਰਗ ਛੋਟੇ ਪਰਿਵਾਰਾਂ ਕਰਕੇ ਰਹੇ ਨਹੀਂ, ਨੌਜਵਾਨ ਬੇਪ੍ਰਵਾਹ ਹੋ ਗਏ। ਇਹ ਗੱਲਾਂ ਲੇਖਕ ਨੂੰ ਬਿਮਾਰੀਆਂ ਨੇ ਹੀ ਸਮਝਾਈਆਂ ਹਨ। ਮਨੁੱਖ ਬਿਮਾਰੀ ਲੱਗਣ ਤੋਂ ਬਾਅਦ ਹੀ ਅਹਿਸਾਸ ਕਰਦਾ ਹੈ। ਮੋਟਾਪਾ ਮੁੱਖ ਤੌਰ 'ਤੇ ਦਿਲ, ਸ਼ੂਗਰ ਅਤੇ ਬਲੱਡ ਪ੍ਰੈਸ਼ਰ ਦੀਆਂ ਬਿਮਾਰੀਆਂ ਸਹੇੜਦਾ ਹੈ। ਹਰ ਵਸਤੂ ਦੀ ਵਰਤੋਂ ਨਿਸ਼ਚਿਤ ਮਾਤਰਾ ਵਿਚ ਕਰਨੀ ਲਾਭਦਾਇਕ ਰਹਿੰਦੀ ਹੈ, ਬਹੁਤਾਤ ਨੁਕਸਾਨ ਕਰਦੀ ਹੈ।




**271 ਪੰਨਿਆਂ, 350 ਰੁਪਏ ਕੀਮਤ ਵਾਲੀ ਇਹ ਪੁਸਤਕ ਸਾਹਿਬਦੀਪ ਪਬਲੀਕੇਸ਼ਨ, ਡਾਕਖਾਨਾ: ਭੀਖੀ, ਜ਼ਿਲ੍ਹਾ ਮਾਨਸਾ ਨੇ ਪ੍ਰਕਾਸ਼ਤ ਕੀਤੀ ਹੈ। ਸੰਪਰਕ: ਪਬਲਿਸ਼ਰ : 099889-13155**

ਦੰਦਾਂ ਦੀ ਸਫ਼ਾਈ ਜ਼ਰੂਰੀ ਹੈ ਪ੍ਰੰਤੂ ਕੰਨਾਂ ਦੀ ਸਫ਼ਾਈ ਖ਼ੁਦ ਨਹੀਂ ਕਰਨੀ ਚਾਹੀਦੀ ਕਿਉਂਕਿ ਕੰਨਾਂ ਵਿਚੋਂ ਵੈਕਸ ਆਪਣੇ ਆਪ ਬਾਹਰ ਨਿਕਲ ਜਾਂਦੀ ਹੈ। ਕੰਨਾਂ ਵਿਚ ਪਾਣੀ ਨਹੀਂ ਪੈਣ ਦੇਣਾ ਚਾਹੀਦਾ ਅਤੇ ਨਾ ਹੀ ਕੋਈ ਤੇਲ ਆਦਿ ਪਾਉਣਾ ਚਾਹੀਦਾ ਹੈ। ਨਸ਼ੇ ਅਤੇ ਮਾੜੀਆਂ ਆਦਤਾਂ ਮਨੁੱਖ ਦੀ ਬਰਬਾਦੀ ਦਾ ਕਾਰਨ ਬਣਦੇ ਹਨ। ਸੋਸ਼ਲ ਮੀਡੀਆ ਵੀ ਇੱਕ ਬਿਮਾਰੀ ਬਣ ਗਿਆ ਹੈ, ਇਸ ਤੋਂ ਬਚਣ ਲਈ ਸੰਜਮ ਨਾਲ ਵਰਤੋਂ ਕੀਤੀ ਜਾਵੇ। ਮਨੁੱਖ ਗ਼ਲਤੀਆਂ ਦਾ ਪੁਤਲਾ ਹੈ, ਇਨ੍ਹਾਂ ਨੂੰ ਸੁਧਾਰਕੇ ਤੰਦਰੁਸਤ ਬਣ ਸਕਦਾ ਹੈ। ਦੁੱਖ-ਸੁੱਖ ਜ਼ਿੰਦਗੀ ਦਾ ਹਿੱਸਾ ਹਨ, ਦੁੱਖਾਂ ਤੋਂ ਘਬਰਾਕੇ ਕੋਈ ਰੋਗ ਲਗਵਾਉਣ ਤੋਂ ਬਚਣਾ ਚਾਹੀਦਾ ਹੈ। ਦੁੱਖ-ਸੁੱਖ ਹਮੇਸ਼ਾ ਨਹੀਂ ਰਹਿੰਦੇ। ਉਨੀਂਦਰਾ ਕਿਸੇ ਸਮੱਸਿਆ ਦੇ ਹੱਲ ਨਾ ਹੋਣ ਕਰਕੇ ਬਹੁਤਾ ਸੋਚਣ ਨਾਲ ਹੋ ਜਾਂਦਾ ਹੈ। ਇਸ ਲਈ ਬਹੁਤਾ ਸੋਚਣਾ ਨਹੀਂ ਚਾਹੀਦਾ। ਮਨੁੱਖ ਪਦਾਰਥਵਾਦੀ ਹੋ ਗਿਆ, ਪਦਾਰਥਕ ਚੀਜ਼ਾਂ ਦੀਆਂ ਇੱਛਾਵਾਂ ਵਧਾ ਲੈਂਦਾ ਹੈ, ਉਨ੍ਹਾਂ ਦੇ ਨਾ ਪੂਰਾ ਹੋਣ ਨਾਲ ਕਈ ਰੋਗ ਲੱਗ ਜਾਂਦੇ ਹਨ। ਰੋਗੀ ਨੂੰ ਬਹੁਤ ਲੋਕ ਸਲਾਹਾਂ ਦਿੰਦੇ ਹਨ, ਹਰ ਸਲਾਹ ਮੰਨਣਯੋਗ ਨਹੀਂ ਹੁੰਦੀ, ਸੋਚ ਸਮਝਕੇ ਫ਼ੈਸਲਾ ਕਰਨਾ ਚਾਹੀਦਾ ਹੈ। ਮਨੁੱਖ ਨੂੰ ਆਪਣੇ ਅੰਤਰਝਾਤ ਮਾਰਕੇ ਸਵੈ-ਮੁਲਾਂਕਣ ਕਰਨਾ ਚਾਹੀਦਾ ਹੈ। ਬਾਕੀ ਬਿਮਾਰੀਆਂ ਦੀ ਤਰ੍ਹਾਂ ਲਿਵਰ ਦੀ ਬਿਮਾਰੀ ਵੀ ਬਹੁਤ ਖ਼ਤਰਨਾਕ ਹੁੰਦੀ ਹੈ। ਇਸ ਲਈ ਜੰਕ ਫੂਡ ਅਤੇ ਲਿਵਰ ਨੂੰ ਨੁਕਸਾਨ ਪਹੁੰਚਾਉਣ ਵਾਲਾ ਖਾਣਾ ਬਿਲਕੁਲ ਨਹੀਂ ਖਾਣਾ ਚਾਹੀਦਾ। 65 ਨੰਬਰ ਲੇਖ ਵਿਚ ਸੰਸਾਰ ਦੇ ਵਿਦਵਾਨਾਂ ਦੀ ਤੰਦਰੁਸਤ ਸਿਹਤ ਲਈ ਦਿੱਤੇ ਸੁਝਾਅ ਦੱਸੇ ਗਏ ਹਨ। 67 ਨੰਬਰ ਲੇਖ ਵਿਚ ਸਰੀਰ ਦੇ ਵੱਖ-ਵੱਖ ਅੰਗਾਂ ਦੇ ਮਾਪਦੰਡ ਲਿਖੇ ਹਨ, ਜਿਨ੍ਹਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ। ਹਰ ਲੇਖ ਦੇ ਅਖ਼ੀਰ ਵਿਚ ਇੱਕ ਡੱਬੀ ਵਿਚ ਸਿਹਤਮੰਦ ਰਹਿਣ ਲਈ ਨੁਕਤੇ ਦੱਸੇ ਗਏ ਹਨ, ਉਨ੍ਹਾਂ 'ਤੇ ਅਮਲ ਕਰਨ ਨਾਲ ਸਰੀਰ ਤੰਦਰੁਸਤ ਰਹਿ ਸਕਦਾ ਹੈ।

ਅਖ਼ੀਰ ਵਿਚ ਕਿਹਾ ਜਾ ਸਕਦਾ ਹੈ ਕਿ ਸਾਰਥਿਕ ਜੀਵਨ ਸ਼ੈਲੀ ਮਨੁੱਖ ਨੂੰ ਤੰਦਰੁਸਤ ਬਣਾ ਸਕਦੀ ਹੈ। ਪੁਸਤਕ ਵਿਚ ਦੁਹਰਾਓ ਬਹੁਤ ਹੈ, ਸ਼ਾਇਦ ਇਸ ਕਰਕੇ ਕਿ ਸਾਰੀਆਂ ਬਿਮਾਰੀਆਂ ਕਿਸੇ ਨਾ ਕਿਸੇ ਗੱਲ ਕਰਕੇ ਇੱਕ ਦੂਜੀ ਨਾਲ ਜੁੜੀਆਂ ਹੋਈਆਂ ਹਨ। ਇਹ ਵੀ ਹੋ ਸਕਦਾ ਹੈ ਕਿ ਲੇਖਕ ਪਾਠਕਾਂ ਨੂੰ ਸੁਚੇਤ ਕਰਨ ਲਈ ਵਾਰ-ਵਾਰ ਉਨ੍ਹਾਂ ਗੱਲਾਂ ਦਾ ਜ਼ਿਕਰ ਕਰਦਾ ਹੋਵੇ, ਜੋ ਮਨੁੱਖਤਾ ਲਈ ਵਧੇਰੇ ਨੁਕਸਾਨਦਾਇਕ ਸਾਬਤ ਹੋ ਸਕਦੀਆਂ ਹਨ।

ਜੰਗ ਸਿੰਘ ਮਰਸੱਡ
(ਅਮਰੀਕਾ)
ਮੋਬਾਇਲ ਨੰ: +1-415-603-7380

ਪੰਜਾਬ ਮੇਲ USA

# ਸ੍ਰੀ ਅਕਾਲ ਤਖਤ ਸਾਹਿਬ ਵਲੋਂ ਅਕਾਲੀ ਦਲ ਦੀ ਭਰਤੀ ਲਈ ਬਣਾਈ ਕਮੇਟੀ ਨੂੰ ਸਿੱਖ ਪੰਥ ਵਲੋਂ ਉਲਰਵਾਂ ਹੁੰਗਾਰਾ

## ਨਵੀਂ ਲੀਡਰਸ਼ਿਪ ਸਥਾਪਿਤ ਕਰਨ ਉਪਰੰਤ ਹੋਰ ਵੀ ਬੜਾ ਕੁਝ ਕਰਨ ਦੀ ਜ਼ਰੂਰਤ

ਸਿੱਖ ਪੰਥ ਵਲੋਂ ਜਿਸ ਤਰ੍ਹਾਂ ਦਾ ਭਰਪੂਰ ਹੁੰਗਾਰਾ ਸ੍ਰੀ ਅਕਾਲ ਤਖਤ ਵਲੋਂ ਬਣਾਈ ਭਰਤੀ ਕਮੇਟੀ ਨੂੰ ਅਕਾਲੀ ਦਲ ਦੀ ਭਰਤੀ ਕਰਨ ਸਬੰਧੀ ਸਿਰਫ ਪੰਜਾਬ ਵਿਚ ਹੀ ਨਹੀਂ, ਬਲਕਿ ਹੋਰ ਪ੍ਰਾਂਤਾਂ ਵਿਚ ਮਿਲ ਰਿਹਾ ਹੈ, ਉਸ ਨੇ ਸਾਬਤ ਕਰ ਦਿੱਤਾ ਹੈ ਕਿ ਸੱਚਮੁੱਚ ਅਕਾਲ ਤਖਤ ਮਹਾਨ ਹੈ ਤੇ ਉਹ ਸਿੱਖ ਪੰਥ ਦੀ ਸ਼ਾਨ ਵੀ ਹੈ। ਇਸ ਨੇ ਸ. ਸੁਖਬੀਰ ਸਿੰਘ ਬਾਦਲ ਤੇ ਉਸ ਦੀ ਢਾਣੀ ਦੇ ਮੈਂਬਰਾਂ ਦੀਆਂ ਅੱਖਾਂ ਵੀ ਖੋਲ੍ਹ ਕੇ ਰੱਖ ਦਿੱਤੀਆਂ ਹਨ ਕਿ ਕਿਵੇਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਹੋਰ ਸਿੰਘ ਸਾਹਿਬਾਨਾਂ ਨਾਲ ਗੁਰਮੱਤਾ ਕਰਕੇ ਦੋ ਦਸੰਬਰ 2024 ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਸੁਣਾਏ ਫੈਸਲਿਆਂ ਮੁਤਾਬਿਕ ਸ. ਸੁਖਬੀਰ ਸਿੰਘ ਬਾਦਲ ਤੇ ਉਸ ਦੇ ਹੋਰ ਆਗੂਆਂ ਨੇ ਪਹਿਲਾਂ ਆਪਣੇ ਦਸ ਸਾਲ ਦੇ ਰਾਜ ਭਾਗ ਵਿਚ ਕੀਤੀਆਂ ਬਹੁਤ ਸਾਰੀਆਂ ਗਲਤੀਆਂ ਨੂੰ ਪ੍ਰਵਾਨ ਕਰਦਿਆਂ ਸਜ਼ਾ ਵੀ ਲਗਵਾਈ ਤੇ ਫਿਰ ਜਿਸ ਬੇਸ਼ਰਮੀ ਨਾਲ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਾਂ ਨੂੰ ਨਜ਼ਰਅੰਦਾਜ਼ ਕਰਕੇ ਜਿਸ ਤਰ੍ਹਾਂ ਸਿੰਘ ਸਾਹਿਬਾਨ ਨੇ ਅਕਾਲੀ ਦਲ ਦੀ ਭਰਤੀ ਕਰਨ ਲਈ ਅਦੇਸ਼ ਦਿੱਤੇ, ਉਸ ਤੋਂ ਮੁਨਕਰ ਹੋ ਕੇ ਆਪਣੀ ਮਰਜ਼ੀ ਨਾਲ ਇਕ ਮਹੀਨੇ ਵਿਚ ਭਰਤੀ ਕਰਨ ਦੀਆਂ ਵੱਡੀਆਂ-ਵੱਡੀਆਂ ਡੀਂਗਾਂ ਮਾਰ ਕੇ ਸਿੱਖ ਕੌਮ ਨੂੰ ਝੂਠਾ-ਮੂਠਾ ਇਹ ਸੁਨੇਹਾ ਦਿੱਤਾ ਕਿ ਉਨ੍ਹਾਂ ਨੇ ਇਕ ਮਹੀਨੇ ਦੇ ਅੰਦਰ ਹੀ 32-33 ਲੱਖ ਮੈਂਬਰਾਂ ਦੀ ਭਰਤੀ ਕਰ ਲਈ ਹੈ, ਜਿਹੜੀ ਬਾਅਦ ਵਿਚ ਬਦਲ-ਬਦਲ ਕੇ ਕਦੇ 20 ਲੱਖ ਹੋਈ ਦੱਸੀ ਜਾਂਦੀ ਸੀ ਤੇ ਇਕ ਵਾਰੀ ਤਾਂ ਇਹ ਭਰਤੀ ਦਸ ਲੱਖ ਦੀ ਹੋਈ ਵੀ ਦੱਸੀ ਗਈ ਸੀ। ਇਨ੍ਹਾਂ ਬਾਦਲ ਦਲੀਆਂ ਨੇ ਪਹਿਲਾਂ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਬਣਾਈ ਕਮੇਟੀ ਵਲੋਂ ਭਰਤੀ ਮੁਹਿੰਮ ਸ਼ੁਰੂ ਨਾ ਕਰਾਈ, ਫਿਰ ਉਸ ਕਮੇਟੀ ਵਿਚੋਂ ਆਪਣੇ ਦੋ ਮੈਂਬਰਾਂ ਜਥੇ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਾਬਕਾ ਪ੍ਰਧਾਨ ਜਥੇ. ਕਿਰਪਾਲ ਸਿੰਘ ਬਡੂੰਗਰ ਦਾ ਅਸਤੀਫਾ ਦੁਆਇਆ। ਉਪਰੰਤ ਸਿੱਖ ਸਾਹਿਬਾਨ ਦੇ ਫੈਸਲੇ ਤੋਂ ਮੁਨਕਰ ਹੋ ਕੇ ਆਪਹੁਦਰੇ ਢੰਗ ਨਾਲ ਛੇ ਮਹੀਨੇ ਦੀ ਥਾਂ ’ਤੇ ਇਕ ਮਹੀਨੇ ਵਿਚ ਆਪਣੀ ਹੀ ਕਮੇਟੀ ਬਣਾ ਕੇ ਉਸ ਵਲੋਂ ਇਕੱਲੇ ਤੌਰ ’ਤੇ ਲੱਖਾਂ ਦੀ ਗਿਣਤੀ ਵਿਚ ਭਰਤੀ ਕੀਤੀ ਦਸ ਕੇ ਸਿੱਖ ਪੰਥ ਵਿਚ ਭਾਰੀ ਦੁਬਿੱਧਾ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ। ਜੇ ਇਹ ਕਹਿ ਲਿਆ ਜਾਵੇ ਕਿ ਇਸ ਪਾਰਟੀ ਦੇ ਆਗੂ ਜਿਹੜੇ ਆਪ ਹੀ ਕਿਸੇ ਵੇਲੇ ਸਿੱਖਾਂ ਨੂੰ “ਸ੍ਰੀ ਅਕਾਲ ਤਖਤ ਮਹਾਨ ਹੈ, ਸਿੱਖ ਪੰਥ ਦੀ ਸ਼ਾਨ ਹੈ” ਕਹਿੰਦੇ ਨਹੀਂ ਸੀ ਥੱਕਦੇ, ਇਸੇ ਪਾਰਟੀ ਦੇ ਆਗੂਆਂ ਨੇ ਉਸ ਅਕਾਲ ਤਖਤ ਦੀ ਮਹਾਨਤਾ ਨੂੰ ਢਾਹ ਲਗਾਉਣ ਦੀ ਕੋਈ ਕਸਰ ਨਹੀਂ ਛੱਡੀ। ਉਨ੍ਹਾਂ ਦੀ ਇਸ ਹੋਛੀ ਕਰਤੂਤ ਦਾ ਭਾਂਡਾ ਸਿੱਖ ਪੰਥ ਨੇ ਉਦੋਂ ਚੁਰਾਹੇ ਭੰਨਿਆ, ਜਦੋਂ ਸ੍ਰੀ ਅਕਾਲ ਤਖਤ ਵਲੋਂ ਬਣਾਈ ਕਮੇਟੀ ਨੂੰ ਸਿੱਖ ਪੰਥ ਨੇ ਭਰਤੀ ਲਈ ਏਡੀ ਭਾਰੀ ਗਿਣਤੀ ਵਿਚ ਹੁੰਗਾਰਾ ਦਿੱਤਾ ਕਿ ਮੈਂਬਰਸ਼ਿਪ ਲੈਣ ਵਾਲਿਆਂ ਦਾ ਤਾਂ ਇਕ ਤਰ੍ਹਾਂ ਦਾ ਹੜ੍ਹ ਹੀ ਆ ਗਿਆ। ਇਸ ਦੀਆਂ ਵੱਖ-ਵੱਖ ਜ਼ਿਲ੍ਹਿਆਂ ਤੋਂ ਮਿਲੀਆਂ ਰਿਪੋਰਟਾਂ ਜਿਥੇ ਹੁਣ ਤੱਕ ਭਰਤੀ ਕੀਤੀ ਗਈ ਹੈ, ਉਥੋਂ ਮਿਲੇ ਭਰਪੂਰ ਹੁੰਗਾਰੇ ਨੇ ਦੱਸ ਦਿੱਤਾ ਹੈ ਕਿ ਸਿੱਖ ਪੰਥ ਇਸ ਬਾਦਲ ਜੁੰਡਲੀ ਨਾਲ ਨਹੀਂ, ਬਲਕਿ ਸ੍ਰੀ ਅਕਾਲ ਤਖਤ ਨਾਲ ਚੱਟਾਨ ਵਾਂਗ ਖੜ੍ਹਾ ਹੈ। ਜਿਹੜਾ ਕਿ ਹਕੀਕਤ ਵਿਚ ਸਿੱਖ ਪੰਥ ਲਈ ਮਹਾਨ ਵੀ ਹੈ ਤੇ ਉਸ ਦੀ ਸ਼ਾਨ ਵੀ। ਇਨ੍ਹਾਂ ਬਾਦਲ ਦਲੀਆਂ ਨੂੰ ਦੋ ਦਸੰਬਰ ਨੂੰ ਸੁਣਾਏ ਫੈਸਲੇ ਦੀ ਅਹਿਮੀਅਤ ਜਿਸ ਵਿਚ ਸਿੰਘ ਸਾਹਿਬਾਨ ਨੇ ਸਪੱਸ਼ਟ ਕਿਹਾ ਸੀ ਕਿ ਸ਼੍ਰੋਮਣੀ ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿਪ ਸਿੱਖ ਪੰਥ ਵਿਚੋਂ ਆਪਣਾ ਵਕਾਰ ਅਧਿਕਾਰਤ ਤੌਰ ’ਤੇ ਖਤਮ ਕਰ ਚੁੱਕੀ ਹੈ, ਉਹ ਆਪਣੀਆਂ ਪਦਵੀਆਂ ਤੋਂ ਤਿੰਨ ਦਿਨਾਂ ਵਿਚ ਅਸਤੀਫੇ ਦੇ ਕੇ ਸ੍ਰੀ ਅਕਾਲ ਤਖਤ ਨੂੰ ਜਾਣੂ ਕਰਾਏ। ਪਹਿਲਾਂ ਤਾਂ ਸ. ਸੁਖਬੀਰ ਸਿੰਘ ਬਾਦਲ ਨੇ ਕਾਫੀ ਚਿਰ ਪ੍ਰਧਾਨਗੀ ਤੋਂ ਅਸਤੀਫਾ ਹੀ ਨਹੀਂ ਦਿੱਤਾ, ਜਦੋਂ ਹਾਲਤਾਂ ਨੇ ਉਨ੍ਹਾਂ ਨੂੰ ਮਜਬੂਰ ਕਰ ਦਿੱਤਾ, ਤਾਂ ਉਨ੍ਹਾਂ ਨੇ ਬੜੇ ਡਰਾਮਾਈ ਢੰਗ ਨਾਲ ਅਸਤੀਫਾ ਦਿੱਤਾ। ਪਰ ਨਾਲ ਹੀ ਇਕ ਹੋਰ ਬੜੀ ਹੁਸ਼ਿਆਰੀ ਤੇ ਚਲਾਕੀ ਵਰਤਦਿਆਂ ਆਪਣੀਆਂ ਉਂਗਲਾਂ ’ਤੇ ਨੱਚਣ ਵਾਲੇ ਇਕ ਆਗੂ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਵਰਕਿੰਗ ਪ੍ਰਧਾਨ ਬਣਾ ਲਿਆ, ਤਾਂ ਕਿ ਪਹਿਲਾਂ ਦੀ ਤਰ੍ਹਾਂ ਮਨਮਰਜ਼ੀ ਦੇ ਫੈਸਲੇ ਕਰਾਏ ਜਾ ਸਕਣ। ਉਸ ਨੇ ਸ਼੍ਰੋਮਣੀ ਕਮੇਟੀ ਵਲੋਂ ਬਣਾਈ ਇਕ ਕਮੇਟੀ ਰਾਹੀਂ ਸਿੰਘ ਸਾਹਿਬਾਨਾਂ ਨੂੰ ਹਟਾਇਆ ਗਿਆ। ਕਹਿਣ ਦਾ ਭਾਵ ਕਿ ਪੂਰਾ ਟਿੱਲ ਲਗਾਇਆ ਗਿਆ ਕਿ ਕਿਸੇ ਨਾ ਕਿਸੇ ਤਰ੍ਹਾਂ ਆਪਣੀ ਹੋਂਦ ਦਰਸਾਈ ਜਾ ਸਕੇ ਪਰ ਸਿੱਖ ਪੰਥ ਨੇ ਇਨ੍ਹਾਂ ਬਾਦਲ ਦਲੀਆਂ ਦੀ ਢਾਣੀ ਨੂੰ ਦੱਸ ਦਿੱਤਾ ਹੈ ਕਿ ਉਹ ਕਿਸੇ ਵੀ ਹਾਲਤ ਵਿਚ ਇਨ੍ਹਾਂ ਨੂੰ ਕਦੇ ਵੀ ਸਵੀਕਾਰ ਕਰਨ ਵਾਲੇ ਨਹੀਂ। ਇਸ ਵੇਲੇ ਪੰਜ ਮੈਂਬਰੀ ਕਮੇਟੀ ਦੀ ਭਾਰੀ ਜ਼ਿੰਮੇਵਾਰੀ ਬਣ ਗਈ ਹੈ ਕਿ ਉਹ ਪੂਰੀ ਨਿਰਪੱਖਤਾ ਨਾਲ ਸਾਰੇ ਅਕਾਲੀ ਦਲਾਂ ਨਾਲ ਸੰਪਰਕ ਕਰਕੇ ਸਾਰਿਆਂ ਦੀ ਇਕੱਠੀ ਮੈਂਬਰਸ਼ਿਪ ਕਰਨ, ਤਾਂ ਕਿ ਅਸਲੀਅਤ ਵਿਚ ‘ਅਕਾਲੀ ਦਲ’ ਦੀ ਸਥਾਪਨਾ ਹੋ ਸਕੇ। ਦੇਸ਼ ਦੇ ਮੌਜੂਦਾ ਹੁਕਮਰਾਨਾਂ ਦਾ ਪੂਰਾ ਜ਼ੋਰ ਲੱਗਾ ਹੋਇਆ ਕਿ ਕਿਸੇ ਵੀ ਤਰ੍ਹਾਂ ਅਕਾਲੀ ਦਲ ਨੂੰ ਮਜ਼ਬੂਤ ਤੌਰ ’ਤੇ ਖੜ੍ਹਾ ਨਾ ਹੋਣ ਦਿੱਤਾ ਜਾਵੇ। ਉਨ੍ਹਾਂ ਨੇ ਬੜੀਆਂ ਹੋਰ ਵੀ ਰੁਕਾਵਟਾਂ ਖੜ੍ਹੀਆਂ ਕਰਨੀਆਂ ਹਨ, ਜਿਸ ਤੋਂ ਚੌਕਸੀ ਰੱਖਣ ਦੀ ਜ਼ਰੂਰਤ ਹੈ। ਇਸ ਵੇਲੇ ਪੰਜਾਬ ਵਿਚ ਖੇਤਰੀ ਪਾਰਟੀ ਨਾ ਹੋਣ ਕਰਕੇ ਉਹ ਬੜੇ ਗੰਭੀਰ ਸੰਕਟ ਵਿਚੋਂ ਲੰਘ ਰਿਹਾ ਹੈ। ਪੰਜਾਬ ਤੇ ਸਿੱਖਾਂ ਦੇ ਜਾਇਜ਼ ਮਸਲੇ ਜਦੋਂ ਅਕਾਲੀ ਦਲ ਜਿਹੜੀ ਕਿ ਖੇਤਰੀ ਪਾਰਟੀ ਹੁੰਦੀ ਸੀ, ਵਲੋਂ ਉਠਾਏ ਜਾਂਦੇ ਸਨ। ਉਨ੍ਹਾਂ ਨੂੰ ਉਠਾਉਣ ਵਾਲੇ ਬਾਦਲ ਦਲ ਦੇ ਸਾਰੇ ਆਗੂ ਆਪਣੀ ਜ਼ਿੰਮੇਵਾਰੀ ਤੋਂ ਭੱਜ ਕੇ ਆਪਣੇ ਘਰ ਭਰਨ ਵਾਲਿਆਂ ਤੱਕ ਹੀ ਸੀਮਤ ਹੋ ਗਏ ਸਨ। ਇਹ ਆਗੂ ਇੰਨੇ ਚਲਾਕ ਤੇ ਹੁਸ਼ਿਆਰ ਸਨ ਕਿ ਉਹ ਜਦੋਂ ਗੱਦੀ ’ਤੇ ਬਿਰਾਜਮਾਨ ਹੁੰਦੇ ਸਨ, ਉਨ੍ਹਾਂ ਨੂੰ ਪੰਜਾਬ ਦਾ ਕੋਈ ਮਸਲਾ ਚੇਤੇ ਨਹੀਂ ਸੀ ਆਉਂਦਾ। ਐਨ ਜਦੋਂ ਰਾਜ ਭਾਗ ਦੀ ਗੱਦੀ ਖੁੱਸ ਜਾਂਦੀ ਸੀ, ਤਾਂ ਫਿਰ ਪੰਜਾਬ ਦੇ ਲੋਕਾਂ ’ਤੇ ਵਿਸ਼ੇਸ਼ ਕਰਕੇ ਸਿੱਖ ਕੌਮ ਨੂੰ ਮੂਰਖ ਸਮਝ ਕੇ ਪੰਜਾਬ ਦੇ ਮਸਲੇ ਚੇਤੇ ਕਰ ਲਏ ਜਾਂਦੇ ਸਨ। ਇਹ ਸਿਲਸਿਲਾ ਕਾਫੀ ਦੇਰ ਤੱਕ ਚੱਲਦਾ ਰਿਹਾ। ਪੰਜਾਬੀ ਦੀ ਅਖਾਉਤ ਹੈ ਕਿ ‘ਕਾਠ ਦੀ ਹਾਂਡੀ ਬਾਰ ਬਾਰ ਨਹੀਂ ਚੜ੍ਹਦੀ’। ਜਿਸ ਦਾ ਨਤੀਜਾ ਅੱਜ ਅਕਾਲੀ ਦਲ ਨੂੰ ਸਿੱਖ ਪੰਥ ਨੇ ਇਸ ਮੁਹਾਣੇ ’ਤੇ ਲਿਆ ਖੜ੍ਹਾ ਕੀਤਾ ਹੈ ਕਿ ਉਨ੍ਹਾਂ ਦੀ ਲੀਡਰਸ਼ਿਪ ਨੂੰ ਉੱਕਾ ਹੀ ਪ੍ਰਵਾਨ ਨਹੀਂ ਕਰ ਰਿਹਾ। ਜਿਸ ਤਰ੍ਹਾਂ ਦਾ ਭਰਪੂਰ ਹੁੰਗਾਰਾ ਇਸ ਕਮੇਟੀ ਨੂੰ ਸਮੁੱਚੇ ਸਿੱਖ ਪੰਥ ਵਲੋਂ ਮਿਲ ਰਿਹਾ ਹੈ, ਇਹ ਦਿੱਤੇ ਸਮੇਂ ਵਿਚ ਅਕਾਲੀ ਦਲ ਦੀ ਬੜੀ ਭਾਰੀ ਗਿਣਤੀ ਵਿਚ ਮੈਂਬਰਸ਼ਿਪ ਭਰਤੀ ਕਰਨ ਦੇ ਯੋਗ ਹੋ ਜਾਣਗੇ। ਕਿੰਨਾ ਹੀ ਚੰਗਾ ਹੋਵੇ ਕਿ ਇਹ ਕਮੇਟੀ ਇਸੇ ਢੰਗ ਨਾਲ ਇਹ ਭਾਰਤ ਦੇ ਨਾਲ ਵਿਦੇਸ਼ਾਂ ਵਿਚ ਵੀ ਅਕਾਲੀ ਦਲ ਦੀ ਭਰਤੀ ਕਰਕੇ ਅਕਾਲੀ ਦਲ ਦਾ ਨਿਰਮਾਣ ਵਿਸ਼ਵ ਭਰ ਵਿਚ ਕਰਨ, ਜਿਸ ਵਿਚ ਪੰਜਾਬ, ਭਾਰਤ ਦੇ ਹੋਰ ਸੂਬਿਆਂ ਅਤੇ ਵਿਦੇਸ਼ਾਂ ਦੇ ਅਕਾਲੀ ਦਲ ਦੇ ਮੈਂਬਰ ਵੀ ਸ਼ਾਮਲ ਹੋਣ। ਉਹ ਫਿਰ ਇਕੱਠੇ ਬਹਿ ਕੇ ਵਿਸ਼ਵ ਭਰ ਦਾ ਅਕਾਲੀ ਦਲ ਸਥਾਪਤ ਕਰਨ, ਜਿਸ ਵਿਚ ਪੰਜਾਬ ਦੀ ਇਕਾਈ, ਭਾਰਤ ਦੇ ਪ੍ਰਾਂਤਾਂ ਦੀ ਇਕਾਈ ਤੇ ਵਿਦੇਸ਼ਾਂ ਵਿਚ ਵੱਸਦੇ ਸਿੱਖਾਂ ਦੀ ਵੱਖਰੀ-ਵੱਖਰੀ ਲੀਡਰਸ਼ਿਪ ਹੋਵੇ, ਜੋ ਦੂਸਰੇ ਅਕਾਲੀ ਦਲਾਂ ਦੇ ਕੰਮਾਂ ਵਿਚ ਬੇਲੋੜੀ ਦਖਲਅੰਦਾਜ਼ੀ ਨਾ ਕਰਨ ਤੇ ਆਪਣੇ-ਆਪਣੇ ਇਲਾਕਿਆਂ ਦੇ ਮਸਲੇ ਆਪ ਹੱਲ ਕਰਨ ਦੇ ਸਮਰੱਥ ਹੋਣ। ਹਾਂ ਜਦੋਂ ਕੋਈ ਸਿੱਖ ਪੰਥ ਦਾ ਸਾਂਝਾ ਮਸਲਾ ਹੋਵੇ, ਤਾਂ ਸਾਰੇ ਅਕਾਲੀ ਦਲ ਇਕੱਠੇ ਹੋ ਕੇ ਸਾਂਝੀ ਰਣਨੀਤੀ ਬਣਾ ਕੇ ਸੰਘਰਸ਼ ਕਰਨ। ਅਕਾਲੀ ਦਲ ਦਾ ਪਿਛਲਾ ਇਤਿਹਾਸ ਗਵਾਹ ਹੈ ਕਿ ਉਨ੍ਹਾਂ ਨੇ ਸਮੇਂ-ਸਮੇਂ ਜਿਹੜੇ ਵੀ ਮਸਲੇ ਉਠਾਏ ਹਨ, ਉਨ੍ਹਾਂ ਦਾ ਹੱਲ ਵੀ ਹੁੰਦਾ ਰਿਹਾ ਹੈ। ਅਕਾਲੀ ਦਲ ਦੀ ਲੀਡਰਸ਼ਿਪ ਦੇ ਨਾਲ-ਨਾਲ ਉਸ ਨੂੰ ਆਪਣੇ ਵਿਦਿਆਰਥੀ ਵਿੰਗ, ਨੌਜੁਆਨ ਵਿੰਗ ਤੇ ਇਸਤਰੀ ਵਿੰਗ ਵੀ ਸਥਾਪਤ ਕਰਨੇ ਪੈਣੇ ਹਨ ਕਿਉਂਕਿ ਇਹ ਸਾਰੇ ਦੇ ਸਾਰੇ ਅਕਾਲੀ ਦਲ ਦਾ ਹਰਿਆਵਲ ਦਸਤਾ ਹਨ। ਇਸ ਕਰਕੇ ਇਨ੍ਹਾਂ ਦਾ ਨਿਰਮਾਣ ਕਰਨਾ ਵੀ ਬੇਹੱਦ ਜ਼ਰੂਰੀ ਹੈ। ਇਸ ਲਈ ਇਹ ਸਾਰੇ ਕੰਮ ਸਹਿਜੇ-ਸਹਿਜੇ ਨਾਲ-ਨਾਲ ਕਰਨੇ ਪੈਣੇ ਹਨ, ਤਾਂ ਕਿਧਰੇ ਜਾ ਕੇ ਪੰਜਾਬ ਦਾ ਅਕਾਲੀ ਦਲ ਪੰਜਾਬ ਦੀ ਖੇਤਰੀ ਪਾਰਟੀ ਬਨਣ ਦੇ ਸਮਰੱਥ ਹੋ ਸਕੇਗਾ। ਆਸ ਹੈ ਮੌਜੂਦਾ ਪੰਜ ਮੈਂਬਰੀ ਕਮੇਟੀ ਇਸ ਪੱਖੋਂ ਵੀ ਪੂਰੀ ਤਰ੍ਹਾਂ ਗੰਭੀਰ ਹੋਵੇਗੀ।



**ਇਸ ਵੇਲੇ ਪੰਜ ਮੈਂਬਰੀ ਕਮੇਟੀ ਦੀ ਭਾਰੀ ਜ਼ਿੰਮੇਵਾਰੀ ਬਣ ਗਈ ਹੈ ਕਿ ਉਹ ਪੂਰੀ ਨਿਰਪੱਖਤਾ ਨਾਲ ਸਾਰੇ ਅਕਾਲੀ ਦਲਾਂ ਨਾਲ ਸੰਪਰਕ ਕਰਕੇ ਸਾਰਿਆਂ ਦੀ ਇਕੱਠੀ ਮੈਂਬਰਸ਼ਿਪ ਕਰਨ, ਤਾਂ ਕਿ ਅਸਲੀਅਤ ਵਿਚ ‘ਅਕਾਲੀ ਦਲ’ ਦੀ ਸਥਾਪਨਾ ਹੋ ਸਕੇ। ਦੇਸ਼ ਦੇ ਮੌਜੂਦਾ ਹੁਕਮਰਾਨਾਂ ਦਾ ਪੂਰਾ ਜ਼ੋਰ ਲੱਗਾ ਹੋਇਆ ਕਿ ਕਿਸੇ ਵੀ ਤਰ੍ਹਾਂ ਅਕਾਲੀ ਦਲ ਨੂੰ ਮਜ਼ਬੂਤ ਤੌਰ ’ਤੇ ਖੜ੍ਹਾ ਨਾ ਹੋਣ ਦਿੱਤਾ ਜਾਵੇ। ਉਨ੍ਹਾਂ ਨੇ ਬੜੀਆਂ ਹੋਰ ਵੀ ਰੁਕਾਵਟਾਂ ਖੜ੍ਹੀਆਂ ਕਰਨੀਆਂ ਹਨ, ਜਿਸ ਤੋਂ ਚੌਕਸੀ ਰੱਖਣ ਦੀ ਜ਼ਰੂਰਤ ਹੈ। ਇਸ ਵੇਲੇ ਪੰਜਾਬ ਵਿਚ ਖੇਤਰੀ ਪਾਰਟੀ ਨਾ ਹੋਣ ਕਰਕੇ ਉਹ ਬੜੇ ਗੰਭੀਰ ਸੰਕਟ ਵਿਚੋਂ ਲੰਘ ਰਿਹਾ ਹੈ। ਪੰਜਾਬ ਤੇ ਸਿੱਖਾਂ ਦੇ ਜਾਇਜ਼ ਮਸਲੇ ਜਦੋਂ ਅਕਾਲੀ ਦਲ ਜਿਹੜੀ ਕਿ ਖੇਤਰੀ ਪਾਰਟੀ ਹੁੰਦੀ ਸੀ, ਵਲੋਂ ਉਠਾਏ ਜਾਂਦੇ ਸਨ।**

# ਦਮਦਮੀ ਟਕਸਾਲ ਦਾ ਕੈਲੰਡਰ ਵਿਗਿਆਨ




-ਸਰਵਜੀਤ ਸਿੰਘ
ਸੈਕਰਾਮੈਂਟੋ
sarbjits@gmail.com
ਪੰਜਾਬ ਮੇਲ USA



ਦਮਦਮੀ ਟਕਸਾਲ ਵੱਲੋਂ ਸਾਂਝੀ ਕੀਤੀ ਗਈ ਕਥਾ ਦੀ ਵੀਡੀਓ ਦਾ ਪੋਸਟਰ, "ਗੁਰਤਾ ਪਾਤਿਸਾਹੀ ਸਤਵੀਂ ਗੁਰੂ ਹਰਿਰਾਇ ਸਾਹਿਬ ਜੀ 1695 ਬਿਕ੍ਰਮੀ ਚੇਤਰ ਸੁਦੀ ਤਰੌਦਸੀ" ਵੇਖ ਕੇ ਸੋਚਿਆ ਕਿ ਪੋਸਟਰ ਬਣਾਉਣ ਵਾਲੇ ਦੀ ਅਣਗਹਿਲੀ ਕਾਰਨ, ਪੋਸਟਰ ਉਪਰ ਗਲਤ ਤਾਰੀਖ ਲਿਖੀ ਗਈ ਹੋਏਗੀ। ਆਪਣੀ ਤਸੱਲੀ ਲਈ ਜਦੋਂ ਮੈਂ 'ਗੁਰਬਾਣੀ ਪਾਠ ਦਰਪਣ' ਵੇਖੀ, ਤਾਂ ਉਥੇ ਵੀ ਚੇਤਰ ਸੁਦੀ ਤਰੌਦਸੀ ਸੰਮਤ 1695 ਬ੍ਰਿਕਮੀ ਹੀ ਲਿਖਿਆ ਹੋਇਆ ਹੈ।

"ਗੱਦੀ ਸਮਾਂ- 1695 ਬਿ: ਚੇਤਰ ਸੁਦੀ ਤਰੌਦਸੀ, ਕੀਰਤਪੁਰ ਸਾਹਿਬ, 22 ਮਾਰਚ 1638 ਈ." (ਪੰਨਾ 17, ਦਸੰਬਰ 1998)

'ਗੁਰਬਾਣੀ ਪਾਠ ਦਰਪਣ' (ਪੰਜਵੀਂ ਵਾਰ ਫਰਵਰੀ 2007, ਪੰਨਾ 17), ਅਤੇ 'ਗੁਰਮਤਿ ਰਹਿਤ ਮਰਯਾਦਾ' (ਜਨਵਰੀ 1977 ਪੰਨਾ 40) ਵਿਚ ਵੀ ਇਹੀ ਤਾਰੀਖ ਦਰਜ ਹੈ। ਇਸ ਲਈ ਪੋਸਟਰ ਬਣਾਉਣ ਵਾਲੇ ਸੱਜਣ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਉਸ ਨੇ ਤਾਂ ਉਹੀ ਤਾਰੀਖ ਲਿਖੀ ਹੈ, ਜੋ ਕਿਤਾਬਾਂ ਵਿਚ, "ਸ਼੍ਰੀ ਮਾਨ ਪੰਥ ਰਤਨ ਵਿੱਦਿਆ ਮਾਰਤੰਡ ਸੱਚਖੰਡ ਵਾਸੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾ ਵਾਲਿਆਂ ਨੇ ਲਿਖੀ ਹੈ। ਹੁਣ ਜਦੋਂ ਅਸੀਂ, "ਗੁਰਗੱਦੀ ਪਾਤਸ਼ਾਹੀ ਸਤਵੀਂ" ਦੀ ਤਾਰੀਖ "1695 ਬਿ: ਚੇਤਰ ਸੁਦੀ ਤਰੌਦਸੀ, 22 ਮਾਰਚ 1638 ਈ:" ਦੀ ਪੜਤਾਲ ਕਰਦੇ ਹਾਂ ਤਾਂ, ਚੇਤਰ ਸੁਦੀ ਤਰੌਦਸੀ ਸੰਮਤ 1695 ਬਿਕ੍ਰਮੀ (20 ਚੇਤ) ਦਿਨ ਸ਼ਨਿੱਚਰਵਾਰ ਨੂੰ 17 ਮਾਰਚ 1638 ਈ: (ਜੂਲੀਅਨ) ਬਣਦੀ ਹੈ। ਜੇ 22 ਮਾਰਚ 1938 ਈ: ਨੂੰ ਸਹੀ ਮੰਨੀਏ, ਤਾਂ ਇਹ ਵੈਸਾਖ ਵਦੀ ਤੀਜ, (25 ਚੇਤ) ਸੰਮਤ 1695 ਬਿਕ੍ਰਮੀ, ਦਿਨ ਵੀਰਵਾਰ ਬਣਦੀ ਹੈ। ਇਸ ਤੋਂ ਇਹ ਸਪੱਸ਼ਟ ਹੋ ਗਿਆ ਹੈ ਕਿ ਵਦੀ-ਸੁਦੀ ਨੂੰ ਤਾਰੀਖਾਂ ਵਿਚ ਬਦਲੀ ਕਰਨ ਵੇਲੇ ਗੜਬੜ ਹੋਈ ਹੈ।

ਗੁਰੂ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਗੁਰਗੱਦੀ ਦਿਵਸ ਦੀਆਂ ਕਈ ਤਾਰੀਖਾਂ ਬਾਰੇ ਤਾਂ ਮੱਤਭੇਦ ਹਨ। ਪਰ ਗੁਰੂ ਸਹਿਬਾਨ ਜੀ ਦੇ ਜੋਤੀ ਜੋਤਿ ਸਮਾਉਣ ਅਤੇ ਸ਼ਹੀਦੀ ਦਿਹਾੜਿਆਂ ਦੀਆਂ ਤਾਰੀਖਾਂ ਬਾਰੇ ਤਾਂ ਕੋਈ ਮੱਤਭੇਦ ਨਹੀਂ ਹੈ। ਪਰ ਦਮਦਮੀ ਟਕਸਾਲ ਦੇ ਬ੍ਰਹਮ ਗਿਆਨੀ ਨੇ ਇਥੇ ਵੀ ਘਾਲਾ-ਮਾਲਾ ਕਰ ਦਿੱਤਾ ਹੈ। 'ਗੁਰਬਾਣੀ ਪਾਠ ਦਰਪਣ' ਅਤੇ 'ਗੁਰਮਤਿ ਰਹਿਤ ਮਰਯਾਦਾ' ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੋਤੀ ਜੋਤਿ ਸਮਾਉਣਾ ਦੀ ਤਾਰੀਖ, "1695 ਬਿ:, ਚੇਤ ਸੁਦੀ ਪੰਚਮੀ, 28 ਮਾਰਚ 1638 ਈ: ਦਰਜ ਹੈ। ਇਸੇ ਪੰਨੇ ਉੱਪਰ ਇਹ ਟਿੱਪਣੀ ਵੀ ਦਰਜ ਹੈ,

"ਭਾਈ ਮਨੀ ਸਿੰਘ ਜੀ ਵਾਲੀ ਬੀੜ ਜੋ ਸ੍ਰੀ ਹਜ਼ੂਰ ਸਾਹਿਬ ਜੀ ਵਿਚ ਹੈ, ਇਸ ਵਿੱਚ 1701 ਬਿਕ੍ਰਮੀ ਨੂੰ ਜੋਤੀ ਜੋਤ ਮਨਾਉਣਾ ਲਿਖਿਆ ਹੈ। ਪਰ ਗੁਰ ਬਿਲਾਸ ਵਿਚ ਤੇ ਸੂਰਜ ਪ੍ਰਤਾਪ ਗ੍ਰੰਥ ਵਿਚ 1695 ਬਿਕ੍ਰਮੀ ਹੈ। ਤਵਾਰੀਖ਼ ਗੁਰੂ ਖਾਲਸਾ ਅਤੇ ਸ੍ਰੀ ਗੁਰ ਪੰਥ ਪ੍ਰਕਾਸ਼ (ਅੰਮ੍ਰਿਤਸਰ ਐਡੀਸ਼ਨ) ਵਿਚ ਵੀ ਜੋਤੀ ਜੋਤ ਸਮਾਉਣਾ 1701 ਬਿ: ਹੀ ਲਿਖਿਆ ਹੈ"। (ਗੁਰਮਤਿ ਰਹਿਤ ਮਰਯਾਦਾ, ਪੰਨਾ 38)

ਹੁਣ ਸਵਾਲ ਪੈਦਾ ਹੁੰਦਾ ਹੈ, ਜਦੋਂ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦੇ ਦੋ ਵੱਖ-ਵੱਖ ਸਾਲ, ਸੰਮਤ 1695 ਬਿਕ੍ਰਮੀ ਅਤੇ ਸੰਮਤ 1701 ਬਿਕ੍ਰਮੀ ਮਿਲਦੇ ਹਨ, ਤਾਂ ਪੜਤਾਲ ਕਰਕੇ ਸਹੀ ਸੰਮਤ ਕਿਉਂ ਨਹੀਂ ਲਿਖਿਆ ਗਿਆ? ਦਮਦਮੀ ਟਕਸਾਲ ਦੇ ਮੁਖੀਆਂ ਨੇ, ਸੂਰਜ ਪ੍ਰਕਾਸ਼ ਗ੍ਰੰਥ 'ਤੇ ਅੰਨਾ ਯਕੀਨ ਕਰਕੇ ਹੀ ਇਹ ਸੰਮਤ ਲਿਖਿਆ ਹੈ। ਕਵੀ ਸੰਤੋਖ ਸਿੰਘ ਦਾ ਵਸੀਲਾ ਹੈ 'ਗੁਰ ਬਿਲਾਸ ਪਾਤਸ਼ਾਹੀ 6'। ਇਹ 1718 ਈ: ਵਿਚ ਲਿਖੀ ਗਈ ਮੰਨੀ ਜਾਂਦੀ ਹੈ।

"ਸੰਮਤ ਸੋਰਹ ਸੈ ਪਾਚਾਨਵ , ਚੇਤ ਸੁਦੀ ਥਿਤਿ ਪੰਚਮ ਗਾਵਨ" (ਪੰਨਾ 797, ਵੇਦਾਂਤੀ ਵਾਲੀ)

ਪਿਆਰਾ ਸਿੰਘ ਪਦਮ ਵੱਲੋਂ ਸੰਪਾਦਿਤ ਕੀਤੀ ਗਈ ਬੰਸਾਵਲੀਨਾਮਾ (ਕੇਸਰ ਸਿੰਘ ਛਿੱਬਰ) ਵਿਚ ਸੰਮਤ ਤਾਂ 1695 ਬਿ: ਹੀ ਹੈ ਪਰ ਥਿਤਿ "ਚੇਤ ਸੁਦੀ ਦਸਮੀ' ਹੈ। (ਪੰਨਾ 102)

ਬੰਸਾਵਲੀਨਾਮਾ (1769 ਈ:) ਤੋਂ ਕੁਝ ਸਾਲ ਪਿੱਛੋਂ (1776 ਈ:), ਬਾਬਾ ਤੋਲਾ ਸਿੰਘ ਭੱਲਾ ਵੱਲੋਂ ਲਿਖੀ ਗਈ 'ਗੁਰਰਤਨਾਵਲੀ' ਵਿਚ ਵੀ ਸੰਮਤ 1695 ਬਿ: ਅਤੇ ਥਿਤਿ "ਦਸਮੀ ਥਿਤਿ ਸੁਦੀ ਚੇਤ" ਦਰਜ ਹੈ। (ਡਾ ਮਨਵਿੰਦਰ ਸਿੰਘ, ਪੰਨਾ 107)

ਆਓ ਹੁਣ ਤਸਵੀਰ ਦਾ ਦੂਜਾ ਪਾਸਾ ਵੇਖੀਏ;

"ਸੰਮਤ 1701 ਚੇਤ ਸੁਦੀ 5, ਐਤਵਾਰ ਨਉ ਘੜੀਆਂ ਰਾਤ ਜਾਂਦੀ ਨੂੰ ਸਤਿਗੁਰੂ ਕਰਣ ਕਾਰਣ ਸਮਰੱਥ ਕਰਤਾ ਪੁਰਖ ਨਿਰਵੈਰ ਅਕਾਲ ਮੂਰਤਿ ਸ੍ਰੀ ਹਰਿ ਗੋਬਿੰਦ ਜੀ ਸਮਾਣੇ ਕੀਰਤਿਪੁਰ" (ਕਰਤਾਰਪੁਰੀ ਬੀੜ ਦੇ ਦਰਸ਼ਨ) ਜੇ ਇਸ ਨੂੰ ਸੂਰਜੀ ਤਾਰੀਖਾਂ ਵਿਚ ਬਦਲੀ ਕਰੀਏ, ਤਾਂ ਇਹ 6 ਚੇਤ ਸੰਮਤ 1700 ਬਿ:, 3 ਮਾਰਚ 1644 ਈ: (ਜੂਲੀਅਨ) ਬਣਦੀ ਹੈ। ਇਹ ਹੈ ਪ੍ਰਮਾਣਿਤ ਤਾਰੀਖ।

**"Sri Guru Hargobind Sahib ji, before his departure for heavenly abode, nominated his grandson, Har Rai ji at the tender age of, as his successor (Seventh Nanak) on 3rd March,1644" (SGPC.Net)**

ਗੁਰੂ ਹਰਗੋਬਿੰਦ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ ਚੇਤ ਸੁਦੀ 5, ਸੰਮਤ 1701 ਬਿਕ੍ਰਮੀ, 6 ਚੇਤ, ਸੰਮਤ 1700 ਬਿਕ੍ਰਮੀ, 3 ਮਾਰਚ 1644 ਈ: (ਜੂਲੀਅਨ) ਤੋਂ ਸਪੱਸ਼ਟ ਹੈ ਕਿ ਗੁਰੂ ਹਰਿਰਾਇ ਜੀ ਨੂੰ ਗੁਰਗੱਦੀ ਵੀ ਸੰਮਤ 1700 ਦੇ ਅਖੀਰ ਜਾਂ 1701 ਬਿਕ੍ਰਮੀ (1644 ਈ:) ਦੇ ਆਰੰਭ ਵਿਚ ਹੀ ਦਿੱਤੀ ਗਈ ਹੋਵੇਗੀ, ਨਾ ਕਿ ਸੰਮਤ 1695 ਬਿਕ੍ਰਮੀ (1638 ਈ:), ਜਿਵੇ ਕਿ ਟਕਸਾਲ ਦੀਆਂ ਕਿਤਾਬਾਂ ਵਿਚ ਦਰਜ ਹੈ।

"1695 ਬਿ: ਚੇਤਰ ਸੁਦੀ ਤਰੌਦਸੀ, ਕੀਰਤਪੁਰ ਸਾਹਿਬ, 22 ਮਾਰਚ 1638 ਈ:"।

ਇਤਿਹਾਸਿਕ ਵਸੀਲਿਆਂ ਮੁਤਾਬਕ ਗੁਰੂ ਹਰਿਰਾਇ ਜੀ ਦੀ ਗੁਰਗੱਦੀ ਦਿਵਸ ਦੀਆਂ ਵੱਖ-ਵੱਖ ਥਿੱਤਾਂ, ਚੇਤ ਵਦੀ 13, ਚੇਤ ਵਦੀ 15 (ਚੇਤ ਦੀ ਮੱਸਿਆ), ਚੇਤ ਸੁਦੀ 10 ਅਤੇ ਚੇਤ ਸੁਦੀ 13 ਮਿਲਦੀਆਂ ਹਨ। ਇਨ੍ਹਾਂ ਵਿਚੋਂ ਕਿਹੜੀ ਥਿੱਤ ਸਹੀ ਹੈ, ਇਹ ਪਰਖ ਨਾ ਕਰਦੇ ਹੋਏ, ਸੰਮਤ (ਸਾਲ) ਬਾਰੇ ਤੱਥਾਂ ਦੇ ਆਧਾਰ 'ਤੇ ਨਿਰਣਾ ਕਰਦੇ ਹਾਂ। ਇਥੇ ਇਕ ਤਕਨੀਕੀ ਘੁੰਡੀ ਬਾਰੇ ਜਾਣਕਾਰੀ ਸਾਂਝੀ ਕਰਨੀ ਬਹੁਤ ਜ਼ਰੂਰੀ ਹੈ। ਉਹ ਇਹ ਕਿ ਅੰਗਰੇਜ਼ੀ ਸਾਲ ਦਾ ਆਰੰਭ 1 ਜਨਵਰੀ ਤੋਂ ਹੁੰਦਾ ਹੈ। ਇਸ ਲਈ ਉਹ 1644 ਈ: ਹੀ ਰਹੇਗਾ। ਚੰਦ ਦੇ ਕੈਲੰਡਰ ਮੁਤਾਬਕ ਚੇਤ ਮਹੀਨੇ ਦਾ ਆਰੰਭ ਤਾਂ ਚੇਤ ਵਦੀ 1 ਤੋਂ ਹੁੰਦਾ ਹੈ। ਪਰ ਨਵੇਂ ਸਾਲ ਦਾ ਆਰੰਭ ਚੇਤ ਸੁਦੀ ਏਕਮ ਤੋਂ ਹੁੰਦਾ ਹੈ। ਚੇਤ ਦਾ ਵਦੀ ਪੱਖ ਦਾ ਸੰਮਤ 1700 ਹੋਵੇਗਾ ਅਤੇ ਸੁਦੀ ਪੱਖ ਦਾ ਸੰਮਤ 1701 ਬਿਕ੍ਰਮੀ ਹੋਵੇਗਾ। ਇਸੇ ਤਰ੍ਹਾਂ ਹੀ ਸੂਰਜੀ ਸਾਲ ਦਾ ਆਰੰਭ ਇਕ ਵੈਸਾਖ ਤੋਂ ਹੁੰਦਾ ਹੈ, ਨਾ ਕਿ 1 ਚੇਤ ਤੋਂ। 30 ਚੇਤ ਤੀਕ ਸੰਮਤ 1700 ਬਿਕ੍ਰਮੀ ਅਤੇ 1 ਵੈਸਾਖ ਤੋਂ ਸੰਮਤ 1701 ਬਿਕ੍ਰਮੀ ਆਰੰਭ ਹੋਵੇਗਾ। ਤਾਰੀਖਾਂ ਨੂੰ ਅਦਲਾ-ਬਦਲੀ ਕਰਨ ਵਿਚ ਹੋਈਆਂ ਢੇਰ ਸਾਰੀਆਂ ਗਲਤੀ ਦਾ ਸਭ ਤੋਂ ਵੱਡਾ ਕਾਰਨ, ਇਹ ਅਤੇ ਅਜਿਹੀਆਂ ਕਈ ਹੋਰ ਤਕਨੀਕੀ ਗੁੰਝਲਾਂ ਹਨ।

ਕਿਉਂਕਿ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦੀ ਥਿੱਤ ਚੇਤ ਸੁਦੀ 5, ਸੰਮਤ 1701 ਬਿਕ੍ਰਮੀ ਸਬੰਧੀ ਕੋਈ ਮੱਤਭੇਦ ਨਹੀਂ ਹੈ, ਇਸ ਲਈ ਗੁਰੂ ਹਰਿਰਾਇ ਜੀ ਦਾ ਗੁਰਗੱਦੀ ਦਿਵਸ ਇਸ ਤੋਂ ਪਹਿਲਾ ਭਾਵ ਚੇਤ ਮਹੀਨੇ ਦੇ ਵਦੀ ਪੱਖ ਵਿਚ ਹੀ ਹੋਵੇਗਾ। ਜੇ ਅਸੀਂ ਚੇਤ ਵਦੀ 13 (ਸੰਮਤ 1700 ਬਿ:) ਨੂੰ ਸਹੀ ਮੰਨੀਏ ਤਾਂ ਇਹ 29 ਫੱਗਣ ਸੰਮਤ 1700 ਬਿਕ੍ਰਮੀ (25 ਫਰਵਰੀ 1644 ਈ:) ਬਣਦੀ ਹੈ। ਜੇ ਅਸੀਂ ਚੇਤ ਵਦੀ 15 (ਚੇਤ ਦੀ ਮੱਸਿਆ) ਨੂੰ ਸਹੀ ਮੰਨੀਏ, ਤਾਂ ਇਹ 1 ਚੇਤ, ਸੰਮਤ 1700 ਬਿ:, 27 ਫਰਵਰੀ 1644 ਈ: ਦਿਨ ਮੰਗਲਵਾਰ ਬਣਦਾ ਹੈ।

ਟਕਸਾਲ ਦੇ ਮੁਖੀਆਂ ਵੱਲੋਂ ਲਿਖੀ ਤਾਰੀਖ ਕਿਸੇ ਵੀ ਫਾਰਮੂਲੇ ਮੁਤਾਬਕ "1695 ਬਿ: ਚੇਤਰ ਸੁਦੀ ਤਰੌਦਸੀ, ਕੀਰਤਪੁਰ ਸਾਹਿਬ, 22 ਮਾਰਚ 1638 ਈ:" (ਗੁਰਬਾਣੀ ਪਾਠ ਦਰਪਣ) ਸਹੀ ਸਾਬਿਤ ਨਹੀਂ ਹੁੰਦੀ। ਇਥੇ; ਜੇ ਅਸੀਂ ਸੰਮਤ (ਸਾਲ) ਨੂੰ ਛੱਡ ਵੀ ਦੇਈਏ ਤਾਂ ਵੀ, ਪਹਾੜ ਜਿੱਡਾ ਸਵਾਲ ਸਾਹਮਣੇ ਆ ਖੜ੍ਹਦਾ ਹੈ। ਉਹ ਇਹ ਕਿ ਦਮਦਮੀ ਟਕਸਾਲ ਦੇ ਪਹਿਲੇ ਮੁੱਖੀਆਂ ਵੱਲੋਂ ਤਾਂ ਆਪਣੀਆਂ ਲਿਖਤਾਂ ਵਿਚ 'ਚੇਤ ਸੁਦੀ ਤਰੌਦਸੀ' ਲਿਖਿਆ ਹੋਇਆ ਹੈ, ਪਰ ਮੌਜੂਦਾ ਮੁਖੀ ਦੀ ਦੇਖ-ਰੇਖ ਹੇਠ ਛਪਵਾਏ ਗਏ ਕੈਲੰਡਰਾਂ ਵਿਚ 'ਚੇਤ ਵਦੀ ਤਰੌਦਸੀ' ਨੂੰ ਇਹ ਦਿਹਾੜਾ ਦਰਜ ਕੀਤਾ ਗਿਆ ਹੈ। ਸੁਦੀ ਨੂੰ ਵਦੀ ਲਿਖਣ ਨਾਲ 15 ਦਿਨ੍ਹਾਂ ਦਾ ਫ਼ਰਕ ਪੈ ਜਾਂਦਾ ਹੈ। ਚੇਤ ਵਦੀ ਤਰੌਦਸੀ, 14 ਚੇਤ/27 ਮਾਰਚ ਦਿਨ ਵੀਰਵਾਰ ਨੂੰ ਸੀ। ਚੇਤਰ ਸੁਦੀ ਤਰੌਦਸੀ, 28 ਚੇਤ 10 ਅਪ੍ਰੈਲ ਦਿਨ ਵੀਰਵਾਰ ਨੂੰ ਹੈ। ਇਥੇ ਇਕ ਹੋਰ ਸਮੱਸਿਆ ਆ ਗਈ ਹੈ। ਪਾਠਕ ਸੋਚੇਗਾ ਕਿ ਲਿਖਿਆ ਤਾਂ 15 ਦਿਨਾਂ ਦਾ ਫਰਕ ਹੈ ਪਰ ਅਸਲ ਵਿਚ ਤਾਂ 14 ਦਿਨਾਂ ਦਾ ਫ਼ਰਕ ਹੈ। ਇਸ ਦਾ ਕਾਰਨ ਇਹ ਹੈ ਕਿ ਚੇਤ ਸੁਦੀ 2 ਅਤੇ ਚੇਤ ਸੁਦੀ 3, ਦੋਵੇਂ ਇਕੋ ਦਿਨ (18 ਚੇਤ/31 ਮਾਰਚ) ਹੀ ਹਨ। ਜਾਂ ਇਹ ਕਹਿ ਸਕਦੇ ਹਾਂ ਕਿ ਚੇਤ ਸੁਦੀ 3, ਗਿਣੀ ਨਹੀਂ ਜਾਵੇਗੀ।

ਕੀ, ਦੋ ਮੈਂਬਰੀ ਕੈਲੰਡਰ ਵਿਗਾੜੂ ਕਮੇਟੀ ਦਾ ਮੈਂਬਰ, ਦਮਦਮੀ ਟਕਸਾਲ ਅਤੇ ਸੰਤ ਸਮਾਜ ਦਾ ਮੌਜੂਦਾ ਮੁੱਖੀ, ਜਾਂ ਉਨ੍ਹਾਂ ਦਾ ਕੋਈ ਨੁਮਾਇੰਦਾ, ਉਪਰੋਕਤ ਨੁਕਤਿਆਂ ਬਾਰੇ ਟਕਸਾਲ ਦਾ ਪੱਖ ਸਪੱਸ਼ਟ ਕਰਨ ਦੀ ਖੇਚਲ ਕਰੇਗਾ?

# ਮਨੋਰੰਜਨ ਦਾ ਮਹੱਤਵ




ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲ USA



ਮਨੋਰੰਜਨ ਦੀ ਮਨੁੱਖਾ ਜੀਵਨ ਵਿਚ ਬੜੀ ਮਹੱਤਵਪੂਰਨ ਭੂਮਿਕਾ ਹੈ। ਤਣਾਅ ਨੂੰ ਘਟਾਉਣ ਲਈ, ਮਾਨਸਿਕ ਸਿਹਤ ਦੀ ਬਿਹਤਰੀ ਲਈ, ਸਮਾਜ ਨਾਲ - ਲੋਕਾਂ ਨਾਲ ਸਾਂਝ ਲਈ, ਸਿੱਖਣ ਲਈ ਅਤੇ ਸ਼ਖ਼ਸੀਅਤ ਦੇ ਵਿਕਾਸ ਲਈ। ਰੋਜ਼ਾਨਾ ਦੀ ਭੱਜ-ਦੌੜ ਅਤੇ ਰੁਝੇਵਿਆਂ ਤੋਂ ਰਾਹਤ ਲਈ।

ਮਨੋਰੰਜਨ ਕੇਵਲ ਸਮਾਂ ਬਤੀਤ ਕਰਨਾ ਨਹੀਂ ਹੈ। ਇਕ ਚੰਗੀ ਫ਼ਿਲਮ, ਇਕ ਚੰਗੀ ਕਿਤਾਬ, ਸਾਨੂੰ ਚਿੰਤਾਵਾਂ, ਫ਼ਿਕਰਾਂ ਅਤੇ ਓਵਰ ਥਿੰਕਿੰਗ ਤੋਂ ਰਾਹਤ ਦਿੰਦੀ ਹੈ। ਇਸ ਨਾਲ ਸਾਡੀ ਕਲਪਨਾ-ਸ਼ਕਤੀ, ਸਾਡੀ ਸਿਰਜਣਾਤਮਕ-ਸ਼ਕਤੀ ਤਿੱਖੀ ਹੁੰਦੀ ਹੈ। ਨਵੇਂ ਵਿਚਾਰ ਸੁੱਝਦੇ ਹਨ। ਸਾਡੇ ਸੋਚਣ ਦਾ ਤਰੀਕਾ ਬਦਲਦਾ ਹੈ।

ਜਦੋਂ ਅਸੀਂ ਪਰਿਵਾਰ ਜਾਂ ਦੋਸਤਾਂ ਨਾਲ ਫ਼ਿਲਮ ਵੇਖਦੇ ਹਾਂ, ਕਿਸੇ ਸੰਗੀਤਕ ਪ੍ਰੋਗਰਾਮ ਵਿਚ ਸ਼ਾਮਲ ਹੁੰਦੇ ਹਾਂ ਅਤੇ ਬਾਅਦ ਵਿਚ ਉਸ ਬਾਰੇ ਵਿਚਾਰ-ਵਿਟਾਂਦਰਾ ਕਰਦੇ ਹਾਂ, ਤਾਂ ਇਕ ਹਾਂ-ਪੱਖੀ ਊਰਜਾ, ਇਕ ਉਤਸ਼ਾਹ, ਇਕ ਵਿਸ਼ਵਾਸ, ਇਕ ਸਾਂਝ ਦਾ ਸੰਚਾਰ ਹੁੰਦਾ ਹੈ। ਮਨ ਹਲਕਾ ਹੁੰਦਾ ਹੈ, ਸ਼ਾਂਤ ਹੁੰਦਾ ਹੈ, ਸਾਫ਼ ਹੁੰਦਾ ਹੈ। ਭਾਵਨਾਤਮਕ ਰਿਸਾਅ ਤੇ ਵਿਹਾਅ ਕਾਰਨ ਮਨ ਤੇ ਸਰੀਰ ਸਕੂਨ ਦੀ ਅਵਸਥਾ ਵਿਚ ਪਹੁੰਚ ਜਾਂਦੇ ਹਨ। ਆਰਾਮ ਤੇ ਚੈਨ ਮਹਿਸੂਸ ਕਰਦੇ ਹਨ। ਨਤੀਜੇ ਵਜੋਂ ਨਾੜੀ-ਪ੍ਰਬੰਧ 'ਤੇ ਦਬਾਅ ਘੱਟਦਾ ਹੈ।

ਭਾਵੇਂ ਸਮੇਂ ਨਾਲ ਮਨੋਰੰਜਨ ਦੀ ਦੁਨੀਆਂ ਬਦਲ ਰਹੀ ਹੈ ਪਰੰਤੂ ਫ਼ਿਲਮ ਵੇਖਣ, ਸੰਗੀਤ ਸੁਣਨ, ਮਨਪਸੰਦ ਟੈਲੀਵਿਜ਼ਨ ਪ੍ਰੋਗਰਾਮ ਵੇਖਣ, ਥੀਏਟਰ ਵਿਚ ਨਾਟਕ ਵੇਖਣ, ਨੱਚਣ ਗਾਉਣ, ਤੈਰਨ, ਮਨਪਸੰਦ ਖੇਡ ਖੇਡਣ, ਬਾਗ਼ ਬਗੀਚੇ ਦੀ ਦੇਖਭਾਲ ਕਰਨ, ਪੇਂਟਿੰਗ ਵਿਚ ਸਮਾਂ ਬਤਾਉਣ, ਸ਼ੌਂਕ ਵਿਚ ਰੁੱਝੇ ਰਹਿਣ, ਸੈਰ-ਕਸਰਤ-ਯੋਗਾ ਕਰਨ, ਸਾਈਕਲ ਚਲਾਉਣ, ਪੁਸਤਕਾਂ ਪੜ੍ਹਨ, ਮਨਪਸੰਦ ਭੋਜਨ ਤਿਆਰ ਕਰਨ, ਸਮਾਜਕ ਭਾਈਚਾਰਕ ਸਰਗਰਮੀਆਂ ਵਿਚ ਸ਼ਾਮਲ ਹੋਣ, ਵਲੰਟੀਅਰ ਵਜੋਂ ਕਾਰਜ ਕਰਨ ਦਾ ਮਹੱਤਵ ਕਦੇ ਵੀ ਘੱਟ ਨਹੀਂ ਸਕਦਾ। ਬਲਕਿ ਆਮ, ਸਿਹਤਮੰਦ ਤੇ ਅਰਥ ਭਰਪੂਰ ਜੀਵਨ ਜਿਊਣ ਲਈ ਇਹ ਜ਼ਰੂਰੀ ਹੈ।

## ਅਸੀਂ ਭਾਰਤੀ ਕਿੰਨੇ ਖੁਸ਼ ਹਾਂ?

ਦੁਨੀਆਂ ਦੇ 147 ਦੇਸ਼ਾਂ ਵਿਚ ਹੋਏ ਸਰਵੇ ਦੀ ਰਿਪੋਰਟ ਬੀਤੇ ਦਿਨੀਂ ਬੜੀ ਪ੍ਰਮੁੱਖਤਾ ਨਾਲ ਮੀਡੀਆ ਵਿਚ ਉਭਾਰੀ ਗਈ ਹੈ। ਆਕਸਫੋਰਡ ਯੂਨੀਵਰਸਿਟੀ ਦੇ ਵੈੱਲਬੀਇੰਗ ਰੀਸਰਚ ਸੈਂਟਰ ਦੁਆਰਾ ਜਾਰੀ ਰਿਪੋਰਟ ਤਿਆਰ ਕਰਦਿਆਂ ਲੋਕਾਂ ਦੀ ਮਦਦ ਕਰਨ ਦੇ ਰੁਝਾਨ, ਸਾਂਝਾ ਕੰਮ ਕਰਨ ਲਈ ਆਪਣੇ ਆਪ ਅੱਗੇ ਆਉਣ ਦੇ ਰੁਝਾਨ, ਲੱਭੀ ਚੀਜ਼ ਵਾਪਿਸ ਕਰਨ ਅਤੇ ਦਾਨ ਕਰਨ ਦੇ ਰੁਝਾਨ ਨੂੰ ਆਧਾਰ ਬਣਾਇਆ ਗਿਆ। ਇਹ ਰਿਪੋਰਟ ਵਿਸ਼ਵ ਖੁਸ਼ੀ ਦਿਵਸ ਮੌਕੇ 20 ਮਾਰਚ ਨੂੰ ਜਾਰੀ ਕੀਤੀ ਗਈ।

ਭਾਰਤ ਨੂੰ 147 ਦੇਸ਼ਾਂ ਵਿਚੋਂ 118ਵਾਂ ਸਥਾਨ ਮਿਲਿਆ। ਫਿਨਲੈਂਡ ਦੇ ਲੋਕ ਸਭ ਤੋਂ ਖੁਸ਼ ਹਨ। ਦੂਸਰਾ, ਤੀਸਰਾ ਅਤੇ ਚੌਥਾ ਸਥਾਨ ਡੈਨਮਾਰਕ, ਆਈਸਲੈਂਡ ਅਤੇ ਸਵੀਡਨ ਦਾ ਹੈ। ਅਫ਼ਗਾਨਿਸਤਾਨ ਸੂਚੀ ਵਿਚ ਸਭ ਤੋਂ ਅਖੀਰ 'ਤੇ ਹੈ। ਪਰ ਹੈਰਾਨੀ ਦੀ ਗੱਲ ਹੈ ਕਿ ਲੋਕਾਂ ਦੀ ਖੁਸ਼ੀ ਦੇ ਮਾਮਲੇ ਵਿਚ ਨੇਪਾਲ, ਪਾਕਿਸਤਾਨ, ਫ਼ਲਸਤੀਨ ਅਤੇ ਯੂਕਰੇਨ ਵਰਗੇ ਦੇਸ਼ ਵੀ ਭਾਰਤ ਤੋਂ ਬਿਹਤਰ ਸਥਿਤੀ ਵਿਚ ਹਨ।

ਮਜ਼ਬੂਤ ਪਰਿਵਾਰਕ ਢਾਂਚਾ, ਸਮਾਜਿਕ ਸੱਭਿਆਚਾਰਕ ਕਦਰਾਂ-ਕੀਮਤਾਂ ਅਤੇ ਭਾਈਚਾਰਕ ਸਾਂਝ ਜਿਹੇ ਪਹਿਲੂ ਭਾਰਤ ਦੀ ਸਥਿਤੀ ਮਜ਼ਬੂਤ ਕਰਦੇ ਹਨ। ਸਰਕਾਰਾਂ ਦੁਆਰਾ ਆਰੰਭ ਕੀਤੇ ਕਈ ਪ੍ਰੋਗਰਾਮ ਅਤੇ ਸਕੀਮਾਂ ਵੀ ਇਸ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ।

## ਫਿਨਲੈਂਡ ਨੂੰ ਪਹਿਲਾ ਸਥਾਨ ਕਿਉਂ?

ਫਿਨਲੈਂਡ ਨੂੰ ਪਹਿਲਾਂ ਸਥਾਨ ਕਿਉਂ ਮਿਲਦਾ ਹੈ? ਇਸ ਵਿਚ ਸਮਾਜਕ ਸੁਰੱਖਿਆ-ਪ੍ਰਬੰਧ, ਨਾਮਾਤਰ ਭ੍ਰਿਸ਼ਟਾਚਾਰ, ਉੱਚ ਵਿਸ਼ਵਾਸ-ਪੱਧਰ, ਕੰਮ-ਸਥਾਨ ਦਾ ਸੁਖਾਵਾਂ ਮਾਹੌਲ, ਕੁਦਰਤ ਨਾਲ ਨੇੜਤਾ, ਕੰਮ ਅਤੇ ਜੀਵਨ ਦਰਮਿਆਨ ਸੰਤੁਸ਼ਟੀਜਨਕ ਸੰਤੁਲਨ, ਕੰਮ ਦੇ ਘੱਟ ਘੰਟੇ, ਪ੍ਰਾਕ੍ਰਿਤਕ ਸੁੰਦਰਤਾ, ਹਰਿਆਵਲ, ਝੀਲਾਂ ਅਤੇ ਸਾਫ਼ ਸਫ਼ਾਈ ਦੀ ਅਹਿਮ ਭੂਮਿਕਾ ਸਾਹਮਣੇ ਆਉਂਦੀ ਹੈ।

ਆਜ਼ਾਦੀ, ਉਦਾਰਤਾ ਅਤੇ ਸਿਹਤਮੰਦ ਜੀਵਨ ਦੀ ਉਮੀਦ ਹੋਰ ਮਹੱਤਵਪੂਰਨ ਪਹਿਲੂ ਹਨ। 'ਹਰੇਕ ਵਿਅਕਤੀ ਦਾ ਹੱਕ' ਕਾਨੂੰਨ ਵੀ ਫਿਨਲੈਂਡ ਨੂੰ ਪਹਿਲਾ ਸਥਾਨ ਦਵਾਉਣ ਵਿਚ ਯੋਗਦਾਨ ਪਾਉਂਦਾ ਹੈ। ਇਹ ਉਹ ਕਾਨੂੰਨ ਹੈ, ਜਿਸ ਤਹਿਤ ਫਿਨਲੈਂਡ ਦੇ ਹਰੇਕ ਨਾਗਰਿਕ ਨੂੰ ਇਹ ਅਧਿਕਾਰ ਮਿਲਦਾ ਹੈ ਕਿ ਆਪਣੇ ਨੇੜੇ ਦੇ ਕਿਸੇ ਵੀ ਜੰਗਲ ਨੂੰ, ਝੀਲ ਨੂੰ ਜਾਂ ਸਮੁੰਦਰੀ ਕਿਨਾਰੇ ਨੂੰ ਕੈਂਪ ਲਗਾਉਣ, ਹਾਈਕਿੰਗ ਅਤੇ ਫਲ੍ਹ ਚੁੱਗਣ ਜਿਹੀਆਂ ਸਰਗਰਮੀਆਂ ਲਈ ਵਰਤ ਸਕਦੇ ਹੋ।

ਫਿਨਲੈਂਡ ਨੂੰ ਲਗਾਤਾਰ ਅੱਠਵੀਂ ਵਾਰ ਇਹ ਸਥਾਨ ਮਿਲਿਆ ਹੈ। ਉਥੋਂ ਦੇ ਲੋਕ ਭਲਾਈ ਦੇ ਕੰਮਾਂ ਦਾ ਮਹੱਤਵ ਸਮਝਦੇ ਹਨ। ਦੂਸਰਿਆਂ ਦੀ ਖੁਸ਼ੀ ਵਿਚ ਖੁਸ਼ ਹੁੰਦੇ ਹਨ। ਮਾਹਿਰਾਂ ਦਾ ਇਹ ਵੀ ਮੰਨਣਾ ਹੈ ਕਿ ਬੁਨਿਆਦੀ ਆਰਥਿਕ ਲੋੜਾਂ ਦੀ ਪੂਰਤੀ ਉਪਰੰਤ ਹੀ ਕੋਈ ਵਿਅਕਤੀ ਖੁਸ਼ੀ ਤੇ ਸੰਤੁਸ਼ਟੀ ਅਨੁਭਵ ਕਰਦਾ ਹੈ ਅਤੇ ਦੂਸਰਿਆਂ ਦੀ ਭਲਾਈ ਨੂੰ ਮਦਦ ਲਈ ਨਿਕਲਦਾ ਹੈ। ਇਸ ਦਾ ਅਰਥ ਇਹ ਹੋਇਆ ਕਿ ਫਿਨਲੈਂਡ ਦੇ ਲੋਕ ਇਸ ਪੱਖੋਂ ਖੁਸ਼ ਤੇ ਸੰਤੁਸ਼ਟ ਹਨ।

## ਬਰਸੀ ’ਤੇ ਵਿਸ਼ੇਸ਼

# ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਵਿਚਾਰਧਾਰਾ ’ਤੇ ਪਹਿਰਾ ਦੇਣਾ ਸਮੇਂ ਦੀ ਲੋੜ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਸਾਡੇ ਤੋਂ ਵਿਛੜਿਆਂ 21 ਸਾਲ ਹੋ ਗਏ ਹਨ। ਉਨ੍ਹਾਂ ਦੇ ਜਾਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੰਥਕ ਵਿਚਾਰਧਾਰਾ ਅਤੇ ਸਿੱਖ ਸੰਸਥਾਵਾਂ ਤੋਂ ਦੂਰ ਹੁੰਦੀ ਜਾ ਰਹੀ ਹੈ। ਅੱਜ ਜਦੋਂ ਕਿ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖ ਸੰਸਥਾਵਾਂ ਅਤੇ ਸਿੱਖ ਜਗਤ ਬਹੁਤ ਹੀ ਨਾਜ਼ੁਕ ਦੌਰ ਵਿਚੋਂ ਲੰਘ ਰਿਹਾ ਹੈ, ਤਾਂ ਜਥੇਦਾਰ ਟੌਹੜਾ ਦੀ ਅਣਹੋਂਦ ਸਿੱਖ ਧਰਮ ਦੇ ਮੁੱਦਈਆਂ ਨੂੰ ਝੰਜੋੜ ਕੇ ਲਾਮਬੰਦ ਹੋਣ ਦੀ ਦੁਹਾਈ ਪਾ ਰਹੀ ਹੈ। ਦੁੱਖ ਦੀ ਗੱਲ ਹੈ ਕਿ ਸਿੱਖ ਸਮਾਜ ਤਾਂ ਚਿੰਤਾ ਵਿਚ ਹੈ ਪ੍ਰੰਤੂ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ’ਤੇ ਕਾਬਜ਼ ਸਿਆਸਤਦਾਨਾਂ ਦੇ ਕੰਨਾਂ ’ਤੇ ਜੂੰ ਨਹੀਂ ਸਰਕ ਰਹੀ। ਉਹ ਸਿਰਫ ਤੇ ਸਿਰਫ਼ ਆਪਣੇ ਸਿਆਸੀ ਭਵਿਖ ਲਈ ਸਿੱਖ ਸੰਸਥਾਵਾਂ ਅਤੇ ਸਿੱਖ ਵਿਚਾਰਧਾਰਾ ਨੂੰ ਸਿਆਸੀ ਦਾਅ ’ਤੇ ਲਗਾਕੇ ਅੱਖੋਂ ਪਰੋਖੇ ਕਰਨ ਵਿਚ ਮਸ਼ਰੂਫ਼ ਹਨ। ਅਧਿਆਤਮਿਕਤਾ ਅਤੇ ਸਿਆਸਤ ਦਾ ਸੁਮੇਲ ਟਾਵੇਂ-ਟਾਵੇਂ ਵਿਅਕਤੀਆਂ ਵਿਚ ਹੁੰਦਾ ਹੈ। ਸਿਖ ਧਰਮ ਦੁਨੀਆਂ ਦੇ ਸਭ ਧਰਮਾਂ ਤੋਂ ਸਰਵੋਤਮ, ਆਧੁਨਿਕ ਅਤੇ ਨਵਾਂ ਧਰਮ ਹੈ। ਇਸਦੇ ਜਨਮ ਨੂੰ ਮਸਾਂ ਅਜੇ ਸਾਢੇ ਪੰਜ ਕੁ ਸਦੀਆਂ ਹੀ ਹੋਈਆਂ ਹਨ। ਭਾਵੇਂ ਸਿੱਖ ਧਰਮ ਦੁਨੀਆਂ ਵਿਚ ਫੈਲਿਆ ਹੋਇਆ ਹੈ ਪ੍ਰੰਤੂ ਪੰਜਾਬ ਇਸ ਦੀ ਜਨਮ ਭੂਮੀ ਹੈ। ਸਿੱਖ ਧਰਮ ਦੀ ਵਿਚਾਰਧਾਰਾ, ਦਰਸ਼ਨ, ਪ੍ਰੰਪਰਾਵਾਂ ਅਤੇ ਦਾਰਸ਼ਨਿਕਤਾ ਮਾਨਵਤਾ ਅਰਥਾਤ ਸਰਬੱਤ ਦੇ ਭਲੇ ਦੇ ਅਸੂਲਾਂ ’ਤੇ ਚੱਲਣ ਦੀ ਪ੍ਰੇਰਨਾ ਦਿੰਦੀ ਹੈ। ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਦੀ ਜ਼ਿੰਮੇਵਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਿਰ ਹੈ। ਇਸ ਧਾਰਮਿਕ ਸੰਸਥਾ ਦੀ ਪ੍ਰਧਾਨਗੀ ਹੁਣ ਤੱਕ ਸਭ ਤੋਂ ਲੰਮਾ ਸਮਾਂ ਕਰਨ ਦਾ ਮਾਣ ਸਿੱਖਾਂ ਦੇ ਰੌਸ਼ਨ ਦਿਮਾਗ਼ ਦੇ ਤੌਰ ’ਤੇ ਜਾਣੇ ਜਾਂਦੇ ਜੱਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਜਾਂਦਾ ਹੈ। ਉਹ ਸਿਆਸਤਦਾਨ ਨਾਲੋਂ ਧਾਰਮਿਕ ਵਿਅਕਤੀ ਜ਼ਿਆਦਾ ਸਨ। ਜੱਥੇਦਾਰ ਟੌਹੜਾ ਅਧਿਆਤਮਵਾਦ ਅਤੇ ਸਿਆਸਤ ਦਾ ਸੁਮੇਲ ਸਨ। ਜੇ ਇਉਂ ਕਹਿ ਲਈਏ ਕਿ ਉਹ ਸਿੱਖੀ ਨੂੰ ਪ੍ਰਣਾਏ ਹੋਏ ਇਨਸਾਨ ਸਨ, ਤਾਂ ਇਸ ਵਿਚ ਵੀ ਕੋਈ ਅਤਿਕਥਨੀ ਨਹੀਂ ਹੋਵੇਗੀ, ਜਿਨ੍ਹਾਂ ਨੇ ਆਪਣੀ ਸਾਰੀ ਉਮਰ ਇਮਾਨਦਾਰੀ, ਸਾਦਗੀ ਅਤੇ ਦਿਆਨਤਦਾਰੀ ਨਾਲ ਸਿਖ ਪ੍ਰੰਪਰਾਵਾਂ ’ਤੇ ਪਹਿਰਾ ਹੀ ਨਹੀਂ ਦਿੱਤਾ, ਸਗੋਂ ਨੌਜਵਾਨ ਪੀੜ੍ਹੀ ਨੂੰ ਸਿੱਖੀ ਨਾਲ ਜੋੜ ਕੇ ਰੱਖਣ ਵਿਚ ਸਫਲਤਾ ਵੀ ਪ੍ਰਾਪਤ ਕੀਤੀ। ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਜਿਉਂਦੇ ਜੀਅ ਸਿੱਖ ਸਿਆਸਤਦਾਨਾਂ ਵੱਲੋਂ ਸਿਆਸੀ ਤਾਕਤ ਖੁੱਸ ਜਾਣ ਦੇ ਡਰ ਕਰਕੇ ਅਣਡਿੱਠ ਕੀਤਾ ਜਾਂਦਾ ਰਿਹਾ ਹੈ ਪ੍ਰੰਤੂ ਉਨ੍ਹਾਂ ਦੇ ਇਸ ਸੰਸਾਰ ਤੋਂ ਤੁਰ ਜਾਣ ਤੋਂ ਬਾਅਦ ਸਮਾਜ ਨੂੰ ਉਨ੍ਹਾਂ ਦੀ ਘਾਟ ਮਹਿਸੂਸ ਹੋਣ ਲੱਗੀ ਹੈ। ਭਾਵ ਜਿਉਂਦੇ ਜੀਅ ਉਨ੍ਹਾਂ ਦੀ ਕਾਬਲੀਅਤ ਨੂੰ ਨਹੀਂ ਸਮਝਿਆ ਗਿਆ ਪ੍ਰੰਤੂ ਉਨ੍ਹਾਂ ਦੇ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਜਾਣ ਤੋਂ ਬਾਅਦ ਉਨ੍ਹਾਂ ਦੀ ਘਾਟ ਹਰ ਸੱਚੇ-ਸੁੱਚੇ ਸਿੱਖ ਨੂੰ ਸਤਾਉਣ ਲੱਗ ਗਈ ਹੈ। ਹੁਣ ਉਸ ਸਮੇਂ ਦੇ ਵਿਰੋਧੀ ਵੀ ਜਥੇਦਾਰ ਟੌਹੜਾ ਦੀ ਪੰਥਕ ਸੋਚ ਨੂੰ ਸਲਾਮ ਕਰਨ ਤੋਂ ਝਿਜਕਦੇ ਨਹੀਂ ਪ੍ਰੰਤੂ ਕਿਸੇ ਸਮੇਂ ਉਨ੍ਹਾਂ ਦੇ ਖਾਸਮ-ਖਾਸ ਰਹੇ ਸਿਆਸੀ ਤਾਕਤ ਦੇ ਲਾਲਚੀ ਇਸ ਸਮੇਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਸੋਚ ਦਾ ਘਾਣ ਕਰਨ ’ਤੇ ਤੁਲੇ ਹੋਏ ਹਨ। ਵਰਤਮਾਨ ਸਮੇਂ ਜਦੋਂ ਪੰਥ ਤੇ ਪੰਥਕ ਸੰਸਥਾਵਾਂ ਦੀ ਹੋਂਦ ਖ਼ਤਰੇ ਵਿਚ ਪੈ ਗਈ, ਤਾਂ ਜਥੇਦਾਰ ਟੌਹੜਾ ਦੀ ਘਾਟ ਖਾਸ ਤੌਰ ’ਤੇ ਸਿੱਖ ਪੰਥ ਅਤੇ ਉਨ੍ਹਾਂ ਦੇ ਸਿਆਸੀ ਵਿਰੋਧੀਆਂ ਨੂੰ ਵੀ ਖਟਕ ਰਹੀ ਹੈ। ਪੰਥ ਦੀ ਅਗਵਾਈ ਕਰਨ ਲਈ ਜਥੇਦਾਰ ਗੁਰਚਰਨ ਸਿੰਘ ਟੌਹੜਾ ਵਰਗੇ ਪੰਥਕ ਸੋਚ ਦੇ ਧਾਰਨੀ ਨੇਤਾ ਦੀ ਲੋੜ ਹੈ। ਉਨ੍ਹਾਂ ਦੀ ਬੇਦਾਗ਼ ਸ਼ਖ਼ਸੀਅਤ ਸਿੱਖ ਸਮੁਦਾਇ ਲਈ ਹਮੇਸ਼ਾ ਧਰੂ ਤਾਰੇ ਦੀ ਤਰ੍ਹਾਂ ਰੌਸ਼ਨੀ ਦਿੰਦੀ ਰਹੇਗੀ। ਵਰਤਮਾਨ ਸਮੇਂ ਵਿਚ ਪੰਥ ਦੀ ਬੇਬਾਕ ਅਤੇ ਧੜੱਲੇਦਾਰ ਹਸਤੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਅਹਿਮੀਅਤ ਹੋਰ ਵੀ ਵੱਧ ਜਾਂਦੀ ਹੈ, ਜਦੋਂ ਸਿੱਖ ਪੰਥ ਦੀ ਅਗਵਾਈ ਕਰਨ ਵਾਲਾ ਕੋਈ ਯੋਗ ਕਰਮਯੋਗੀ ਗੁਰਮਤਿ ਵਿਚਾਰਧਾਰਾ ਨੂੰ ਸਮਝਣ ਅਤੇ ਉਸ ’ਤੇ ਪਹਿਰਾ ਦੇਣ ਵਾਲਾ ਮੌਜੂਦ ਹੀ ਨਾ ਹੋਵੇ। ਜਥੇਦਾਰ ਗੁਰਚਰਨ ਸਿੰਘ ਟੌਹੜਾ ਪੰਥਕ ਸੋਚ ਦੇ ਪਹਿਰੇਦਾਰ ਬਣਕੇ 27 ਸਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਰਹਿਨੁਮਾਈ ਕਰਦੇ ਰਹੇ। ਅਧਿਆਤਮਿਕਤਾ ਅਤੇ ਸਿਆਸਤ ਦਾ ਸੁਮੇਲ ਟਾਵੇਂ-ਟਾਵੇਂ ਵਿਅਕਤੀਆਂ ਵਿਚ ਹੁੰਦਾ ਹੈ। ਇਹ ਮਾਣ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਜਾਂਦਾ ਹੈ, ਜਿਨ੍ਹਾਂ ਦੀ ਵਿਦਵਤਾ ਦਾ ਸਿੱਕਾ ਪੰਥਕ ਸੋਚ ਵਾਲੀ ਸੰਗਤ ’ਤੇ ਚੱਲਦਾ ਸੀ। ਉਹ ਸਿਆਸਤਦਾਨ ਨਾਲੋਂ ਧਾਰਮਿਕ ਵਿਅਕਤੀ ਜ਼ਿਆਦਾ ਸਨ। ਉਹ ਮੀਰੀ-ਪੀਰੀ ਦੇ ਸਿਧਾਂਤ ਦੇ ਪਹਿਰੇਦਾਰ ਸਨ, ਜਿਹੜੇ ਸਿਆਸੀ ਸਰਪ੍ਰਸਤੀ ਦੀ ਛਤਰ-ਛਾਇਆ ਹੇਠ ਧਰਮ ਦੀ ਪ੍ਰਫੁੱਲਤਾ ਚਾਹੁੰਦੇ ਸਨ। ਪ੍ਰੰਤੂ ਧਰਮ ਨੂੰ ਸਿਆਸਤਦਾਨਾਂ ਦੇ ਅਧੀਨ ਨਹੀਂ ਬਣਨ ਦੇਣਾ ਚਾਹੁੰਦੇ ਸਨ, ਜਿਸਦਾ ਇਵਜ਼ਾਨਾ ਉਨ੍ਹਾਂ ਨੂੰ ਭੁਗਤਣਾ ਪਿਆ, ਜਦੋਂ ਉਨ੍ਹਾਂ ਨੂੰ 1999 ਵਿਚ ਸਿੱਖ ਸਾਜਨਾ ਦੇ 300 ਸਾਲਾ ਸਮਾਗਮਾਂ ਸਮੇਂ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਤੋਂ ਮਜਬੂਰ ਹੋ ਕੇ ਕਿਨਾਰਾ ਕਰਨਾ ਪਿਆ। ਅੱਜ ਉਹ ਇਵਜ਼ਾਨਾ ਸਿੱਖ ਸੰਗਤ ਸਿਆਸਤਦਾਨਾਂ ਦੇ ਹੱਥੋਂ ਭੁਗਤ ਰਹੀ ਹੈ। ਉਹ ਸਿੱਖ ਸੰਗਤਾਂ ਅਤੇ ਖਾਸ ਤੌਰ ’ਤੇ ਨੌਜਵਾਨਾਂ ਨੂੰ ਪ੍ਰੇਰਨਾ ਦੇ ਕੇ ਗੁਰੂ ਦੇ ਲੜ ਲਾਉਣ ਦੀ ਸਮਰੱਥਾ ਰੱਖਦੇ ਸਨ। ਉਨ੍ਹਾਂ ਨੇ ਆਪਣੀ ਸਾਰੀ ਉਮਰ ਇਮਾਨਦਾਰੀ, ਸਾਦਗੀ ਅਤੇ ਦਿਆਨਤਦਾਰੀ ਨਾਲ ਸਿੱਖ ਪ੍ਰੰਪਰਾਵਾਂ ’ਤੇ ਪਹਿਰਾ ਹੀ ਨਹੀਂ ਦਿੱਤਾ, ਸਗੋਂ ਨੌਜਵਾਨ ਪੀੜ੍ਹੀ ਨੂੰ ਸਿੱਖੀ ਨਾਲ ਜੋੜ ਕੇ ਰੱਖਣ ’ਚ ਸਫਲਤਾ ਵੀ ਪ੍ਰਾਪਤ ਕੀਤੀ। ਅੱਜ ਦੇ ਸਿਆਸਤਦਾਨ ਧਰਮ ਨੇ ਅੱਖੋਂ-ਪਰੋਖੇ ਕਰਕੇ ਦੌਲਤਾਂ ਇਕੱਠੀਆਂ ਕਰਨ ਦੀ ਹੋੜ੍ਹ ਵਿਚ ਲੱਗੇ ਹੋਏ ਹਨ। ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਜੱਦੀ ਜਾਇਦਾਦ ਵਿਚ ਇੱਕ ਧੇਲੇ ਦਾ ਵੀ ਵਾਧਾ ਨਹੀਂ ਹੋਇਆ, ਜਿਸ ਪੁਰਾਣੇ ਘਰ ਵਿਚ ਰਹਿੰਦੇ ਸਨ, ਉਸੇ ਘਰ ਵਿਚ ਉਨ੍ਹਾਂ ਨੇ ਸਾਰਾ ਜੀਵਨ ਗੁਜ਼ਾਰਿਆ।





**ਉਨ੍ਹਾਂ ਨੇ ਆਪਣੀ ਸਾਰੀ ਉਮਰ ਇਮਾਨਦਾਰੀ, ਸਾਦਗੀ ਅਤੇ ਦਿਆਨਤਦਾਰੀ ਨਾਲ ਸਿੱਖ ਪ੍ਰੰਪਰਾਵਾਂ ’ਤੇ ਪਹਿਰਾ ਹੀ ਨਹੀਂ ਦਿੱਤਾ, ਸਗੋਂ ਨੌਜਵਾਨ ਪੀੜ੍ਹੀ ਨੂੰ ਸਿੱਖੀ ਨਾਲ ਜੋੜ ਕੇ ਰੱਖਣ ’ਚ ਸਫਲਤਾ ਵੀ ਪ੍ਰਾਪਤ ਕੀਤੀ। ਅੱਜ ਦੇ ਸਿਆਸਤਦਾਨ ਧਰਮ ਨੇ ਅੱਖੋਂ-ਪਰੋਖੇ ਕਰਕੇ ਦੌਲਤਾਂ ਇਕੱਠੀਆਂ ਕਰਨ ਦੀ ਹੋੜ੍ਹ ਵਿਚ ਲੱਗੇ ਹੋਏ ਹਨ। ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਜੱਦੀ ਜਾਇਦਾਦ ਵਿਚ ਇੱਕ ਧੇਲੇ ਦਾ ਵੀ ਵਾਧਾ ਨਹੀਂ ਹੋਇਆ, ਜਿਸ ਪੁਰਾਣੇ ਘਰ ਵਿਚ ਰਹਿੰਦੇ ਸਨ, ਉਸੇ ਘਰ ਵਿਚ ਉਨ੍ਹਾਂ ਨੇ ਸਾਰਾ ਜੀਵਨ ਗੁਜ਼ਾਰਿਆ। ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਜਨਮ 24 ਸਤੰਬਰ, 1924 ਨੂੰ ਦਲੀਪ ਸਿੰਘ ਦੇ ਘਰ ਮਾਤਾ ਬਸੰਤ ਕੌਰ ਦੀ ਕੁੱਖੋਂ ਪਟਿਆਲਾ ਰਿਆਸਤ ਦੇ ਪਿੰਡ ਟੌਹੜਾ ਵਿਖੇ ਹੋਇਆ। ਉਨ੍ਹਾਂ ਦਾ ਬਚਪਨ ਤੋਂ ਹੀ ਸਿੱਖੀ ਵੱਲ ਰੁਝਾਨ ਸੀ ਕਿਉਂਕਿ ਉਸਦੇ ਮਾਤਾ-ਪਿਤਾ ਵੀ ਪੂਰਨ ਗੁਰਸਿੱਖ ਸਨ। ਇਸੇ ਲਈ ਉਹ 13 ਸਾਲ ਦੀ ਉਮਰ ’ਚ 1937 ਵਿਚ ਅੰਮ੍ਰਿਤ ਪਾਨ ਕਰਕੇ ਗੁਰੂ ਦੇ ਲੜ ਲੱਗ ਗਏ। ਸ਼ੁਰੂ ਵਿਚ ਉਹ ਲਗਪਗ 18 ਸਾਲ ਸਿੱਖੀ ਅਤੇ ਸਿੱਖ ਵਿਚਾਰਧਾਰਾ ਦੇ ਪ੍ਰਚਾਰਕ ਦੇ ਤੌਰ ’ਤੇ ਵਿਚਰਦੇ ਹੋਏ ਸਾਰੀ ਉਮਰ ਸਿੱਖ ਵਿਚਾਰਧਾਰਾ ਨੂੰ ਸਮਰਪਿਤ ਰਹੇ।**

ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਜਨਮ 24 ਸਤੰਬਰ, 1924 ਨੂੰ ਦਲੀਪ ਸਿੰਘ ਦੇ ਘਰ ਮਾਤਾ ਬਸੰਤ ਕੌਰ ਦੀ ਕੁੱਖੋਂ ਪਟਿਆਲਾ ਰਿਆਸਤ ਦੇ ਪਿੰਡ ਟੌਹੜਾ ਵਿਖੇ ਹੋਇਆ। ਉਨ੍ਹਾਂ ਦਾ ਬਚਪਨ ਤੋਂ ਹੀ ਸਿੱਖੀ ਵੱਲ ਰੁਝਾਨ ਸੀ ਕਿਉਂਕਿ ਉਸਦੇ ਮਾਤਾ-ਪਿਤਾ ਵੀ ਪੂਰਨ ਗੁਰਸਿੱਖ ਸਨ। ਇਸੇ ਲਈ ਉਹ 13 ਸਾਲ ਦੀ ਉਮਰ ’ਚ 1937 ਵਿਚ ਅੰਮ੍ਰਿਤ ਪਾਨ ਕਰਕੇ ਗੁਰੂ ਦੇ ਲੜ ਲੱਗ ਗਏ। ਸ਼ੁਰੂ ਵਿਚ ਉਹ ਲਗਪਗ 18 ਸਾਲ ਸਿੱਖੀ ਅਤੇ ਸਿੱਖ ਵਿਚਾਰਧਾਰਾ ਦੇ ਪ੍ਰਚਾਰਕ ਦੇ ਤੌਰ ’ਤੇ ਵਿਚਰਦੇ ਹੋਏ ਸਾਰੀ ਉਮਰ ਸਿੱਖ ਵਿਚਾਰਧਾਰਾ ਨੂੰ ਸਮਰਪਿਤ ਰਹੇ। ਉਨ੍ਹਾਂ ਨੇ ਬਹੁਤੀ ਵਿਦਿਆ ਪ੍ਰਾਪਤ ਨਹੀਂ ਕੀਤੀ ਪ੍ਰੰਤੂ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਗਿਆਨੀ ਦੀ ਪ੍ਰੀਖਿਆ ਪਾਸ ਕਰ ਲਈ ਅਤੇ ਥੋੜ੍ਹਾ ਸਮਾਂ ਸੰਸਕ੍ਰਿਤ ਵਿਦਿਆਲਿਆ ਵਿਚ ਪੜ੍ਹਾਈ ਕੀਤੀ।

ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ 14 ਸਾਲ ਦੀ ਉਮਰ ਵਿਚ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਕੇ ਆਪਣਾ ਸਿਆਸੀ ਜੀਵਨ ਸ਼ੁਰੂ ਕਰ ਲਿਆ। ਉਨ੍ਹਾਂ ਨੇ ਅਕਾਲੀ ਮੋਰਚੇ ’ਚ 1944 ਵਿਚ ਹਿੱਸਾ ਲਿਆ ਅਤੇ ਜੇਲ੍ਹ ਯਾਤਰਾ ਵੀ ਕੀਤੀ। ਇਸ ਤੋਂ ਬਾਅਦ ਉਸਨੇ ਹਰ ਅਕਾਲੀ ਮੋਰਚੇ ਵਿਚ ਸਰਗਰਮੀ ਨਾਲ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਅਤੇ ਅਨੇਕਾਂ ਵਾਰ ਜੇਲ੍ਹ ਕੱਟੀ। ਉਸਨੂੰ ਪਹਿਲੀ ਵਾਰ 1948 ’ਚ ਰਿਆਸਤੀ ਅਕਾਲੀ ਦਲ ਦਾ ਸਕੱਤਰ ਬਣਾਇਆ ਗਿਆ। 1952 ਵਿਚ ਜ਼ਿਲ੍ਹਾ ਅਕਾਲੀ ਜੱਥਾ ਫਤਿਹਗੜ੍ਹ ਸਾਹਿਬ ਦੇ ਜਥੇਦਾਰ ਬਣੇ। ਪਟਿਆਲਾ ਰਿਆਸਤ ਦੇ ਪੰਜਾਬ ਵਿਚ ਸ਼ਾਮਲ ਹੋਣ ਤੋਂ ਬਾਅਦ ਉਸਨੂੰ 1957 ’ਚ ਜ਼ਿਲ੍ਹਾ ਅਕਾਲੀ ਜੱਥਾ ਪਟਿਆਲਾ ਦਾ ਪ੍ਰਧਾਨ ਬਣਾਇਆ ਗਿਆ। ਅਕਾਲੀ ਦਲ ਦੀ ਸਿਆਸਤ ਵਿਚ ਉਹ ਅਕਾਲੀ ਦਲ ਦੇ ਮਾਸਟਰ ਤਾਰਾ ਸਿੰਘ ਧੜੇ ਵਿਚ ਸ਼ਾਮਲ ਹੋ ਗਏ ਅਤੇ ਉਨ੍ਹਾਂ ਨੂੰ ਮਾਸਟਰ ਤਾਰਾ ਸਿੰਘ ਨੇ 1959 ਵਿਚ ਸ਼੍ਰੋਮਣੀ ਅਕਾਲੀ ਦਲ ਪੰਜਾਬ ਦਾ ਉਪ ਪ੍ਰਧਾਨ ਬਣਾ ਦਿੱਤਾ। 1960 ਵਿਚ ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਚੁਣੇ ਗਏ ਅਤੇ ਲਗਾਤਾਰ ਉਸ ਤੋਂ ਬਾਅਦ ਆਪਣੀ ਮੌਤ 1 ਅਪ੍ਰੈਲ 2004 ਤੱਕ ਇਸਦੇ ਮੈਂਬਰ ਰਹੇ। ਉਹ 6 ਜਨਵਰੀ 1973 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚੁਣੇ ਗਏ ਅਤੇ ਇਸ ਤੋਂ ਬਾਅਦ ਲਗਾਤਾਰ 27 ਵਾਰ ਪ੍ਰਧਾਨ ਚੁਣੇ ਜਾਂਦੇ ਰਹੇ, ਸਿਰਫ ਥੋੜ੍ਹਾ ਸਮਾਂ ਜਦੋਂ ਪ੍ਰਕਾਸ਼ ਸਿੰਘ ਬਾਦਲ ਨਾਲ ਸਿਆਸੀ ਲੜਾਈ ਹੋਈ, ਤਾਂ ਆਪ ਨੇ 14 ਅਪ੍ਰੈਲ 1999 ਨੂੰ ਅਸਤੀਫ਼ਾ ਦੇ ਦਿੱਤਾ। ਉਨ੍ਹਾਂ ਨੇ 30 ਮਈ 1999 ਨੂੰ ਸਰਬ ਹਿੰਦ ਅਕਾਲੀ ਦਲ ਦੀ ਸਥਾਪਨਾ ਕੀਤੀ ਅਤੇ ਉਸਦੇ ਪ੍ਰਧਾਨ ਬਣ ਗਏ। ਜਦੋਂ ਉਨ੍ਹਾਂ ਦੋਹਾਂ ਲੀਡਰਾਂ ਦਾ ਆਪਸ ਵਿਚ ਸਮਝੌਤਾ ਹੋ ਗਿਆ ਤਾਂ ਫਿਰ ਉਨ੍ਹਾਂ ਨੂੰ ਦੁਬਾਰਾ 20 ਜੁਲਾਈ 2003 ਵਿਚ ਪ੍ਰਧਾਨ ਬਣਾ ਦਿੱਤਾ। ਉਹ 1969-76, 80-88 ਅਤੇ 98-2004 ਵਿਚ ਰਾਜ ਸਭਾ ਦੇ ਮੈਂਬਰ ਚੁਣੇ ਗਏ ਅਤੇ 1977 ਤੋਂ 79 ਤੱਕ ਪਟਿਆਲਾ ਤੋਂ ਲੋਕ ਸਭਾ ਦੇ ਮੈਂਬਰ ਰਹੇ। ਮਾਰਚ 2004 ਵਿਚ ਵੀ ਉਹ ਰਾਜ ਸਭਾ ਦੇ ਮੈਂਬਰ ਚੁਣੇ ਗਏ ਸਨ ਪ੍ਰੰਤੂ ਸਹੁੰ ਚੁੱਕਣ ਤੋਂ ਪਹਿਲਾਂ ਹੀ ਸਵਰਗ ਸਿਧਾਰ ਗਏ।

ਜਥੇਦਾਰ ਗੁਰਚਰਨ ਸਿੰਘ ਟੌਹੜਾ 1 ਅਪ੍ਰੈਲ, 2004 ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਮਰਨ ਉਪਰੰਤ ਉਨ੍ਹਾਂ ਨੂੰ ਪੰਥ ਰਤਨ ਦਾ ਖ਼ਿਤਾਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਦਿੱਤਾ ਗਿਆ। ਜਥੇਦਾਰ ਟੌਹੜਾ ਨੇ ਆਪਣੀ ਲਿਆਕਤ, ਦਿਆਨਤਦਾਰੀ ਅਤੇ ਇਮਾਨਦਾਰੀ ਕਰਕੇ ਆਪਣੀ ਕਰਨੀ ’ਤੇ ਕਹਿਣੀ ਦਾ ਸਿੱਕਾ ਆਪਣੇ ਵਿਰੋਧੀਆਂ ’ਤੇ ਵੀ ਚਲਾਇਆ। ਜਥੇਦਾਰ ਟੌਹੜਾ ਹਮੇਸ਼ਾ ਹੀ ਕੰਡਿਆਲੇ ਰਾਹਾਂ ਦਾ ਪਾਂਧੀ ਰਿਹਾ ਹੈ ਪ੍ਰੰਤੂ ਕਦੇ ਲੜਖੜਾਇਆ ਨਹੀਂ, ਸਿਰਫ ਆਪਣੀ ਜ਼ਿੰਦਗੀ ਦੇ ਅਖੀਰੀ ਦਿਨਾਂ ਵਿਚ ਪਰਿਵਾਰਕ ਮਜਬੂਰੀਆਂ ਕਰਕੇ ਉਸ ਨੂੰ ਥਿੜ੍ਹਕਣਾ ਪਿਆ। ਉਨ੍ਹਾਂ ਦਾ ਵਿਆਹ ਸਰਦਾਰਨੀ ਜੋਗਿੰਦਰ ਕੌਰ ਨਾਲ ਹੋਇਆ, ਜੋ ਸਿੱਖ ਵਿਚਾਰਧਾਰਾ ਨਾਲ ਪਰੁਚੀ ਹੋਈ ਸੀ। ਉਨ੍ਹਾਂ ਦੀ ਇੱਕ ਗੋਦ ਲਈ ਹੋਈ ਲੜਕੀ ਕੁਲਦੀਪ ਕੌਰ ਹੈ, ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੈਂਬਰ ਹੈ। ਉਨ੍ਹਾਂ ਦਾ ਜਵਾਈ ਹਰਮੇਲ ਸਿੰਘ ਪੰਜਾਬ ਦਾ ਮੰਤਰੀ ਰਿਹਾ ਹੈ। ਹਰਮੇਲ ਸਿੰਘ ਟੌਹੜਾ ਦਾ ਲੜਕਾ ਹਰਿੰਦਰਪਾਲ ਸਿੰਘ ਟੌਹੜਾ ਮਾਰਕੀਟ ਕਮੇਟੀ ਪਟਿਆਲਾ ਦਾ ਚੇਅਰਮੈਨ ਰਿਹਾ ਹੈ। ਇੱਕ ਲੜਕਾ ਕੰਵਰਵੀਰ ਸਿੰਘ ਟੌਹੜਾ ਭਾਰਤੀ ਜਨਤਾ ਪਾਰਟੀ ਦੀ ਪੰਜਾਬ ਇਕਾਈ ਦਾ ਸਕੱਤਰ ਹੈ। ਸਿੱਖ ਇਤਿਹਾਸ ’ਚ ਜੱਥੇਦਾਰ ਟੌਹੜਾ ਇਮਾਨਦਾਰੀ ਅਤੇ ਸਾਦਗੀ ਦੇ ਪ੍ਰਤੀਕ ਦੇ ਤੌਰ ’ਤੇ ਜਾਣੇ ਜਾਂਦੇ ਰਹਿਣਗੇ। ਉਚੇ ਅਹੁਦਿਆਂ ’ਤੇ ਰਹਿਣ ਦੇ ਬਾਵਜੂਦ ਵੀ ਇਮਾਨਦਾਰੀ ਦਾ ਪੱਲਾ ਨਹੀਂ ਛੱਡਿਆ, ਜਿਹੜੀ ਜਾਇਦਾਦ ਸਿਆਸਤ ’ਚ ਆਉਣ ਤੋਂ ਪਹਿਲਾਂ ਸੀ, ਉਹੀ ਅਖ਼ੀਰ ਤੱਕ ਰਹੀ। ਅਜਿਹੇ ਵਿਲੱਖਣ ਇਨਸਾਨ ਆਟੇ ਵਿਚ ਲੂਣ ਦੇ ਬਰਾਬਰ ਹੀ ਮਿਲਦੇ ਹਨ। ਉਨ੍ਹਾਂ ਦੇ ਜੱਦੀ ਪਿੰਡ ਟੌਹੜਾ ਵਿਖੇ ਉਨ੍ਹਾਂ ਦੀ ਬਰਸੀ ਮਨਾਈ ਜਾ ਰਹੀ ਹੈ।

## 13 ਅਪ੍ਰੈਲ ਜਨਮ ਦਿਨ 'ਤੇ ਵਿਸ਼ੇਸ਼ ਲੇਖ

# ਚਾਲੀ ਸਾਲ ਪੰਜਾਬੀ ਗਾਇਕੀ 'ਤੇ ਕਾਬਜ਼ ਰਹਿਣ ਵਾਲੀ ਨਰਿੰਦਰ ਬੀਬਾ

ਸੁਖਵਿੰਦਰ ਸਿੰਘ ਮੁੱਲਾਂਪੁਰ
ਵ.ਐਪ : +91-99141-84794
ਪੰਜਾਬ ਮੇਲ USA







ਪੰਜਾਬੀ ਦੀਆਂ ਨਾਮਵਰ ਗਾਇਕਾਵਾਂ ਸੁਰਿੰਦਰ ਕੌਰ, ਪ੍ਰਕਾਸ਼ ਕੌਰ, ਜਗਮੋਹਨ ਕੌਰ, ਸੰਦੇਸ਼ ਕਪੂਰ ਆਦਿ ਗਾਇਕਾਵਾਂ ਦੇ ਨਾਮ ਵਿਚ ਇੱਕ ਨਾਮ ਨਰਿੰਦਰ ਬੀਬਾ ਦਾ ਵੀ ਆਉਂਦਾ ਹੈ, ਜਿਸ ਦਾ ਜਨਮ ਫ਼ਤਹਿ ਸਿੰਘ ਰਾਣਾ ਦੇ ਘਰ, ਮਾਤਾ ਮਹਿੰਦਰ ਕੌਰ ਦੀ ਕੁੱਖੋਂ ਮਿਤੀ 13 ਅਪ੍ਰੈਲ 1941 ਨੂੰ ਵਿਸਾਖੀ ਵਾਲੇ ਦਿਨ ਚੱਕ ਨੰਬਰ 120 ਜ਼ਿਲ੍ਹਾ ਸਰਗੋਧਾ ਵਿਖੇ (ਅਣਵੰਡੇ ਪੰਜਾਬ) ਵਿਚ ਹੋਇਆ।

ਨਰਿੰਦਰ ਬੀਬਾ ਦੇ ਤਿੰਨ ਭਰਾ ਸਨ ਫ਼ਕੀਰ ਸਿੰਘ ਫ਼ਕੀਰ, ਰਣਬੀਰ ਸਿੰਘ ਰਾਣਾ, ਅਮੀਰ ਸਿੰਘ ਰਾਣਾ ਅਤੇ ਆਪ ਦੋ ਭੈਣਾਂ ਸਨ ਨਰਿੰਦਰ ਬੀਬਾ ਅਤੇ ਸਤਿੰਦਰ ਬੀਬਾ, ਇਹ ਪੰਜੇ ਭੈਣ-ਭਰਾ ਹੀ ਸੰਗੀਤ ਨਾਲ ਜੁੜੇ ਹੋਏ ਸਨ। ਨਰਿੰਦਰ ਕੌਰ ਦਾ ਪਿਤਾ ਇਸ ਨੂੰ ਲਾਡ ਨਾਲ ਬੀਬਾ ਜੀ ਕਿਹਾ ਕਰਦੇ ਸੀ, ਇਸ ਕਰਕੇ ਇਸ ਦਾ ਨਾਮ ਨਰਿੰਦਰ ਬੀਬਾ ਪੈ ਗਿਆ।

1947 ਦੀ ਵੰਡ ਮਗਰੋਂ ਇਹ ਪਰਿਵਾਰ ਪਾਕਿਸਤਾਨ ਤੋਂ ਭਾਰਤ ਆ ਗਿਆ ਅਤੇ ਫਤਿਹਗੜ੍ਹ ਸਾਹਿਬ ਦੇ ਪਿੰਡ ਖੁੰਮਣਾ ਵਿਖੇ ਰਹਿਣ ਲੱਗ ਪਿਆ।

ਨਰਿੰਦਰ ਬੀਬਾ ਨੇ ਬੀ.ਏ. ਤੱਕ ਪੜ੍ਹਾਈ ਕੀਤੀ। ਇਹ ਪਹਿਲਾਂ ਗੁਰਬਾਣੀ ਦੇ ਸ਼ਬਦ ਪੜ੍ਹਿਆ ਕਰਦੀ ਸੀ। ਇਸ ਦੀ ਗਾਇਕੀ ਵੱਲ ਰੁੱਚੀ ਨੂੰ ਭਾਪਦਿਆਂ ਇਸ ਦੇ ਪਿਤਾ ਨੇ ਨਰਿੰਦਰ ਬੀਬਾ ਨੂੰ ਗਾਇਕੀ ਵੱਲ ਜਾਣ ਦੀ ਖੁੱਲ੍ਹ ਦੇ ਦਿੱਤੀ। ਇਸ ਨੇ ਸੰਗੀਤਕ ਵਿੱਦਿਆ ਕਈ ਪਾਸੇ ਤੋਂ ਲਈ ਸੀ। ਨਰਿੰਦਰ ਬੀਬਾ, ਉਸਤਾਦ ਜਸਵੰਤ ਭੰਵਰਾ ਅਤੇ ਸਰਦੂਲ ਸਕੰਦਰ ਦਾ ਪਿਤਾ ਸਾਗਰ ਮਸਤਾਨਾ ਇਹ ਤਿੰਨੇ ਹੀ ਗੁਰ ਭਾਈ ਸਨ। ਇਨ੍ਹਾਂ ਨੇ ਸੰਗੀਤਕ ਵਿਦਿਆ ਸਪੂਰਨ ਸਿੰਘ ਮੋਹਣ ਮਾਜਰਾ (ਮੋਰਿੰਡਾ) ਪਾਸੋਂ ਲਈ। ਉਸਤਾਦ ਰਤਨ ਲਾਲ ਦੇ ਸ਼ਗਿਰਦ ਹਰੀ ਦੇਵ ਤੋਂ ਨਰਿੰਦਰ ਬੀਬਾ ਨੇ ਸਿੱਖਿਆ ਲੈਣ ਉਪਰੰਤ ਸੰਗੀਤ ਦੀ ਐੱਮ.ਏ. ਕਰ ਲਈ, ਫਿਰ ਇਸ ਨੇ ਗਾਇਕੀ ਖ਼ਾਤਰ ਉਸਤਾਦ ਲਾਲ ਚੰਦ ਯਮਲਾ ਜੱਟ ਨੂੰ ਗੁਰੂ ਧਾਰ ਕੇ ਸਟੇਜੀ ਸ਼ੋਆਂ ਲਈ ਉਨ੍ਹਾਂ ਤੋਂ ਸ਼ਗਿਰਦੀ ਹਾਸਲ ਕੀਤੀ।

1958 ਨੂੰ 17 ਸਾਲ ਦੀ ਉਮਰ ਵਿਚ ਜਦ ਨਰਿੰਦਰ ਬੀਬਾ ਕਾਲਿਜ ਪੜ੍ਹਦੀ ਸੀ, ਤਾਂ ਉਸ ਨੂੰ ਆਲ ਇੰਡੀਆ ਰੇਡੀਓ ਜਲੰਧਰ ਦੇ ਗੁਰਾਇਆਂ ਟਰਾਂਸਮੀਟਰ ਦੇ ਉਦਘਾਟਨ 'ਤੇ ਗਾਉਣ ਲਈ ਕਿਹਾ ਗਿਆ, ਉੱਥੇ ਇਸ ਨੇ ਗੀਤ ਗਾਇਆ 'ਖੁਸ਼ੀ ਦੀਆਂ ਵੰਗਾਂ ਨੀ ਮੈਂ ਕਲ੍ਹ ਨੂੰ ਚੜਾਉਣੀਆਂ।'

1960 ਵਿਚ 19 ਸਾਲ ਦੀ ਉਮਰ ਵਿਚ ਨਰਿੰਦਰ ਬੀਬਾ ਦਾ ਵਿਆਹ ਲੁਧਿਆਣੇ ਦੇ ਜਸਪਾਲ ਸਿੰਘ ਪਾਲੀ ਨਾਲ ਕਰ ਦਿੱਤਾ, ਜੋ ਰੇਲਵੇ ਵਿਭਾਗ ਵਿਚ ਨੌਕਰੀ ਕਰਦਾ ਸੀ। ਉਹ ਬਹੁਤ ਵਧੀਆ ਇਨਸਾਨ ਹੋਣ ਦੇ ਨਾਲ-ਨਾਲ ਵਧੀਆ ਕਲਾਕਾਰ ਅਤੇ ਸਟੇਜ ਅਨਾਊਂਸਰ ਵੀ ਸੀ। ਉਸ ਨੇ ਨਰਿੰਦਰ ਬੀਬਾ ਦੀ ਗਾਇਕੀ ਵਿਚ ਪੂਰਾ ਸਹਿਯੋਗ ਦਿੱਤਾ। ਇਹ ਲੁਧਿਆਣੇ ਜਿਸ ਮਕਾਨ ਵਿਚ ਰਹਿੰਦੇ ਸਨ, ਉਸ ਨੂੰ ਪੀਲੀ ਕੋਠੀ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਇਨ੍ਹਾਂ ਦੇ ਘਰ ਚਾਰ ਬੱਚਿਆਂ (ਦੋ ਬੇਟੇ ਅਤੇ ਦੋ ਬੇਟੀਆਂ) ਨੇ ਜਨਮ ਲਿਆ।

1962 'ਚ ਨਰਿੰਦਰ ਬੀਬਾ ਨੇ ਸਭ ਤੋਂ ਪਹਿਲਾਂ ਦੋਗਾਣਿਆ ਦੀ ਰਿਕਾਡਿੰਗ ਕਰਵਾਈ। ਇਹ ਗੀਤ ਹਰਚਰਨ ਗਰੇਵਾਲ ਨਾਲ ਐੱਚ.ਐੱਮ.ਵੀ. ਕੰਪਨੀ ਵਿਚ ਆਏ ਅਤੇ ਗੁਰਦੇਵ ਸਿੰਘ ਮਾਨ ਦੇ ਲਿਖੇ ਸਨ।

-ੳ, ਅ, ੲ, ਸ, ਹ, ੳ, ਅ ਵੇ
ਮੈਨੂੰ ਜਾਣ ਦੇ ਸਕੂਲੇ ਇਕ ਵਾਰ ਹਾੜਾ ਵੇ

-ਅੱਡੀ ਮਾਰ ਝਾਂਜਰ ਛਣਕਾਈ
ਮਿੱਤਰਾਂ ਦਾ ਬੂਹਾ ਲੰਘ ਕੇ

ਉਸ ਸਮੇ ਲੋਕ ਘੱਟ ਪੜ੍ਹੇ ਹੋਣ ਕਰਕੇ ਉਪਰਲਾ ਗੀਤ ਲੋਕਾਂ ਨੂੰ ਪੜ੍ਹਨ ਵੱਲ ਪ੍ਰੇਰਦਾ ਸੀ, ਇਸ ਕਰਕੇ ਸਰਕਾਰ ਨੇ ਵੀ ਲੋਕਾਂ ਨੂੰ ਜਾਗੂਰਕ ਕਰਨ ਲਈ ਸਵੀਕਾਰ ਕਰ ਲਿਆ। ਇਹ ਗੀਤ ਅਕਾਸ਼ਬਾਣੀ ਜਲੰਧਰ ਦਾ ਸ਼ਿੰਗਾਰ ਬਣ ਕੇ ਰੋਜ਼ ਸ਼ਾਮ ਨੂੰ ਰੇਡੀਓ ਤੋਂ ਪ੍ਰਕਾਸ਼ਿਤ ਹੋਣ ਲੱਗਾ। ਇਸ ਗੀਤ ਨੇ ਨਰਿੰਦਰ ਬੀਬਾ ਨੂੰ ਲੋਕਾਂ ਵਿਚ ਇਕਦਮ ਹਰਮਨ ਪਿਆਰੀ ਬਣਾ ਦਿੱਤਾ।

ਨਰਿੰਦਰ ਬੀਬਾ ਨੇ ਕਈ ਕਲਾਕਾਰਾਂ ਨਾਲ ਦੋਗਾਣੇ ਗੀਤ ਗਾਏ, ਜਿਵੇਂ ਮੁਹੰਮਦ ਸਦੀਕ, ਹਰਚਰਨ ਗਰੇਵਾਲ, ਕਰਮਜੀਤ ਧੂਰੀ, ਕਰਨੈਲ ਗਿੱਲ, ਦੀਦਾਰ ਸੰਧੂ, ਕੇ ਦੀਪ, ਰਮੇਸ਼ ਰੰਗੀਲਾ, ਫਕੀਰ ਸਿੰਘ ਫਕੀਰ, ਗੁਰਦਿਆਲ ਨਿਰਮਾਣ ਧੂਰੀ , ਸੁਰਿੰਦਰ ਛਿੰਦਾ, ਬੀਰ ਚੰਦ ਗੋਪੀ, ਰਣਬੀਰ ਰਾਣਾ, ਸਾਬਰ ਹੁਸੈਨ ਸਾਬਰ, ਅਮੀਰ ਰਾਣਾ, ਗੁਚਰਨ ਪੋਹਲੀ, ਜਗਜੀਤ ਜੀਰਵੀ ਆਦਿ ਕਲਾਕਾਰਾਂ ਨਾਲ ਗੀਤ ਗਾਏ। ਨਰਿੰਦਰ ਬੀਬਾ ਦੇ ਕੁਝ ਦੋਗਾਣਿਆਂ ਦਾ ਵੇਰਵਾ:-

-ਕੱਲ ਮ ਕੱਲੀ ਤੋੜਾਂ ਮੈਂ ਕਰੀਰਾਂ ਨਾਲੋ ਡੇਲੇ

ਖੜ੍ਹਾ ਰਹਿ ਜ਼ਾਲਮਾਂ ਵੇ ਸਬੱਬੀ ਹੋ ਗਏ ਮੇਲੇ

-ਛੰਨਾਂ ਵੇਚ ਕੇ ਲਿਆਦੇ ਗਹਿਣੇ ਮੁੰਡਿਆ

-ਪੰਜ ਭਾਦੋ ਨੂੰ ਆਂਈ ਵੇ ਮੇਰਾ ਲੈਣ ਦਰੌਜਾ

-ਤੇਰਾ ਗਲ ਗਲ ਵਰਗਾ ਰੰਗ ਜੱਟੀਏ

-ਕਿੱਕਰ ਤੇ ਕਾਟੋ ਰਹਿੰਦੀ ਕੱਲਾ ਨਾ ਜਾਵੀ ਖੇਤ ਨੂੰ

-ਮੈਨੂੰ ਰੇਸ਼ਮੀ ਰਮਾਲ ਵਾਂਗੂੰ ਰੱਖ ਮੁੰਡਿਆ

-ਚੰਦਰੀ ਸ਼ਰਾਬ ਛੱਡਦੇ ਜਿਹੜੀ ਘਰ ਨੂੰ ਹੁੰਝਦੀ ਲਿਜਾਵੇ

-ਰੱਬ ਕਰਕੇ ਮਰੇ ਨੀ ਜੇਠ ਸੱਪ ਲੜ ਕੇ

-ਮੇਰੇ ਮਾਪਿਆਂ ਦਾ ਜੂਏ ਵਿਚ ਦਾਜ ਹਾਰਿਆ

ਨਰਿੰਦਰ ਬੀਬਾ ਨੇ ਇੰਦਰਜੀਤ ਹਸਨਪੁਰੀ, ਦੇਵ ਥਰੀਕੇ ਵਾਲਾ, ਨੰਦ ਲਾਲ ਨੂਰਪੁਰੀ, ਗੁਰਦੇਵ ਮਾਨ, ਸਾਜਨ ਰਾਏਕੋਟੀ, ਦੀਪਕ ਜੈਤੋਈ, ਚਰਨ ਸਿੰਘ ਸਫ਼ਰੀ, ਬਾਬੂ ਸਿੰਘ ਮਾਨ, ਦੀਦਾਰ ਸੰਧੂ, ਲਾਲ ਸਿੰਘ ਲਾਲੀ, ਹਰਨੇਕ ਸਿੰਘ ਸੋਹੀ, ਚੰਨ ਗੁਰਾਇਆਂ ਵਾਲਾ, ਸਨਮੁੱਖ ਸਿੰਘ ਆਜਾਦ, ਗਿੱਲ ਜੱਬੋ ਮਾਜਰੇ ਵਾਲਾ, ਗਿੱਲ ਨੱਥੋਹੇੜੀ ਵਾਲਾ ਆਦਿ ਹੋਰ ਵੀ ਬਹੁਤ ਸਾਰੇ ਗੀਤਕਾਰਾਂ ਦੇ ਗੀਤ ਗਾਏ।

ਨਰਿੰਦਰ ਬੀਬਾ ਨੇ ਦੋਗਾਣਾ ਗਾਇਕੀ ਦੇ ਨਾਲ-ਨਾਲ ਸਿੱਖ ਇਤਿਹਾਸ ਵੀ ਬਹੁਤ ਗਾਇਆ ਅਤੇ ਉਪੇਰੇ ਵੀ ਗਾਏ, ਸਾਕਾ ਸਰਹੰਦ, ਸਾਕਾ ਚਮਕੌਰ ਸਾਹਿਬ, ਸਾਕਾ ਚਾਂਦਨੀ ਚੌਕ, ਸਿੰਘਾਂ ਦੀਆਂ ਕੁਰਬਾਨੀਆਂ, ਏਕਤਾ ਦਾ ਪੁਜਾਰੀ ਰਵੀਦਾਸ ਭਗਤ, ਅਤੇ ਜੀਵਨੀ ਰਵੀਦਾਸ ਭਗਤ ਆਦਿ ਗਾਏ।

ਇਨ੍ਹਾਂ ਉਪੇਰਿਆਂ ਵਿਚ ਜਸਪਾਲ ਸਿੰਘ ਪਾਲੀ ਦੀ ਕੁਮੈਂਟਰੀ ਕੀਤੀ ਹੋਈ ਹੈ, ਜੋ ਸਰੋਤਿਆਂ ਨੂੰ ਆਪਣੇ ਵੱਲ ਆਕਰਸ਼ਿਤ ਕਰਦੀ ਹੈ।

ਇਨ੍ਹਾਂ ਉਪੇਰਿਆਂ ਵਿਚ ਨਰਿੰਦਰ ਬੀਬਾ ਦੇ ਨਾਲ ਫਕੀਰ ਸਿੰਘ ਫਕੀਰ, ਰਣਵੀਰ ਰਾਣਾ, ਅਮੀਰ ਰਾਣਾ ਅਤੇ ਸਤਿੰਦਰ ਬੀਬਾ ਨੇ ਸਾਥ ਦਿੱਤਾ। ਨਰਿੰਦਰ ਬੀਬਾ ਨੇ ਬਹੁਤ ਸਾਰੇ ਧਾਰਮਿਕ ਗੀਤ ਵੀ ਗਾਏ:-

-ਦੋ ਬੜੀਆਂ ਕੀਮਤੀ ਜਿੰਦਾਂ ਨੀਹਾਂ ਵਿਚ ਆਣ ਖਲੋ ਗਈਆਂ

-ਚੰਨ ਮਾਤਾ ਗੁਜਰੀ ਦਾ ਸੁੱਤਾ ਕੰਡਿਆਂ ਦੀ ਸੇਜ ਵਿਛਾਈ

-ਕਲਗੀਧਰ ਦਸਮੇਸ਼ ਪਿਤਾ ਜਿਹਾ ਦੁਨੀਆਂ ਵਿਚ ਕੋਈ ਹੋਇਆ ਨਾ

-ਮਾਤਾ ਗੁਜਰੀ ਨੂੰ ਦੇਵੋ ਨੀ ਵਧਾਈਆਂ ਆਦਿ ਗੀਤ ਗਾਏ

1972 ਵਿਚ ਚਰਨ ਸਿੰਘ ਸਫ਼ਰੀ ਦਾ ਲਿਖਿਆ 'ਸਾਕਾ ਸਰਹੰਦ' ਜਿਸ ਨੂੰ ਕੇਸਰ ਸਿੰਘ ਨਰੂਲਾ ਨੇ ਸੰਗੀਤ ਨਾਲ ਸਿੰਗਾਰਿਆ ਸੀ ਨਰਿੰਦਰ ਬੀਬਾ ਦੇ ਭੈਣ ਭਰਾਵਾਂ ਨੇ ਨਰਿੰਦਰ ਬੀਬਾ ਨਾਲ ਆਵਾਜ਼ ਦਿੱਤੀ ਸੀ ਅਤੇ ਇਸ ਸਾਕੇ ਦੀ ਕੁਮੈਂਟਰੀ ਜਸਪਾਲ ਸਿੰਘ ਪਾਲੀ ਨੇ ਕੀਤੀ ਸੀ। ਅੱਜ ਵੀ ਸਾਡੇ ਅੰਦਰ ਬੱਚਿਆਂ ਦੀ ਸ਼ਹੀਦੀ ਦਾ ਵਿਰਾਗ ਛੇੜਦਾ ਹੈ, ਇਹ ਸਾਕਾ ਗਾਉਣ ਵਾਲੀਆਂ ਆਵਾਜ਼ਾਂ ਨੂੰ ਵੀ ਸਦਾ ਅਮਰ ਕਰ ਗਿਆ।

ਨਰਿੰਦਰ ਬੀਬਾ ਨੇ ਪ੍ਰਸੰਗ ਸਾਹਿਤ ਕਈ ਲੋਕ ਗਥਾਵਾਂ ਗਾਈਆਂ, ਜਿਵੇਂ ਸੱਸੀ ਪੁਨੂੰ, ਸੋਹਣੀ ਮਹੀਵਾਲ, ਹੀਰ ਰਾਂਝਾ, ਮਿਰਜ਼ਾ ਸਾਹਿਬਾ ਆਦਿ।

1976 'ਚ ਨਰਿੰਦਰ ਬੀਬਾ ਨੂੰ ਉਸ ਟਾਇਮ ਗਹਿਰਾ ਸਦਮਾ ਲੱਗਾ, ਜਦ ਉਨ੍ਹਾਂ ਦਾ ਪਤੀ ਜਸਪਾਲ ਸਿੰਘ ਪਾਲੀ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਿਆ।

ਨਰਿੰਦਰ ਬੀਬਾ ਦੇ ਪ੍ਰੋਗਰਾਮ ਦੀ ਸ਼ੁਰੂਆਤ ਇਕ ਵੱਖਰੇ ਅੰਦਾਜ਼ ਵਿਚ ਸ਼ੁਰੂ ਹੁੰਦੀ ਸੀ। ਸਭ ਤੋਂ ਪਹਿਲਾ ਸਟੇਜ 'ਤੇ ਜਸਪਾਲ ਸਿੰਘ ਪਾਲੀ ਅਜਿਹਾ ਲੈਕਚਰ ਕਰਦਾ, ਸਰੋਤੇ ਨਰਿੰਦਰ ਬੀਬਾ ਦੇ ਦਰਸ਼ਨਾਂ ਨੂੰ ਉਤਾਵਲੇ ਹੋ ਜਾਂਦੇ, ਫਿਰ ਨਰਿੰਦਰ ਬੀਬਾ ਸਟੇਜ 'ਤੇ ਦਾਖਲ ਹੁੰਦੀ, ਬੇਲੀ ਰਾਮ ਅਲਗੋਜੇ ਵਜਾਉਣੇ ਸ਼ੁਰੂ ਕਰ ਦਿੰਦਾ। ਕੁਝ ਸਮਾਂ ਅਲਗੋਜੇ ਵੱਜਣ ਤੋਂ ਬਾਅਦ ਨਰਿੰਦਰ ਬੀਬਾ ਲੰਬੀ ਹੇਕ ਭਰਦੀ, ਫਿਰ ਗਗਨ ਦਮਾਮਾ ਬੱਜਿਆ ਸਿੰਘੋ ਸਰਦਾਰੋ ਗੀਤ ਗਾ ਕੇ ਪ੍ਰੋਗਰਾਮ ਦਾ ਅਗਾਜ਼ ਅਜਿਹਾ ਕਰਦੀ, ਸਰੋਤਿਆਂ ਵਿਚ ਇਕਦਮ ਜੋਸ਼ ਭਰ ਜਾਂਦਾ।

ਦੀਦਾਰ ਸੰਧੂ ਨੇ ਆਪਣੀ ਗਾਇਕੀ ਦੀ ਸ਼ੁਰੂਆਤ ਨਰਿੰਦਰ ਬੀਬਾ ਨਾਲ ਗੀਤ ਰਿਕਾਰਡ ਕਰਵਾ ਕੇ ਹੀ ਕੀਤੀ ਸੀ, 'ਰੱਬਾ ਮੇਰੇ ਪੱਲੇ ਪੈ ਗਈ ਨਾਰ ਲੜਾਕੇ ਵਰਗੀ' ਕਰਨੈਲ ਗਿੱਲ ਭਾਵੇਂ ਸਭ ਤੋਂ ਪਹਿਲਾਂ ਸੋਲੋ ਗੀਤ ਗਾਉਣ ਨਾਲ ਗਾਇਕੀ ਦੇ ਅਖਾੜੇ ਵਿਚ ਪ੍ਰਵੇਸ਼ ਕਰ ਚੁੱਕਾ ਸੀ ਪਰ 1964 ਵਿਚ ਜਦ ਨਰਿੰਦਰ ਬੀਬਾ ਦੀ ਪੂਰੀ ਚੜ੍ਹਤ ਸੀ, ਕਰਨੈਲ ਗਿੱਲ, ਦੇਵ ਥਰੀਕੇ ਵਾਲੇ ਰਾਹੀਂ ਦੇਵ ਥਰੀਕੇ ਵਾਲੇ ਦੇ ਲਿਖੇ ਦੋ ਗੀਤ ਨਰਿੰਦਰ ਬੀਬਾ ਨਾਲ ਰਿਕਾਰਡ ਕਰਵਾ ਕੇ ਦੋਗਾਣਾ ਗਾਇਕੀ ਵਿਚ ਪ੍ਰਵੇਸ਼ ਕੀਤਾ। ਇਹ ਗੀਤ ਸਨ 'ਸੱਥ ਵਿਚ ਲੱਗੀ ਵੇ ਕਚਿਹਰੀ ਮੇਰੇ ਬਾਪ ਦੀ ਵੀਰ ਬੈਠੇ ਸਰਦਾਰ ਮੁੰਡਿਆ' ਅਤੇ 'ਕੀਹਨੇ ਤੈਨੂੰ ਭਰੀ ਚੁਕਾਈ ਕੀਹਨੇ ਵੱਡੇ ਪੱਠੇ' ਕੁਲਦੀਪ ਮਾਣਕ ਭਾਵੇਂ ਹਰਚਰਨ ਗਰੇਵਾਲ ਦਾ ਸ਼ਾਗਿਰਦ ਸੀ ਪਰ ਸ਼ੁਰੂਆਤ ਨਰਿੰਦਰ ਬੀਬਾ ਤੋਂ ਕੀਤੀ ਸੀ। 1972 ਵਿਚ ਗੁਰਦਿਆਲ ਨਿਰਮਾਣ ਧੂਰੀ ਨੇ ਵੀ ਨਰਿੰਦਰ ਬੀਬਾ ਨਾਲ ਰਿਕਾਡਿੰਗ ਕਰਵਾ ਕੇ ਗਾਇਕੀ ਵਿਚ ਪ੍ਰਵੇਸ਼ ਕੀਤਾ। ਉਹ ਗੀਤ ਚਤਰ ਸਿੰਘ ਪਰਵਾਨੇ ਨੇ ਲਿਖੇ ਸਨ 'ਮੇਰੀ ਛੋਲਿਆਂ ਦੀ ਦਾਲ ਕਰਾਰੀ ਭਾਈ ਜੀ ਦੇ ਮੂੰਹ ਲੱਗ ਗਈ', ਦੂਸਰਾ ਗੀਤ 'ਭੱਠੀ ਉੱਤੇ ਖੜ੍ਹ ਕੇ ਦਾਣੇ ਮੈਂ ਭਨਾਉਣੀਆਂ ਤੇਰੀਆਂ ਖਿੱਲਾਂ ਤੇ ਮੇਰੇ ਰੋੜ ਮੁੰਡਿਆ'। ਹੋਰ ਵੀ ਬਹੁਤ ਸਾਰੇ ਕਲਾਕਾਰ ਹਨ, ਜਿਨ੍ਹਾਂ ਨੇ ਗਾਇਕੀ ਦੀ ਲਿਫਟ ਨਰਿੰਦਰ ਬੀਬਾ ਰਾਹੀ ਲੈ ਕੇ ਮੰਜ਼ਿਲਾਂ ਹਾਸਲ ਕੀਤੀਆਂ। ਇਸ ਦਾ ਭਤੀਜਾ ਸੁਖਬੀਰ ਰਾਣਾ ਵੀ ਇਸ ਦਾ ਹੀ ਸ਼ਾਗਿਰਦ ਹੈ।

ਦਲਜੀਤ ਕੌਰ ਬਖ਼ਤੜੀ, ਹਰਨੀਤ ਕੌਰ ਨੀਤੂ, ਨਰਿੰਦਰ ਮਾਵੀ ਆਦਿ ਹੋਰ ਵੀ ਕਈ ਗਾਇਕਾਵਾਂ ਨੇ ਜਿਨ੍ਹਾਂ ਨਰਿੰਦਰ ਬੀਬਾ ਤੋਂ ਗਾਇਕੀ ਸਿੱਖੀ।

1975 ਵਿਚ ਫ਼ਿਲਮ 'ਤੇਰੀ ਮੇਰੀ ਇਕ ਜਿੰਦੜੀ' ਆਈ। ਇਸ ਫਿਲਮ ਦੀ ਕਹਾਣੀ ਅਤੇ ਗੀਤ ਇੰਦਰਜੀਤ ਹਸਨਪੁਰੀ ਨੇ ਲਿਖੇ ਸਨ। ਮਿਊਜ਼ਿਕ ਐੱਸ. ਮਹਿੰਦਰ ਨੇ ਦਿੱਤਾ ਸੀ। ਇਸ ਫ਼ਿਲਮ ਦਾ ਟਾਇਟਲ ਦੋਗਾਣਾ ਗੀਤ 'ਤੇਰੀ ਮੇਰੀ ਇਕ ਜਿੰਦੜੀ' ਸੀ, ਜੋ ਨਰਿੰਦਰ ਬੀਬਾ ਨੇ ਸੀਤਲ ਸਿੰਘ ਸੀਤਲ ਨਾਲ ਗਾਇਆ ਸੀ। ਨਰਿੰਦਰ ਬੀਬਾ ਨੇ ਇਸ ਫਿਲਮ ਵਿਚ ਮੁਹੰਮਦ ਰਫ਼ੀ ਨਾਲ 'ਇੰਨੇ ਜ਼ੋਰ ਦੀ ਮਰੋੜੀ ਮੇਰੀ ਬਾਂਹ ਜੱਟ ਨੇ' ਗਾ ਕੇ ਰਫ਼ੀ ਨਾਲ ਗਾਉਣ ਦੀ ਰੀਝ ਪੂਰੀ ਕੀਤੀ ਸੀ। ਇਸ ਫ਼ਿਲਮ ਵਿਚ ਨਰਿੰਦਰ ਬੀਬਾ ਨੇ ਪੰਜ ਗੀਤ ਗਾਏ ਸਨ। ਇਹ ਫ਼ਿਲਮ ਸਮੇਂ ਦੀਆਂ ਸਭ ਪੰਜਾਬੀ ਫ਼ਿਲਮਾਂ ਨੂੰ ਮਾਤ ਪਾ ਗਈ ਸੀ। ਇਸ ਫ਼ਿਲਮ ਦੀ ਵਧੀਆ ਗਾਇਕਾ ਹੋਣ ਦਾ ਨਰਿੰਦਰ ਬੀਬਾ ਨੂੰ ਐਵਾਰਡ ਵੀ ਮਿਲਿਆ ਸੀ। ਇਸ ਨੇ ਹੋਰ ਫ਼ਿਲਮਾਂ ਜਿਵੇਂ ਦਾਜ, ਸੰਤੋ ਬੰਤੋ, ਸੁਖੀ ਪਰੀਵਾਰ, ਯਮਲਾ ਜੱਟ ਅਤੇ ਪੁੱਤ ਜੱਟਾਂ ਦੇ ਆਦਿ ਫ਼ਿਲਮਾਂ ਵਿਚ ਵੀ ਗੀਤ ਗਾਏ।

ਨਰਿੰਦਰ ਬੀਬਾ ਆਪਣੇ ਬਹੁਤ ਸਾਰੇ ਗੀਤਾਂ ਦੇ ਸੰਗੀਤ ਨੂੰ ਅਲਗੋਜੇ ਨਾਲ ਸ਼ਿੰਗਾਰਿਆ ਹੈ। ਇਸ ਨਾਲ ਅਲਗੋਜਾ ਮਾਸਟਰ ਬੇਲੀ ਰਾਮ ਹੁੰਦਾ ਸੀ, ਜਿਸ ਨੇ ਨਰਿੰਦਰ ਬੀਬਾ ਦੀ ਗਾਇਕੀ ਦਾ ਸਾਰਾ ਸਮਾਂ ਹੀ ਲਗਭਗ 30 ਸਾਲ ਸਾਥ ਦਿੱਤਾ।

ਨਰਿੰਦਰ ਬੀਬਾ ਨੇ ਬਹੁਤ ਸਾਰੇ ਸੋਲੋ ਗੀਤ ਵੀ ਗਾਏ

-ਗੱਲ ਸੋਚ ਕੇ ਕਰੀ ਤੂੰ ਜੈਲਦਾਰਾ
ਅਸੀ ਨੀ ਕਨੌੜ ਝੱਲਣੀ

-ਕਾਹਨੂੰ ਮਾਰਦਾ ਚੰਦਰਿਆ ਛਮਕਾਂ
ਮੈਂ ਕੱਚ ਦੇ ਗਲਾਸ ਵਰਗੀ

-ਪਾਸੇ ਹਟਜਾ ਜ਼ਾਲਮਾਂ ਪੰਜਾਬਣ ਜੱਟੀ ਆਈ

-ਲੁੱਟੇ ਗਏ ਵੈਰੀਆ ਨਾਗ ਲੜ ਵੇ ਗਿਆ

-ਗਲੀ ਗਲੀ ਵਣਜਾਰਾ ਫਿਰਦਾ ਵੰਗਾ ਵੇਚੇ ਕੱਚ ਦੀਆਂ

-ਹੱਥੀਂ ਤੋਰੇ ਸਜਣਾ ਨੂੰ ਨਾਲੇ ਯਾਦ ਕਰਾਂ ਨਾਲੇ ਰੋਵਾਂ

ਆਦਿ ਬਹੁਤ ਸਾਰੇ ਗੀਤ ਗਾਏ। ਨਰਿੰਦਰ ਬੀਬਾ ਨੇ ਦੀਪਕ ਜੈਤੋਈ ਦਾ ਲਿਖਿਆ ਗੀਤ 'ਆਹ ਲੈ ਮਾਏ ਸਾਂਭ ਕੁੰਜੀਆਂ ਧੀਆਂ ਕਰ ਚੱਲੀਆਂ ਸਰਦਾਰੀ' ਅਜਿਹਾ ਗਾਇਆ ਅੱਜ ਵੀ ਗੀਤ ਦੀ ਸਰਦਾਰੀ ਹੈ।

ਨਰਿੰਦਰ ਬੀਬਾ ਇਕ ਏਜੰਟ ਵਲੋਂ ਲੱਗੀ ਠੱਗੀ ਦੇ ਸਦਮੇ ਨਾਲ ਬਿਮਾਰ ਰਹਿਣ ਲੱਗ ਪਈ। 27 ਜੂਨ 1997 ਨੂੰ ਰਾਤ ਸਮੇਂ 57 ਸਾਲ ਦੀ ਉਮਰ ਵਿਚ ਇਹ ਸਾਡੇ ਕੋਲੋਂ ਸਦਾ ਲਈ ਵਿਛੜ ਗਈ। ਇਸ ਦਾ ਗਾਇਆ ਸਾਕਾ ਸਰਹੰਦ ਸਦਾ ਇਸ ਨੂੰ ਅਮਰ ਕਰੀ ਰੱਖੇਗਾ।

# ਡੋਨਾਲਡ ਟਰੰਪ ਦਾ ਵੱਡਾ ਸੰਕੇਤ - ਉਸ ਕਾਨੂੰਨ ਦੀ ਖੋਜ ਕੀਤੀ ਜੋ ਉਸਨੂੰ ਤੀਜੀ ਵਾਰ ਰਾਸ਼ਟਰਪਤੀ ਬਣਨ ਤੋਂ ਰੋਕਦਾ ਹੈ - ਕੀ ਉਹ ਅਮਰੀਕਾ ਦੇ ਸੰਵਿਧਾਨ ਨੂੰ ਬਦਲ ਦੇਣਗੇ?

## ਦੁਨੀਆਂ ਦੇ ਹਰ ਦੇਸ਼ ਦੇ ਕਾਨੂੰਨਾਂ ਅਤੇ ਸੰਵਿਧਾਨਾਂ ਵਿਚ ਕੁਝ ਖਾਸ ਕਮੀਆਂ ਦਾ ਫਾਇਦਾ ਉਠਾਉਣ ਦਾ ਰੁਝਾਨ ਵਧਿਆ ਹੈ।

### ਵਿਸ਼ਵ ਪੱਧਰ 'ਤੇ, ਸਰਕਾਰਾਂ ਵੱਲੋਂ ਆਰਡੀਨੈਂਸਾਂ, ਸੰਵਿਧਾਨਕ ਸੋਧਾਂ, ਗਜ਼ਟ ਵਿਚ ਨੋਟੀਫਿਕੇਸ਼ਨ ਆਦਿ ਰਾਹੀਂ ਆਪਣੇ ਹਿੱਤਾਂ ਦੀ ਪੂਰਤੀ ਲਈ ਵਿਸ਼ੇਸ਼ ਅਧਿਕਾਰਾਂ ਅਤੇ ਬੈਸਾਖੀ ਦੀ ਵਰਤੋਂ ਕਰਨ ਦਾ ਰੁਝਾਨ ਵਧਿਆ ਹੈ : ਐਡਵੋਕੇਟ ਕਿਸ਼ਨ ਸਨਮੁਖਦਾਸ ਭਵਾਨੀ, ਗੋਂਡੀਆ, ਮਹਾਰਾਸ਼ਟਰ

ਅਸੀਂ ਭਾਰਤੀ ਆਪਣੇ ਬਜ਼ੁਰਗਾਂ ਤੋਂ ਪੀੜ੍ਹੀਆਂ ਤੋਂ ਸੁਣਦੇ ਆ ਰਹੇ ਹਾਂ ਕਿ ਇੱਕ ਸਮਾਂ ਸੀ, ਜਦੋਂ ਧਰਤੀ 'ਤੇ ਸਤਿਯੁੱਗ ਦਾ ਦੌਰ ਸੀ, ਜਦੋਂ ਇਮਾਨਦਾਰੀ, ਨਿਰਸਵਾਰਥਤਾ, ਆਪਣਾਪਣ, ਜ਼ਿੰਮੇਵਾਰੀ, ਸਾਰੇ ਗੁਣ ਭਰਪੂਰ ਮਾਤਰਾ ਵਿਚ ਮੌਜੂਦ ਸਨ ਅਤੇ ਭ੍ਰਿਸ਼ਟਾਚਾਰ ਦਾ ਕੋਈ ਨਾਮ-ਨਿਸ਼ਾਨ ਨਹੀਂ ਸੀ, ਇੱਕੋ-ਇੱਕ ਉਦੇਸ਼ ਦੂਜਿਆਂ ਲਈ ਜੀਣਾ ਸੀ, ਪਰ ਅੱਜ ਭਿਆਨਕ ਕਲਯੁੱਗ ਆ ਗਿਆ ਹੈ ਅਤੇ ਉਪਰੋਕਤ ਸਾਰੇ ਗੁਣ ਅਲੋਪ ਹੋ ਗਏ ਹਨ। ਭਾਵੇਂ ਇਹ ਵੱਧ ਤੋਂ ਵੱਧ ਪੱਧਰ 'ਤੇ ਹੋਵੇ, ਇਹ ਗੁਣ ਵਿਸ਼ਵ ਪੱਧਰ 'ਤੇ ਖਤਮ ਹੋ ਗਏ ਹਨ। ਅੱਜ ਅਸੀਂ ਦੇਖਦੇ ਹਾਂ ਕਿ ਭਾਵੇਂ ਇਹ ਨਿੱਜੀ ਹੋਵੇ ਜਾਂ ਪ੍ਰਸ਼ਾਸਕੀ ਪੱਧਰ 'ਤੇ ਸਭ ਕੁਝ ਨਿੱਜੀ ਲਾਭ ਲਈ ਸੋਚਿਆ ਅਤੇ ਕੀਤਾ ਜਾ ਰਿਹਾ ਹੈ। ਵਿਸ਼ਵਾਸ, ਰੀਤੀ-ਰਿਵਾਜ਼ ਅਤੇ ਨਿਯਮ ਨਿੱਜੀ ਜਾਂ ਪਰਿਵਾਰਕ ਲਾਭਾਂ ਲਈ ਬਦਲੇ ਜਾਂਦੇ ਹਨ। ਸਰਕਾਰ ਅਤੇ ਪ੍ਰਸ਼ਾਸਨ ਦੇ ਪੱਧਰ 'ਤੇ ਵੀ, ਆਦੇਸ਼ ਅਤੇ ਆਰਡੀਨੈਂਸ ਨਿੱਜੀ ਲਾਭ ਲਈ ਜਾਰੀ ਕੀਤੇ ਜਾਂਦੇ ਹਨ। ਸੰਵਿਧਾਨ ਵਿੱਚ ਸੋਧ ਕੀਤੀ ਜਾਂਦੀ ਹੈ। ਸੁਪਰੀਮ ਕੋਰਟ ਦੇ ਫੈਸਲੇ ਆਰਡੀਨੈਂਸਾਂ ਰਾਹੀਂ ਉਲਟਾਏ ਜਾਂਦੇ ਹਨ। ਕਾਨੂੰਨ, ਨਿਯਮ ਅਤੇ ਵਿਨਿਯਮ ਸੋਧੇ ਜਾਂਦੇ ਹਨ। ਭਾਵੇਂ ਇਸ ਨਾਲ ਜਨਤਾ ਨੂੰ ਫਾਇਦਾ ਹੋ ਸਕਦਾ ਹੈ, ਪਰ ਪਰਦੇ ਪਿੱਛੇ ਮਕਸਦ ਕੁਝ ਹੋਰ ਹੈ। ਅਸੀਂ ਵਿਸ਼ਵ ਪੱਧਰ 'ਤੇ ਇਨ੍ਹਾਂ ਆਰਡੀਨੈਂਸਾਂ ਅਤੇ ਸੰਵਿਧਾਨਕ ਸੋਧਾਂ ਦੀਆਂ ਬਹੁਤ ਸਾਰੀਆਂ ਉਦਾਹਰਣਾਂ ਦੇਖ ਸਕਦੇ ਹਾਂ; ਇਜ਼ਰਾਈਲ, ਪਾਕਿਸਤਾਨ ਆਦਿ ਦੇਸ਼ਾਂ ਵਿਚ ਨਿਆਂਇਕ ਸੋਧਾਂ, ਭਾਰਤ ਵਿਚ ਦਿੱਲੀ ਕਾਨੂੰਨ ਆਰਡੀਨੈਂਸ, ਜਿਸਨੇ ਸੁਪਰੀਮ ਕੋਰਟ ਦੇ ਫੈਸਲੇ ਨੂੰ ਉਲਟਾ ਦਿੱਤਾ। ਅੱਜ ਅਸੀਂ ਇਸ ਬਾਰੇ ਚਰਚਾ ਕਰ ਰਹੇ ਹਾਂ ਕਿਉਂਕਿ 30 ਮਾਰਚ 2025 ਨੂੰ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਇੰਟਰਵਿਊ ਵਿਚ ਸੰਕੇਤ ਦਿੱਤਾ ਸੀ ਕਿ ਉਹ ਆਪਣੇ ਤੀਜੇ ਕਾਰਜਕਾਲ ਦੀ ਯੋਜਨਾ ਬਣਾ ਰਹੇ ਹਨ, ਜਿਸ ਲਈ ਅਮਰੀਕੀ ਸੰਵਿਧਾਨ ਵਿਚ ਸੋਧ ਕੀਤੀ ਜਾ ਸਕਦੀ ਹੈ। ਤੁਹਾਨੂੰ ਦੱਸ ਦੇਈਏ ਕਿ ਅਮਰੀਕਾ ਵਿਚ ਇੱਕ ਕਾਨੂੰਨ ਹੈ ਕਿ ਕੋਈ ਵੀ ਵਿਅਕਤੀ ਦੋ ਵਾਰ ਤੋਂ ਵੱਧ ਰਾਸ਼ਟਰਪਤੀ ਨਹੀਂ ਬਣ ਸਕਦਾ, ਭਾਵੇਂ ਇਹ ਲਗਾਤਾਰ ਹੋਵੇ ਜਾਂ ਵੱਖ-ਵੱਖ ਸਮੇਂ ਵਿਚ, ਇਸ ਨਿਯਮ ਨੂੰ ਸੰਵਿਧਾਨਕ ਸੋਧ ਦੁਆਰਾ ਬਦਲਿਆ ਜਾ ਸਕਦਾ ਹੈ। ਕਿਉਂਕਿ ਦੁਨੀਆਂ ਦੇ ਹਰ ਦੇਸ਼ ਵਿਚ ਕਾਨੂੰਨਾਂ ਅਤੇ ਸੰਵਿਧਾਨਾਂ ਵਿਚ ਕੁਝ ਕਮੀਆਂ ਦਾ ਫਾਇਦਾ ਉਠਾਉਣ ਦਾ ਇੱਕ ਵੱਡਾ ਰੁਝਾਨ ਹੈ, ਇਸ ਲਈ ਅੱਜ ਅਸੀਂ ਮੀਡੀਆ ਵਿਚ ਉਪਲਬਧ ਜਾਣਕਾਰੀ ਦੀ ਮਦਦ ਨਾਲ ਲੇਖ ਰਾਹੀਂ ਚਰਚਾ ਕਰਾਂਗੇ, ਡੋਨਾਲਡ ਟਰੰਪ ਦੇ ਵੱਡੇ ਸੰਕੇਤ, ਉਸਨੂੰ ਤੀਜੀ ਵਾਰ ਰਾਸ਼ਟਰਪਤੀ ਬਣਨ ਤੋਂ ਰੋਕਣ ਵਾਲੇ ਕਾਨੂੰਨ ਦੀ ਖੋਜ, ਕੀ ਉਹ ਅਮਰੀਕਾ ਦੇ ਸੰਵਿਧਾਨ ਨੂੰ ਬਦਲ ਦੇਣਗੇ?

ਦੋਸਤੋ, ਜੇਕਰ ਅਸੀਂ ਟਰੰਪ ਦੇ ਆਪਣੇ ਤੀਜੇ ਕਾਰਜਕਾਲ ਲਈ ਅਮਰੀਕੀ ਸੰਵਿਧਾਨ ਨੂੰ ਬਦਲਣ ਦੇ ਬਿਆਨ ਦੀ ਗੱਲ ਕਰੀਏ, ਤਾਂ ਐੱਨ.ਬੀ.ਸੀ. ਨਿਊਜ਼ ਚੈਨਲ ਨੂੰ ਦਿੱਤੇ ਇੱਕ ਇੰਟਰਵਿਊ ਵਿਚ, ਉਨ੍ਹਾਂ ਨੇ ਕਿਹਾ ਕਿ ਉਹ ਰਾਸ਼ਟਰਪਤੀ ਵਜੋਂ ਤੀਜੇ ਕਾਰਜਕਾਲ 'ਤੇ ਵਿਚਾਰ ਕਰ ਰਹੇ ਹਨ ਅਤੇ ਇਸ ਲਈ ਸੰਵਿਧਾਨ ਨੂੰ ਬਦਲਣ ਬਾਰੇ ਸੋਚ ਰਹੇ ਹਨ। ਉਨ੍ਹਾਂ ਕਿਹਾ ਕਿ ਸੰਵਿਧਾਨ ਵਿਚ ਤੀਜੀ ਵਾਰ ਰਾਸ਼ਟਰਪਤੀ ਬਣਨ ਦੇ ਤਰੀਕੇ ਹਨ ਅਤੇ ਉਹ ਇਸ ਪ੍ਰਤੀ ਗੰਭੀਰ ਹਨ। ਇਸ ਦੌਰਾਨ ਟਰੰਪ ਤੋਂ ਪੁੱਛਿਆ ਗਿਆ ਕਿ ਉਹ ਤਰੀਕੇ ਕੀ ਹਨ? ਇਸ 'ਤੇ, ਟਰੰਪ ਨੇ ਕਿਹਾ ਕਿ ਕਈ ਤਰੀਕੇ ਹਨ, ਜਿਨ੍ਹਾਂ ਨਾਲ ਤੁਸੀਂ ਇਹ



ਕਰ ਸਕਦੇ ਹੋ, ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਕੀ ਜੇਡੀ ਵੈਂਸ ਰਾਸ਼ਟਰਪਤੀ ਚੋਣ ਲੜਨਗੇ ਅਤੇ ਚੋਣ ਜਿੱਤਣ ਤੋਂ ਬਾਅਦ, ਕੀ ਉਹ ਰਾਸ਼ਟਰਪਤੀ ਦੀ ਕੁਰਸੀ ਟਰੰਪ ਨੂੰ ਸੌਂਪ ਦੇਣਗੇ? ਟਰੰਪ ਨੇ ਜਲਦੀ ਹੀ ਕਿਹਾ ਕਿ ਇਹ ਵੀ ਇੱਕ ਪ੍ਰਭਾਵਸ਼ਾਲੀ ਤਰੀਕਾ ਹੈ ਪਰ ਇਸ ਤੋਂ ਇਲਾਵਾ ਹੋਰ ਵੀ ਕਈ ਤਰੀਕੇ ਹਨ। ਇੰਟਰਵਿਊ ਵਿਚ, ਜਦੋਂ ਅਮਰੀਕੀ ਰਾਸ਼ਟਰਪਤੀ ਤੋਂ ਉਨ੍ਹਾਂ ਦੇ ਤੀਜੇ ਕਾਰਜਕਾਲ ਸੰਬੰਧੀ ਉਨ੍ਹਾਂ ਦੇ ਪਿਛਲੇ ਇਸ਼ਾਰਿਆਂ ਬਾਰੇ ਪੁੱਛਿਆ ਗਿਆ, ਤਾਂ ਉਨ੍ਹਾਂ ਨੇ ਜਵਾਬ ਦਿੱਤਾ ਕਿ ਉਹ ਮਜ਼ਾਕ ਨਹੀਂ ਕਰ ਰਹੇ ਸਨ। ਕੁਝ ਤਰੀਕੇ ਵੀ ਹਨ, ਜਿਨ੍ਹਾਂ ਨਾਲ ਇਹ ਕੀਤਾ ਜਾ ਸਕਦਾ ਹੈ। ਡੋਨਾਲਡ ਟਰੰਪ ਨੇ ਕਿਹਾ, ਬਹੁਤ ਸਾਰੇ ਲੋਕ ਚਾਹੁੰਦੇ ਹਨ ਕਿ ਮੈਂ ਇਹ ਕਰਾਂ ਪਰ ਮੇਰਾ ਮਤਲਬ ਹੈ, ਮੈਂ ਅਸਲ ਵਿਚ ਉਨ੍ਹਾਂ ਨੂੰ ਦੱਸਦਾ ਹਾਂ ਕਿ ਸਾਨੂੰ ਅਜੇ ਬਹੁਤ ਲੰਮਾ ਸਫ਼ਰ ਤੈਅ ਕਰਨਾ ਹੈ, ਤੁਸੀਂ ਜਾਣਦੇ ਹੋ, ਇਹ ਪ੍ਰਸ਼ਾਸਨ ਵਿਚ ਬਹੁਤ ਜਲਦੀ ਹੈ। ਤੁਹਾਨੂੰ ਦੱਸ ਦੇਈਏ ਕਿ ਜੇਕਰ ਟਰੰਪ ਤੀਜੀ ਵਾਰ ਰਾਸ਼ਟਰਪਤੀ ਬਣਨ ਦੀ ਕੋਸ਼ਿਸ਼ ਕਰਦੇ ਹਨ, ਤਾਂ ਇਸਦੇ ਲਈ ਉਨ੍ਹਾਂ ਨੂੰ ਸੰਵਿਧਾਨ ਵਿਚ ਸੋਧ ਕਰਨੀ ਪਵੇਗੀ, ਅਜਿਹਾ ਕਰਨ ਲਈ ਉਨ੍ਹਾਂ ਨੂੰ ਅਮਰੀਕੀ ਸੰਸਦ ਅਤੇ ਰਾਜਾਂ ਦੇ ਸਮਰਥਨ ਦੀ ਲੋੜ ਹੋਵੇਗੀ। ਇਸ ਦੇ ਲਈ ਟਰੰਪ ਨੂੰ ਅਮਰੀਕੀ ਸੈਨੇਟ ਅਤੇ ਪ੍ਰਤੀਨਿਧੀ ਸਭਾ ਵਿਚ ਦੋ-ਤਿਹਾਈ ਬਹੁਮਤ ਨਾਲ ਬਿੱਲ ਪਾਸ ਕਰਨਾ ਪਵੇਗਾ। ਟਰੰਪ ਦਾ ਮੌਜੂਦਾ ਕਾਰਜਕਾਲ 2029 ਵਿਚ ਖਤਮ ਹੋਵੇਗਾ। ਅਮਰੀਕਾ ਵਿਚ ਦੋ ਵਾਰ ਰਾਸ਼ਟਰਪਤੀ ਬਣਨ ਦੀ ਵਿਵਸਥਾ ਹੈ। ਉਹ ਨਵੰਬਰ 2024 ਵਿਚ ਦੂਜੀ ਵਾਰ ਦੇਸ਼ ਦੇ ਰਾਸ਼ਟਰਪਤੀ ਚੁਣੇ ਗਏ ਸਨ। ਟਰੰਪ ਨੇ ਕਈ ਮੌਕਿਆਂ 'ਤੇ ਤੀਜੇ ਕਾਰਜਕਾਲ ਲਈ ਚੋਣ ਲੜਨ ਬਾਰੇ ਗੱਲ ਕੀਤੀ ਹੈ, ਨਵੰਬਰ ਵਿਚ ਚੋਣ ਜਿੱਤਣ ਤੋਂ ਬਾਅਦ ਅਤੇ ਜਨਵਰੀ ਵਿਚ ਅਹੁਦੇ ਦੀ ਸਹੁੰ ਚੁੱਕਣ ਤੋਂ ਪਹਿਲਾਂ। ਇਸ ਦੌਰਾਨ, ਜਨਵਰੀ ਵਿਚ ਹੀ, ਟਰੰਪ ਦੀ ਰਿਪਬਲਿਕਨ ਪਾਰਟੀ ਦੇ ਇੱਕ ਸੰਸਦ ਮੈਂਬਰ ਨੇ ਵੀ ਸੰਸਦ ਵਿਚ ਇੱਕ ਬਿੱਲ ਪੇਸ਼ ਕੀਤਾ ਸੀ। ਇਹ ਬਿੱਲ ਸੰਸਦ ਦੇ ਹੇਠਲੇ ਸਦਨ, ਪ੍ਰਤੀਨਿਧੀ ਸਭਾ ਵਿਚ ਪੇਸ਼ ਕੀਤਾ ਗਿਆ ਸੀ, ਤਾਂ ਜੋ ਟਰੰਪ ਨੂੰ ਤੀਜੀ ਵਾਰ ਰਾਸ਼ਟਰਪਤੀ ਬਣਨ ਦੀ ਆਗਿਆ ਦਿੱਤੀ ਜਾ ਸਕੇ। ਇਸ ਬਿੱਲ ਵਿਚ ਕਿਹਾ ਗਿਆ ਸੀ ਕਿ ਜੇਕਰ ਕੋਈ ਵਿਅਕਤੀ ਲਗਾਤਾਰ ਦੋ ਵਾਰ ਰਾਸ਼ਟਰਪਤੀ ਰਿਹਾ ਹੈ, ਤਾਂ ਉਹ ਤੀਜੀ ਵਾਰ ਰਾਸ਼ਟਰਪਤੀ ਦੇ ਅਹੁਦੇ ਲਈ ਨਹੀਂ ਚੁਣਿਆ ਜਾ ਸਕਦਾ, ਪਰ ਟਰੰਪ 2020 ਦੀ ਚੋਣ ਬਾਇਡਨ ਤੋਂ ਹਾਰ ਗਏ ਸਨ, ਇਸ ਲਈ ਉਹ ਤੀਜੀ ਵਾਰ ਵੀ ਰਾਸ਼ਟਰਪਤੀ ਚੁਣੇ ਜਾਣ ਦੇ ਯੋਗ ਹਨ। ਇਹ ਹੁਣ ਤੱਕ ਦਾ ਸਭ ਤੋਂ ਸਪੱਸ਼ਟ ਸੰਕੇਤ ਹੈ ਕਿ ਟਰੰਪ ਸੰਵਿਧਾਨਕ ਰੁਕਾਵਟਾਂ ਨੂੰ ਦੂਰ ਕਰਨ ਦੇ ਤਰੀਕੇ ਲੱਭਣ ਦੇ ਯੋਗ ਹੋ ਸਕਦੇ ਹਨ। 1951 ਵਿਚ ਸ਼ਾਮਲ ਕੀਤੇ ਗਏ ਸੰਵਿਧਾਨ ਦੇ 22ਵੇਂ ਸੋਧ ਦੇ ਤਹਿਤ, ਕੋਈ ਵੀ ਵਿਅਕਤੀ ਸੰਯੁਕਤ ਰਾਜ ਅਮਰੀਕਾ ਵਿਚ ਦੋ ਵਾਰ ਤੋਂ ਵੱਧ ਰਾਸ਼ਟਰਪਤੀ ਨਹੀਂ ਚੁਣਿਆ ਜਾ ਸਕਦਾ। ਅਜਿਹੀ ਸਥਿਤੀ ਵਿਚ, ਟਰੰਪ ਦੇ ਇਸ ਬਿਆਨ ਨੂੰ ਕਾਨੂੰਨੀ ਤੌਰ 'ਤੇ ਸ਼ੱਕੀ ਮੰਨਿਆ ਜਾ ਰਿਹਾ ਹੈ ਅਤੇ ਮਾਹਰਾਂ ਅਨੁਸਾਰ, ਇਸਨੂੰ ਲਾਗੂ ਕਰਨਾ ਲਗਭਗ ਅਸੰਭਵ ਹੋਵੇਗਾ।

ਦੋਸਤੋ, ਜੇਕਰ ਅਸੀਂ ਰਾਸ਼ਟਰਪਤੀ ਬਣਨ ਲਈ ਅਮਰੀਕੀ ਸੰਵਿਧਾਨ ਦੇ ਨਿਯਮਾਂ ਦੀ ਗੱਲ ਕਰੀਏ, ਤਾਂ ਇੱਕ ਵਿਅਕਤੀ ਸਿਰਫ਼ ਦੋ ਵਾਰ ਹੀ ਰਾਸ਼ਟਰਪਤੀ ਬਣ ਸਕਦਾ ਹੈ। ਅਮਰੀਕੀ ਸੰਵਿਧਾਨ ਦੇ 22ਵੇਂ ਸੋਧ ਦੇ ਅਨੁਸਾਰ, ਅਮਰੀਕੀ ਰਾਸ਼ਟਰਪਤੀ ਦਾ ਕਾਰਜਕਾਲ ਸਿਰਫ ਦੋ ਵਾਰ ਤੱਕ ਸੀਮਤ ਹੈ ਅਤੇ ਇਹ ਚਾਰ ਸਾਲਾਂ ਲਈ ਹੈ, ਭਾਵੇਂ ਇਹ ਲਗਾਤਾਰ ਹੋਵੇ ਜਾਂ ਨਾ। ਸੰਵਿਧਾਨਕ ਸੋਧ ਨੂੰ ਉਲਟਾਉਣ ਦੇ ਪ੍ਰਸਤਾਵ ਲਈ ਕਾਂਗਰਸ ਦੇ ਹਰੇਕ ਸਦਨ ਵਿਚ ਦੋ-ਤਿਹਾਈ ਵੋਟ ਅਤੇ 50 ਅਮਰੀਕੀ ਰਾਜਾਂ ਵਿਚੋਂ ਤਿੰਨ-ਚੌਥਾਈ ਵਿਧਾਨ ਸਭਾਵਾਂ ਦੇ ਸਮਰਥਨ ਦੀ ਲੋੜ ਹੁੰਦੀ ਹੈ। 22ਵੀਂ ਸੋਧ ਪਾਸ ਹੋਣ ਤੋਂ ਬਾਅਦ ਕਿਸੇ ਵੀ ਅਮਰੀਕੀ ਰਾਸ਼ਟਰਪਤੀ ਨੇ ਤੀਜਾ ਕਾਰਜਕਾਲ ਨਹੀਂ ਮੰਗਿਆ। ਇਹ ਪ੍ਰੰਪਰਾ ਪਹਿਲਾਂ ਮੌਜੂਦ ਨਹੀਂ ਸੀ। ਦੋ ਵਾਰ ਰਾਸ਼ਟਰਪਤੀ ਰਹਿਣ ਦੀ ਪ੍ਰੰਪਰਾ 1796 ਤੋਂ ਸ਼ੁਰੂ ਹੋਈ ਹੈ, ਜਦੋਂ ਜਾਰਜ ਵਾਸ਼ਿੰਗਟਨ ਨੇ ਦੋ ਵਾਰ ਸੇਵਾ ਕਰਨ ਤੋਂ ਬਾਅਦ ਸਵੈ-ਇੱਛਾ ਨਾਲ ਅਸਤੀਫਾ ਦੇ ਦਿੱਤਾ ਸੀ। ਇਸ ਤੋਂ ਬਾਅਦ ਇੱਕ ਨਵੀਂ ਮਿਸਾਲ ਕਾਇਮ ਹੋਈ। ਇਸਦਾ ਪਾਲਣ 140 ਸਾਲਾਂ ਤੋਂ ਵੱਧ ਸਮੇਂ ਤੱਕ ਕੀਤਾ ਗਿਆ। ਨੌਰਥਈਸਟਰਨ ਯੂਨੀਵਰਸਿਟੀ ਦੇ ਇੱਕ ਸੰਵਿਧਾਨਕ ਕਾਨੂੰਨ ਮਾਹਰ ਦਾ ਕਹਿਣਾ ਹੈ ਕਿ ਟਰੰਪ ਦੇ ਤੀਜੀ ਵਾਰ ਰਾਸ਼ਟਰਪਤੀ ਬਣਨ ਦਾ ਕੋਈ ਕਾਨੂੰਨੀ ਆਧਾਰ ਨਹੀਂ ਹੈ, ਜਦੋਂ ਕਿ ਯੂਨੀਵਰਸਿਟੀ ਦੇ ਚੋਣ ਕਾਨੂੰਨ ਦੇ ਪ੍ਰੋਫੈਸਰ ਮੂਲਰ ਨੇ ਕਿਹਾ ਕਿ 12ਵੇਂ ਸੋਧ ਦੇ ਤਹਿਤ, ਜੇਕਰ ਕੋਈ ਵਿਅਕਤੀ ਰਾਸ਼ਟਰਪਤੀ ਬਣਨ ਦੇ ਅਯੋਗ ਹੈ, ਤਾਂ ਉਹ ਉਪ ਰਾਸ਼ਟਰਪਤੀ ਵੀ ਨਹੀਂ ਬਣ ਸਕਦਾ। ਮੂਲਰ ਨੇ ਇਹ ਵੀ ਕਿਹਾ ਕਿ ਰਾਸ਼ਟਰਪਤੀ ਦੇ ਕਾਰਜਕਾਲ ਦੀਆਂ ਸੀਮਾਵਾਂ ਨੂੰ ਪਾਰ ਕਰਨ ਦਾ ਕੋਈ ਜਾਦੂਈ ਤਰੀਕਾ ਨਹੀਂ ਹੈ। ਟਰੰਪ ਨੇ ਦਾਅਵਾ ਕੀਤਾ ਕਿ ਉਹ ਅਮਰੀਕਾ ਵਿਚ ਹੁਣ ਤੱਕ ਦੇ ਸਭ ਤੋਂ ਮਸ਼ਹੂਰ ਰਿਪਬਲਿਕਨ ਨੇਤਾ ਹਨ। ਹਾਲਾਂਕਿ, ਗੈਲਪ ਪੋਲ ਦੇ ਅੰਕੜਿਆਂ ਅਨੁਸਾਰ, ਜਾਰਜ ਡਬਲਯੂ. ਬੁਸ਼ 9/11 ਤੋਂ ਬਾਅਦ ਸਭ ਤੋਂ ਮਸ਼ਹੂਰ ਰਿਪਬਲਿਕਨ ਨੇਤਾ ਸਨ। ਬੁਸ਼ ਦੀ ਪ੍ਰਸਿੱਧੀ 90 ਪ੍ਰਤੀਸ਼ਤ ਤੱਕ ਪਹੁੰਚ ਗਈ ਸੀ, ਜੋ ਟਰੰਪ ਦੇ ਦਾਅਵੇ ਨੂੰ ਗਲਤ ਸਾਬਤ ਕਰਦੀ ਹੈ। ਹਾਲਾਂਕਿ ਟਰੰਪ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਇਸ 'ਤੇ ਵਿਚਾਰ ਕਰਨਾ ਅਜੇ ਜਲਦੀ ਹੋਵੇਗਾ, ਪਰ ਉਨ੍ਹਾਂ ਦੇ ਬਿਆਨ ਨੇ ਰਾਜਨੀਤਿਕ ਅਤੇ ਕਾਨੂੰਨੀ ਹਲਕਿਆਂ ਵਿਚ ਹਲਚਲ ਮਚਾ ਦਿੱਤੀ ਹੈ। ਤੁਹਾਨੂੰ ਦੱਸ ਦੇਈਏ ਕਿ ਟਰੰਪ ਆਪਣੇ ਦੂਜੇ ਕਾਰਜਕਾਲ ਦੇ ਅੰਤ 'ਤੇ 82 ਸਾਲ ਦੇ ਹੋਣਗੇ। ਅਜਿਹੀ ਸਥਿਤੀ ਵਿਚ, ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਉਹ ਉਸ ਸਮੇਂ ਦੀ ਸਭ ਤੋਂ ਔਖੀ ਨੌਕਰੀ ਵਿਚ ਦੇਸ਼ ਦੀ ਸੇਵਾ ਕਰਦੇ ਰਹਿਣਾ ਚਾਹੁਣਗੇ, ਤਾਂ ਉਨ੍ਹਾਂ ਕਿਹਾ, ਖੈਰ, ਮੈਨੂੰ ਕੰਮ ਕਰਨਾ ਪਸੰਦ ਹੈ।

ਦੋਸਤੋ, ਜੇਕਰ ਅਸੀਂ ਉਤਰਾਧਿਕਾਰ ਦੇ ਦ੍ਰਿਸ਼ਟੀਕੋਣ ਤੋਂ ਤੀਜੀ ਵਾਰ ਰਾਸ਼ਟਰਪਤੀ ਬਣਨ ਦੀ ਨੀਤੀ ਦੀ ਗੱਲ ਕਰੀਏ, ਤਾਂ ਟਰੰਪ ਦੇ ਤੀਜੀ ਵਾਰ ਰਾਸ਼ਟਰਪਤੀ ਬਣਨ ਦਾ ਮੁੱਦਾ ਇਸ ਲਈ ਉੱਠਿਆ ਹੈ ਕਿਉਂਕਿ ਅਮਰੀਕੀ ਸੰਵਿਧਾਨ ਵਿਚ ਇੱਕ ਖਾਮੀ ਹੈ, ਜਿਸ ਕਾਰਨ ਇਹ ਸੰਭਵ ਹੋ ਸਕਦਾ ਹੈ। ਦਰਅਸਲ, 22ਵੇਂ ਸੋਧ ਦੇ ਅਨੁਸਾਰ, ਅਮਰੀਕਾ ਦਾ ਰਾਸ਼ਟਰਪਤੀ ਦੋ ਵਾਰ ਤੋਂ ਵੱਧ ਨਹੀਂ ਚੁਣਿਆ ਜਾ ਸਕਦਾ, ਪਰ ਉਹ ਉਤਰਾਧਿਕਾਰ ਦੀ ਪ੍ਰਕਿਰਿਆ ਰਾਹੀਂ ਇਹ ਭੂਮਿਕਾ ਦੁਬਾਰਾ ਨਿਭਾ ਸਕਦਾ ਹੈ। ਉਤਰਾਧਿਕਾਰ ਦੀ ਪ੍ਰਕਿਰਿਆ ਕਿਵੇਂ ਕੰਮ ਕਰਦੀ ਹੈ, ਇਹ ਇੱਕ ਪ੍ਰਕਿਰਿਆ ਰਾਹੀਂ ਸਮਝਿਆ ਜਾ ਸਕਦਾ ਹੈ। ਦਰਅਸਲ, ਅਮਰੀਕੀ ਸੰਵਿਧਾਨ ਦੇ 22ਵੇਂ ਸੋਧ ਦੇ ਅਨੁਸਾਰ, ਇੱਕ ਰਾਸ਼ਟਰਪਤੀ ਜੋ ਦੋ ਵਾਰ ਚੁਣਿਆ ਗਿਆ ਹੈ, ਉਹ ਤੀਜੇ ਉੱਤਰਾਧਿਕਾਰੀ ਵਜੋਂ ਇਹ ਜ਼ਿੰਮੇਵਾਰੀ ਨਿਭਾ ਸਕਦਾ ਹੈ। ਜੇਕਰ ਟਰੰਪ ਦੂਜੇ

ਐਡਵੋਕੇਟ ਕਿਸ਼ਨ ਸਨਮੁਖਦਾਸ ਭਵਨਾਨੀਨ
ਗੋਂਡੀਆ, ਮਹਾਰਾਸ਼ਟਰ
92841-41425
ਪੰਜਾਬ ਮੇਲ USA



ਕਾਰਜਕਾਲ ਦੀ ਸਮਾਪਤੀ ਤੋਂ ਬਾਅਦ ਉਪ ਰਾਸ਼ਟਰਪਤੀ ਦੀ ਚੋਣ ਲੜਦੇ ਹਨ ਅਤੇ ਉਨ੍ਹਾਂ ਦਾ ਸਾਥੀ ਜਿੱਤਣ ਤੋਂ ਬਾਅਦ ਰਾਸ਼ਟਰਪਤੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੰਦਾ ਹੈ, ਤਾਂ ਉਹ ਉੱਤਰਾਧਿਕਾਰੀ ਵਜੋਂ ਤੀਜੀ ਵਾਰ ਰਾਸ਼ਟਰਪਤੀ ਦੀ ਭੂਮਿਕਾ ਨਿਭਾ ਸਕਦੇ ਹਨ। ਡੇਲੀ ਮੇਲ ਦੀ ਰਿਪੋਰਟ ਅਨੁਸਾਰ, ਜੇਕਰ ਰਾਸ਼ਟਰਪਤੀ ਟਰੰਪ ਇਸ ਰਣਨੀਤੀ 'ਤੇ ਚੱਲਦੇ ਹਨ, ਤਾਂ ਉਹ 2029 ਤੋਂ ਬਾਅਦ ਅਤੇ ਸੰਭਵ ਤੌਰ 'ਤੇ 2037 ਤੱਕ ਵ੍ਹਾਈਟ ਹਾਊਸ ਵਿਚ ਕੰਮ ਕਰਨਾ ਜਾਰੀ ਰੱਖ ਸਕਦੇ ਹਨ। ਟਰੰਪ ਦੀ ਤੀਜੀ ਵਾਰ ਰਾਸ਼ਟਰਪਤੀ ਬਣਨ ਦੀ ਮੁੱਖ ਰਣਨੀਤੀ ਇਹ ਹੋ ਸਕਦੀ ਹੈ ਕਿ ਟਰੰਪ ਆਪਣੇ ਭਰੋਸੇਮੰਦ ਸਾਥੀ ਜੇਡੀ ਵੈਂਸ ਵਰਗੇ ਕਿਸੇ ਵਿਅਕਤੀ ਨੂੰ 2028 ਵਿਚ ਰਾਸ਼ਟਰਪਤੀ ਚੋਣ ਲੜਾਵੇ ਅਤੇ ਜੇਕਰ ਵੈਂਸ ਚੋਣ ਜਿੱਤਣ ਤੋਂ ਬਾਅਦ ਅਸਤੀਫਾ ਦੇ ਦਿੰਦਾ ਹੈ, ਤਾਂ ਟਰੰਪ ਅਗਲੇ ਕਾਰਜਕਾਲ ਲਈ ਰਾਸ਼ਟਰਪਤੀ ਰਹਿ ਸਕਦੇ ਹਨ। ਇਹ ਇੱਕ ਅਜਿਹੀ ਰਣਨੀਤੀ ਹੈ, ਜੋ ਦੋ ਵਾਰ ਤੋਂ ਵੱਧ ਰਾਸ਼ਟਰਪਤੀ ਚੁਣੇ ਜਾਣ 'ਤੇ ਸੰਵਿਧਾਨਕ ਪਾਬੰਦੀ ਦੀ ਉਲੰਘਣਾ ਨਹੀਂ ਕਰੇਗੀ। ਟਰੰਪ 2032 ਵਿਚ ਇਸ ਪ੍ਰਕਿਰਿਆ ਨੂੰ ਦੁਹਰਾ ਸਕਦੇ ਹਨ, ਅਤੇ ਜੇਕਰ ਉਹ ਚੋਣਾਂ ਤੋਂ ਪਹਿਲਾਂ ਅਸਤੀਫਾ ਦੇ ਦਿੰਦੇ ਹਨ, ਤਾਂ ਉਹ ਉਪ ਰਾਸ਼ਟਰਪਤੀ ਵਜੋਂ ਦੁਬਾਰਾ ਚੋਣ ਲੜ ਸਕਦੇ ਹਨ ਅਤੇ ਉਤਰਾਧਿਕਾਰ ਦੀ ਉਸੇ ਪ੍ਰਕਿਰਿਆ ਦੀ ਵਰਤੋਂ ਕਰਕੇ ਆਪਣਾ ਰਾਸ਼ਟਰਪਤੀ ਅਹੁਦਾ ਮੁੜ ਪ੍ਰਾਪਤ ਕਰ ਸਕਦੇ ਹਨ।

ਇਸ ਲਈ, ਜੇਕਰ ਅਸੀਂ ਉਪਰੋਕਤ ਵੇਰਵਿਆਂ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਸਾਨੂੰ ਪਤਾ ਲੱਗੇਗਾ ਕਿ ਡੋਨਾਲਡ ਟਰੰਪ ਦਾ ਵੱਡਾ ਸੰਕੇਤ - ਉਸ ਕਾਨੂੰਨ ਦੀ ਖੋਜ ਕੀਤੀ, ਜੋ ਉਸਨੂੰ ਤੀਜੀ ਵਾਰ ਰਾਸ਼ਟਰਪਤੀ ਬਣਨ ਤੋਂ ਰੋਕਦਾ ਹੈ, ਕੀ ਉਹ ਅਮਰੀਕਾ ਦੇ ਸੰਵਿਧਾਨ ਨੂੰ ਬਦਲਣਗੇ? ਦੁਨੀਆਂ ਦੇ ਹਰ ਦੇਸ਼ ਦੇ ਕਾਨੂੰਨਾਂ ਅਤੇ ਸੰਵਿਧਾਨਾਂ ਵਿਚ ਕੁਝ ਕਮੀਆਂ ਦਾ ਫਾਇਦਾ ਲੀਕੇਜ ਦੇ ਰੂਪ ਵਿਚ ਲੈਣ ਦਾ ਰੁਝਾਨ ਵਧਿਆ। ਵਿਸ਼ਵ ਪੱਧਰ 'ਤੇ, ਸਰਕਾਰਾਂ ਵੱਲੋਂ ਆਪਣੇ ਹਿੱਤਾਂ ਦੀ ਪੂਰਤੀ ਲਈ ਆਰਡੀਨੈਂਸ, ਸੰਵਿਧਾਨਕ ਸੋਧਾਂ, ਗਜ਼ਟ ਵਿਚ ਨੋਟੀਫਿਕੇਸ਼ਨ ਆਦਿ ਵਰਗੇ ਵਿਸ਼ੇਸ਼ ਅਧਿਕਾਰਾਂ ਦੀ ਵਰਤੋਂ ਕਰਨ ਦਾ ਰੁਝਾਨ ਵਧਿਆ।

# ਪਦਮਸ਼੍ਰੀ ਭਾਈ ਨਿਰਮਲ ਸਿੰਘ ਖਾਲਸਾ

ਡਾ. ਮਨਜੀਤ ਸਿੰਘ ਬੱਲ
98728-43491
ਪੰਜਾਬ ਮੇਲ USA





ਭਾਈ ਨਿਰਮਲ ਸਿੰਘ ਜੀ ਖਾਲਸਾ।



ਗਜ਼ਲ ਗਾਇਕ ਜਨਾਬ ਗੁਲਾਮ ਅਲੀ ਤੇ ਭਾਈ ਸਾਹਿਬ ਦੀ ਪੁਰਾਣੀ ਤਸਵੀਰ।



ਰਾਸ਼ਟਰਪਤੀ ਤੋਂ ਪਦਮਸ਼੍ਰੀ ਪੁਰਸਕਾਰ ਪ੍ਰਾਪਤ ਕਰਦੇ ਹੋਏ ਭਾਈ ਨਿਰਮਲ ਸਿੰਘ ਜੀ ਖਾਲਸਾ।

**ਅੰਤਰਰਾਸ਼ਟਰੀ ਪ੍ਰਸਿੱਧੀ ਦੇ ਗ਼ਜ਼ਲਗੋ, ਉਸਤਾਦ ਗ਼ੁਲਾਮ ਅਲੀ ਖਾਨ (ਪਾਕਿਸਤਾਨ) ਨੂੰ ਭਾਈ ਖਾਲਸਾ ਜੀ, ਆਪਣਾ ਉਸਤਾਦ ਸਮਝਦੇ ਸਨ। ਮੈਨੂੰ ਯਾਦ ਹੈ, 21 ਫਰਵਰੀ 2004 ਸ਼ਨੀਵਾਰ ਦੀ ਸ਼ਾਮ, ਨੈਸ਼ਨਲ ਇੰਸਟੀਚਿਊਟ ਆਫ ਸਪੋਰਟਸ (ਐੱਨ.ਆਈ.ਐੱਸ.) 'ਚ ਉਸਤਾਦ ਗ਼ੁਲਾਮ ਅਲੀ ਖ਼ਾਂ ਸਾਹਿਬ ਦੇ ਸੰਗੀਤਕ ਪ੍ਰੋਗ੍ਰਾਮ ਦੇ ਸ਼ੋਅ ਦਾ ਆਯੋਜਨ ਕੀਤਾ ਗਿਆ ਸੀ। ਉਦੋਂ ਮੈਂ ਪਟਿਆਲੇ ਹੁੰਦਾ ਸਾਂ। ਉਨ੍ਹਾਂ ਨੂੰ ਸੁਨਣ ਤੇ ਮਿਲਣ ਵਾਸਤੇ ਭਾਈ ਖਾਲਸਾ ਜੀ ਉਚੇਚੇ ਤੌਰ 'ਤੇ ਅੰਮ੍ਰਿਤਸਰ ਤੋਂ ਪਟਿਆਲੇ ਪਹੁੰਚੇ ਹੋਏ ਸਨ। ਸ਼ੋਅ ਤੋਂ ਬਾਅਦ ਮੇਰੇ ਨਾਲ ਅਲੀ ਸਾਹਿਬ ਜੀ ਬਾਰੇ ਤੇ ਉਨ੍ਹਾਂ ਦੀ ਗਾਇਕੀ ਬਾਰੇ ਕਾਫੀ ਦੇਰ ਗੱਲਾਂ ਕਰਦੇ ਰਹੇ ਸਨ। ਉਹ ਦੱਸਦੇ ਹੁੰਦੇ ਸਨ, "ਉਸਤਾਦ ਗ਼ੁਲਾਮ ਅਲੀ ਸਾਹਿਬ ਜਦ ਵੀ ਭਾਰਤ ਆਉਂਦੇ ਹਨ, ਭਾਵੇਂ ਕਿਸੇ ਵੀ ਸ਼ਹਿਰ 'ਚ ਆਉਣ, ਮੇਰੇ ਘਰੋਂ (ਅੰਮ੍ਰਿਤਸਰ) ਜ਼ਰੂਰ ਹੋ ਕੇ ਜਾਂਦੇ ਹਨ ਤੇ ਮੈਂ ਜਦ ਵੀ ਕਦੀ ਪਾਕਿਸਤਾਨ ਜਾਵਾਂ ਤੇ ਉਨ੍ਹਾਂ ਦੇ ਕੋਲ ਹੀ ਠਹਿਰਦਾ ਹਾਂ"।**

ਖ਼ਾਲਸਾ ਜੀ ਕਈ ਸਾਲਾਂ ਤੋਂ ਮੈਨੂੰ ਬਿਨ-ਨਾਗਾ ਵਟਸ ਐਪ 'ਤੇ, 'ਗੁੱਡ ਮੌਰਨਿੰਗ /ਵਾਹਿਗੁਰੂ ਜੀ ਕੀ ਫਤਹਿ' ਦੇ ਸੁਨੇਹੇ ਭੇਜਦੇ ਰਹੇ। ਉਨ੍ਹਾਂ ਦਾ ਆਖ਼ਰੀ ਮੈਸੇਜ ਮੈਨੂੰ 23 ਮਾਰਚ, 2020 ਨੂੰ ਆਇਆ ਸੀ। 25 ਤਾਰੀਖ਼ ਨੂੰ ਕਰੋਨਾ ਕਰਫਿਊ ਦੌਰਾਨ ਸੁੰਨੀਆਂ ਗਲ਼ੀਆਂ ਵੇਖ ਕੇ ਮੈਂ ਉਨ੍ਹਾਂ ਨੂੰ, ਮੁਹੰਮਦ ਰਫੀ ਦੇ ਗੀਤ 'ਮਹਿਲ ਉਦਾਸ ਔਰ ਗਲੀਆਂ ਸੂਨੀ' ਦੀ ਵੀਡੀਓ ਭੇਜੀ ਪਰ ਉਨ੍ਹਾਂ ਦਾ ਕੋਈ ਰਿਸਪੌਂਸ ਨਾ ਆਇਆ। ਸ਼ਾਇਦ ਉਹ ਕੁਝ ਜ਼ਿਆਦਾ ਢਿੱਲੇ ਹੋ ਗਏ ਸਨ। ਇਕ ਅਪ੍ਰੈਲ ਦੀਆਂ ਅਖ਼ਬਾਰਾਂ 'ਚ ਫੋਟੋਆਂ ਸਮੇਤ ਭਾਈ ਸਾਹਿਬ ਦੀ ਗੁਰੂ ਨਾਨਕ ਹਸਪਤਾਲ ਅੰਮ੍ਰਿਤਸਰ 'ਚ ਦਾਖ਼ਲ ਹੋਣ ਦੀ ਖ਼ਬਰ ਲੱਗੀ ਪਰ ਉਨ੍ਹਾਂ ਦਾ ਬਿਆਨ ਸੀ, "ਮੈਂ ਠੀਕ ਹਾਂ..."। ਸ਼ਾਮ ਨੂੰ ਮੈਂ ਤਕਰੀਬਨ ਸਾਢੇ ਕੁ ਅੱਠ ਵਜੇ ਕਾਲ ਕੀਤੀ, ਕੋਈ ਰਿਸਪੌਂਸ ਨਾ ਆਇਆ, ਉਦੋਂ ਤਾਂ ਉਹ ਹਸਪਤਾਲ 'ਚ ਹੀ ਸਨ.....; ਤੇ 2 ਅਪ੍ਰੈਲ ਦੀ ਸਵੇਰ ਨੂੰ ਉਨ੍ਹਾਂ ਦੀ ਮੌਤ ਦੀ ਦੁਖ਼-ਭਰੀ ਖ਼ਬਰ ਟੀ.ਵੀ. ਦੇ ਸਾਰੇ ਚੈਨਲਾਂ 'ਤੇ ਆ ਰਹੀ ਸੀ। ਜਦ ਬੇਟੀ ਡਾ. ਸਿਮਰਨ ਨਾਲ ਫੋਨ 'ਤੇ ਗੱਲ ਹੋਈ, ਜੋ ਉਸੇ ਹਸਪਤਾਲ ਵਿਚ ਡਿਊਟੀ 'ਤੇ ਸੀ, ਤਾਂ ਉਹਨੇ ਦੱਸਿਆ ਸੀ ਕਿ ਉਸ ਵਾਰਡ ਡਿਊਟੀ ਵਾਲੇ ਡਾਕਟਰਾਂ ਮੁਤਾਬਕ ਸ਼ਾਮ ਨੂੰ ਭਾਈ ਨਿਰਮਲ ਸਿੰਘ ਜੀ ਦੀ ਹਾਲਤ ਗੰਭੀਰ ਹੋ ਜਾਣ ਕਰਕੇ ਉਨ੍ਹਾਂ ਨੂੰ ਸਾਢੇ ਕੁ ਅੱਠ ਵਜੇ ਵੈਂਟੀਲੇਟਰ ਲਗਾ ਦਿੱਤਾ ਗਿਆ ਸੀ। ਪਰਿਵਾਰਕ ਸੂਤਰਾਂ ਅਨੁਸਾਰ ਭਾਈ ਸਾਹਿਬ ਨੂੰ ਅਸਥਮਾ ਦੀ ਸਮੱਸਿਆ ਵੀ ਸੀ। ਕਰੋਨਾ, ਦਮਾ ਤੇ ਵਡੇਰੀ ਉਮਰ ਹੀ ਬਹੁਤ ਜਲਦ ਮੌਤ ਦਾ ਕਾਰਣ ਜਾਪਦੇ ਹਨ। ਉਸ ਦਿਨ ਤੋਂ ਮੈਨੂੰ ਸਵੇਰੇ-ਸਵੇਰੇ ਭਾਈ ਜੀ ਦੇ ਵਟਸ ਐਪ ਸੁਨੇਹੇ ਆਉਣੇ ਬੰਦ ਹੋ ਗਏ ਸਨ।

31 ਮਾਰਚ 2009 ਨੂੰ ਭਾਰਤ ਦੇ ਰਾਸ਼ਟਰਪਤੀ ਸ਼੍ਰੀਮਤੀ ਪ੍ਰਤਿਭਾ ਪਾਟਿਲ ਨੇ ਭਾਈ ਖਾਲਸਾ ਜੀ ਨੂੰ "ਪਦਮ ਸ਼੍ਰੀ ਅਵਾਰਡ" ਨਾਲ ਨਿਵਾਜਿਆ ਸੀ। ਕਿਸੇ ਹਜ਼ੂਰੀ ਰਾਗੀ ਨੂੰ ਪਦਮ ਸ਼੍ਰੀ ਅਵਾਰਡ ਮਿਲਣ ਦਾ ਇਹ ਪਹਿਲਾ ਮੌਕਾ ਸੀ। ਤਕਰੀਬਨ 35 ਸਾਲਾਂ ਤੋਂ ਭਾਈ ਨਿਰਮਲ ਸਿੰਘ ਜੀ ਨੇ ਕਲਾਸੀਕਲ ਤੇ ਲਾਇਟ ਮਿਊਜ਼ਿਕ ਵਿਚ ਪਵਿੱਤਰ, ਧੁਰ ਕੀ ਬਾਣੀ ਦੇ 71 ਦੇਸ਼ਾਂ-ਵਿਦੇਸ਼ਾਂ 'ਚ ਕੀਰਤਨ ਕੀਤੇ। ਭਾਈ ਨਿਰਮਲ ਸਿੰਘ ਜੀ ਖਾਲਸਾ ਦਾ ਜਨਮ 12 ਅਪ੍ਰੈਲ, 1952 ਨੂੰ, ਫਿਰੋਜ਼ਪੁਰ ਜ਼ਿਲ੍ਹੇ 'ਚ ਗੁਰੂ ਹਰਿ ਸਹਾਏ ਦੇ ਕੋਲ ਪਿੰਡ ਭੀਮੇਸ਼ਾਹ ਜੰਡਵਾਲਾ 'ਚ, ਪਿਤਾ ਸ. ਚੰਨਣ ਸਿੰਘ ਤੇ ਮਾਤਾ ਗੁਰਦੇਵ ਕੌਰ ਦੇ ਘਰ, ਮਿਹਨਤੀ ਮਜ਼੍ਹਬੀ ਸਿੱਖ ਰੰਘਰੇਟਾ ਪਰਿਵਾਰ ਵਿਚ ਹੋਇਆ ਸੀ। ਭਾਈ ਨਿਰਮਲ ਸਿੰਘ ਖਾਲਸਾ ਜੀ, 68 ਸਾਲ ਦੀ ਉਮਰ ਵਿਚ, ਪਦਮ ਸ਼੍ਰੀ ਅਵਾਰਡ ਮਿਲਣ ਤੋਂ ਪੂਰੇ 11 ਵਰ੍ਹੇ ਬਾਅਦ, ਸਰੀਰ ਰੂਪੀ ਜਾਮਾ ਛੱਡ ਕੇ ਗਏ ਹਨ। ਸ਼ੁਰੂ-ਸ਼ੁਰੂ ਵਿਚ ਕੀਰਤਨ ਵਾਸਤੇ ਭਾਈ ਸਾਹਿਬ ਦੇ ਉਸਤਾਦ ਪ੍ਰੋਫੈਸਰ ਅਵਤਾਰ ਸਿੰਘ ਜੀ ਸਨ।

ਅੰਤਰਰਾਸ਼ਟਰੀ ਪ੍ਰਸਿੱਧੀ ਦੇ ਗ਼ਜ਼ਲਗੋ, ਉਸਤਾਦ ਗ਼ੁਲਾਮ ਅਲੀ ਖਾਨ (ਪਾਕਿਸਤਾਨ) ਨੂੰ ਭਾਈ ਖਾਲਸਾ ਜੀ, ਆਪਣਾ ਉਸਤਾਦ ਸਮਝਦੇ ਸਨ। ਮੈਨੂੰ ਯਾਦ ਹੈ, 21 ਫਰਵਰੀ 2004 ਸ਼ਨੀਵਾਰ ਦੀ ਸ਼ਾਮ, ਨੈਸ਼ਨਲ ਇੰਸਟੀਚਿਊਟ ਆਫ ਸਪੋਰਟਸ (ਐੱਨ.ਆਈ.ਐੱਸ.) 'ਚ ਉਸਤਾਦ ਗ਼ੁਲਾਮ ਅਲੀ ਖ਼ਾਂ ਸਾਹਿਬ ਦੇ ਸੰਗੀਤਕ ਪ੍ਰੋਗ੍ਰਾਮ ਦੇ ਸ਼ੋਅ ਦਾ ਆਯੋਜਨ ਕੀਤਾ ਗਿਆ ਸੀ। ਉਦੋਂ ਮੈਂ ਪਟਿਆਲੇ ਹੁੰਦਾ ਸਾਂ। ਉਨ੍ਹਾਂ ਨੂੰ ਸੁਨਣ ਤੇ ਮਿਲਣ ਵਾਸਤੇ ਭਾਈ ਖਾਲਸਾ ਜੀ ਉਚੇਚੇ ਤੌਰ 'ਤੇ ਅੰਮ੍ਰਿਤਸਰ ਤੋਂ ਪਟਿਆਲੇ ਪਹੁੰਚੇ ਹੋਏ ਸਨ। ਸ਼ੋਅ ਤੋਂ ਬਾਅਦ ਮੇਰੇ ਨਾਲ ਅਲੀ ਸਾਹਿਬ ਜੀ ਬਾਰੇ ਤੇ ਉਨ੍ਹਾਂ ਦੀ ਗਾਇਕੀ ਬਾਰੇ ਕਾਫੀ ਦੇਰ ਗੱਲਾਂ ਕਰਦੇ ਰਹੇ ਸਨ। ਉਹ ਦੱਸਦੇ ਹੁੰਦੇ ਸਨ, "ਉਸਤਾਦ ਗ਼ੁਲਾਮ ਅਲੀ ਸਾਹਿਬ ਜਦ ਵੀ ਭਾਰਤ ਆਉਂਦੇ ਹਨ, ਭਾਵੇਂ ਕਿਸੇ ਵੀ ਸ਼ਹਿਰ 'ਚ ਆਉਣ, ਮੇਰੇ ਘਰੋਂ (ਅੰਮ੍ਰਿਤਸਰ) ਜ਼ਰੂਰ ਹੋ ਕੇ ਜਾਂਦੇ ਹਨ ਤੇ ਮੈਂ ਜਦ ਵੀ ਕਦੀ ਪਾਕਿਸਤਾਨ ਜਾਵਾਂ ਤੇ ਉਨ੍ਹਾਂ ਦੇ ਕੋਲ ਹੀ ਠਹਿਰਦਾ ਹਾਂ"। ਭਤੀਜੇ ਜੋਰਿੰਦਰ ਸਿੰਘ ਬੱਲ ਦੇ ਵਿਆਹ ਦਾ ਸੱਦਾ ਪੱਤਰ ਦੇਣ ਲਈ, ਜਦ ਮੈਂ (ਲੇਖਕ) ਖ਼ਾਲਸਾ ਜੀ ਨੂੰ ਉਨ੍ਹਾਂ ਦੇ, ਊਧਮ ਸਿੰਘ ਨਗਰ ਵਾਲੇ ਘਰ ਸਾਂ, ਤਾਂ ਵੇਖਿਆ ਸੀ ਕਿ ਉਨ੍ਹਾਂ ਦਾ ਪੂਰਾ ਡਰਾਇੰਗ ਰੂਮ ਸੰਗੀਤਕ ਤੰਤੀ ਸਾਜ਼ਾਂ ਤੇ ਮੋਮੈਂਟੋਜ਼ ਤੇ ਅਵਾਰਡਜ਼ ਨਾਲ ਭਰਿਆ ਪਿਆ ਸੀ। ਸੰਗੀਤ ਤੇ ਗੁਰਬਾਣੀ ਦੀ ਮੁਹਾਰਤ ਦੇ ਨਾਲ-ਨਾਲ, ਭਾਈ ਸਾਹਿਬ ਇਕ ਲਿਖਾਰੀ ਤੇ ਵਿਦਵਾਨ ਵੀ ਸਨ। ਉਨ੍ਹਾਂ ਦੇ ਲੇਖ ਪੰਜਾਬੀ ਅਖ਼ਬਾਰਾਂ ਦੇ ਸੰਪਾਦਕੀ ਪੰਨਿਆਂ 'ਤੇ ਛਪਦੇ ਰਹਿੰਦੇ ਸਨ। ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ 'ਤੇ ਹੋਏ ਹਮਲੇ, ਓਪ੍ਰੇਸ਼ਨ ਨੀਲਾ ਤਾਰਾ 1984 ਵੇਲ਼ੇ ਭਾਈ ਖ਼ਾਲਸਾ ਜੀ, ਹਜ਼ੂਰੀ ਰਾਗੀ ਦੇ ਤੌਰ 'ਤੇ ਡਿਊਟੀ ਨਿਭਾਅ ਰਹੇ ਸਨ। ਦਰਬਾਰ ਸਾਹਿਬ ਉਤੇ ਫਾਇਰਿੰਗ ਹੋ ਰਹੀ ਸੀ, ਗੋਲ਼ੀਆਂ ਦੀ ਤਾੜ-ਤਾੜ ਦੌਰਾਨ ਉਨ੍ਹਾਂ ਨੇ, ਲਗਾਤਾਰ ਨੌਂ ਘੰਟੇ ਕੀਰਤਨ ਕਰਨ ਦਾ ਰਿਕਾਰਡ ਕਾਇਮ ਕੀਤਾ। ਇਸੇ ਤਰ੍ਹਾਂ 1988 ਵਿਚ ਅਪਰੇਸ਼ਨ ਬਲੈਕ-ਥੰਡਰ ਵੇਲ਼ੇ ਵੀ ਉਨ੍ਹਾਂ ਨੇ ਲਗਾਤਾਰ ਕਈ ਘੰਟੇ ਕੀਰਤਨ ਕੀਤਾ ਕਿਉਂਕਿ ਜਿਹੜੇ ਰਾਗੀ-ਜਥੇ ਨੇ ਡਿਊਟੀ 'ਤੇ ਆ ਕੇ ਉਨ੍ਹਾਂ ਨੂੰ ਰਿਲੀਵ ਕਰਨਾ ਸੀ, ਉਹ ਪਹੁੰਚ ਹੀ ਨਹੀਂ ਸਨ ਸਕੇ। ਬਾਅਦ ਵਿਚ ਯੂ.ਕੇ. ਇਕ ਕੀਰਤਨ ਦਰਬਾਰ ਦੌਰਾਨ ਭਾਈ ਸਾਹਿਬ ਨੇ ਬਾਰੀਕੀ ਵਿਚ ਉਨ੍ਹਾਂ ਘਟਨਾਵਾਂ, ਮੌਤ ਦੇ ਖ਼ੌਫ਼ ਤੇ ਸਾਰੇ ਮੰਜ਼ਰ ਦਾ ਬਿਆਨ ਕੀਤਾ ਸੀ। ਡੈਮੋਕ੍ਰੈਟਿਕ ਗਰੁੱਪ ਆਫ ਰੰਘਰੇਟਾ ਦੀ ਅੰਮ੍ਰਿਤਸਰ ਵਿਚ ਹੋਈ ਇਕ ਮੀਟਿੰਗ ਵਿਚ ਬੋਲਦਿਆਂ ਖ਼ਾਲਸਾ ਜੀ ਨੇ ਕਿਹਾ ਸੀ, "ਮੈਂ ਸਿਰਫ ਪੰਜ ਜਮਾਤਾਂ ਪੜ੍ਹਿਆ ਹੋਇਆ ਹਾਂ, ਇੰਨੀ ਘੱਟ ਪੜ੍ਹਾਈ ਦੇ ਬਾਵਜੂਦ ਚੇਤੰਨ ਹੋਣ ਕਰਕੇ, ਮੈਂ ਦੋ ਕਿਤਾਬਾਂ ਲਿਖੀਆਂ ਨੇ, ਜਿਨ੍ਹਾਂ ਤੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ 26 ਵਿਦਿਆਰਥੀਆਂ ਨੇ ਪੀ.ਐੱਚ.ਡੀ. ਕੀਤੀ ਹੈ"। ਭਾਈ ਸਾਹਿਬ ਨੇ ਸਾਰੇ ਪੰਜਾਂ ਤਖ਼ਤਾਂ ਤੇ ਇਤਿਹਾਸਕ ਗੁਰਦੁਆਰਿਆਂ ਸਮੇਤ ਕੁੱਲ ਦੁਨੀਆਂ ਦੇ 71 ਦੇਸ਼ਾਂ ਵਿਚ ਆਪਣੀ ਸੁਰੀਲੀ ਆਵਾਜ਼ ਵਿਚ ਕਲਾਸੀਕਲ ਸੰਗੀਤ 'ਚ ਕੀਰਤਨ ਕੀਤਾ। ਸੰਗੀਤ ਦਾ ਵਪਾਰ ਕਰਨ ਵਾਲੀਆਂ ਮਿਊਜ਼ਿਕ ਕੰਪਨੀਆਂ ਟੀ ਸੀਰੀਜ਼, ਮਿਊਜ਼ਕ ਟੂਡੇ, ਟਿਪਸ, ਮਿਊਜ਼ਕ ਮੈਮੋਰੀਜ਼, ਫਾਈਨ ਟੱਚ, ਸਾਗਾ ਆਦਿ ਨੇ ਭਾਈ ਖਾਲਸਾ ਜੀ ਦੀਆਂ ਤਕਰੀਬਨ 55 ਆਡੀਓ ਕੈਸਟਾਂ, ਵੀ.ਸੀ.ਡੀ., ਡੀ.ਵੀ.ਡੀ., ਐੱਮ.ਪੀ.-3 ਬਣਾਈਆਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕੀਰਤਨ ਸਬੰਧੀ ਸਬ-ਕਮੇਟੀ ਦੇ ਮੈਂਬਰ ਹੋਣ ਦੇ ਨਾਲ-ਨਾਲ ਭਾਈ ਖਾਲਸਾ ਜੀ ਭਾਸ਼ਾ ਵਿਭਾਗ ਵਾਸਤੇ ਵਿਕਾਸ ਦੇ ਖੇਤਰ ਵਿਚ ਅਵਾਰਡ ਹਾਸਲ ਕਰਨ ਵਾਲਿਆਂ ਦੀ ਚੋਣ ਲਈ ਸਲਾਹਕਾਰ ਬੋਰਡ ਦੇ ਮੈਂਬਰ ਵੀ ਸਨ। ਪ੍ਰਸਾਰ ਭਾਰਤੀ ਨੇ ਭਾਈ ਨਿਰਮਲ ਸਿੰਘ ਨੂੰ ਬਹੁਤ ਉਮਦਾ ਗੁਰਬਾਣੀ ਗਾਇਨ ਵਾਸਤੇ 'ਏ' ਗਰੇਡ ਕੀਰਤਨੀਏ ਵਜੋਂ ਮਾਨਤਾ ਦਿੱਤੀ ਸੀ। ਸੰਨ 1994 ਵਿਚ ਇੰਡੀਅਨ ਮਿਊਜ਼ਿਕ ਇੰਡਸਟਰੀ ਮੁੰਬਈ ਕੋਲੋਂ ਉਨ੍ਹਾਂ ਨੇ "ਨੈਸ਼ਨਲ ਅਵਾਰਡ" ਪ੍ਰਾਪਤ ਕੀਤਾ। ਖਾਲਸਾ ਫਤਹਿ ਜੰਗ ਫਿਰੋਜ਼ਪੁਰ ਵੱਲੋਂ 1999 'ਚ 'ਸ਼੍ਰੋਮਣੀ ਰਾਗੀ ਸਨਮਾਨ' ਮਿਲਿਆ। ਦਿੱਲੀ ਦੀ ਯੂਨਾਈਟਿਡ ਸਿੱਖ ਸੰਸਥਾ ਨੇ 2003 ਵਿਚ 'ਸਿਫਤੀ ਅਵਾਰਡ' ਨਾਲ ਨਿਵਾਜਿਆ; 2004 ਵਿਚ ਲਾਸ ਏਂਜਲਸ ਅਮਰੀਕਾ ਦੀ ਅੰਤਰਰਾਸ਼ਟਰੀ ਗੁਰਮਤਿ ਅਧਿਐਨ ਸੰਸਥਾ ਨੇ 'ਭਾਈ ਮਰਦਾਨਾ ਸਨਮਾਨ' ਨਾਲ ਨਿਵਾਜਿਆ; 2006 ਵਿਚ ਤਾਰਾਂ ਵਾਲੇ ਤੰਤੀ ਸਾਜ਼ਾਂ ਨਾਲ ਕੀਰਤਨ ਕਰਨ ਵਾਸਤੇ ਭਾਈ ਸਾਹਿਬ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੇ ਸਨਮਾਨ ਬਖਸ਼ਿਆ; 2006 ਵਿਚ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 300 ਸਾਲਾ ਪ੍ਰਕਾਸ਼ ਪੁਰਬ ਦੇ ਮੌਕੇ 'ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਭਾਈ ਨਿਰਮਲ ਸਿੰਘ ਖਾਲਸਾ ਜੀ ਨੂੰ 'ਸ਼੍ਰੋਮਣੀ ਅਵਾਰਡ' ਨਾਲ ਨਿਵਾਜਿਆ; ਸੰਨ 2005 ਵਿਚ ਅਫਰੀਕਾ ਦੀ ਸੁਪਰੀਮ ਸਿੱਖ ਕੌਂਸਲ ਨੇ ਵਿਸ਼ੇਸ਼ ਅਵਾਰਡ ਨਾਲ ਨਿਵਾਜਿਆ; ਇਸੇ ਤਰ੍ਹਾਂ 2007 'ਚ ਚੀਫ ਖਾਲਸਾ ਦੀਵਾਨ ਦੁਆਰਾ ਵੀ ਤੰਤੀ ਸਾਜ਼ਾਂ ਨਾਲ ਕੀਰਤਨ ਕਰਨ ਵਾਸਤੇ ਭਾਈ ਸਾਹਿਬ ਨੇ ਸਨਮਾਨ ਪ੍ਰਾਪਤ ਕੀਤਾ ਸੀ। ਖਾਲਸਾ ਜੀ ਦੇ ਵਿਛੋੜੇ ਨਾਲ, ਪੂਰਾ ਸਿੱਖ ਜਗਤ ਤੇ ਕੀਰਤਨ ਰਸੀਏ ਸ਼ੋਕ ਵਿਚ ਡੁੱਬ ਗਏ ਸਨ। ਉਨ੍ਹਾਂ ਦੇ ਜਾਣ ਦਾ ਖਲਾਅ ਕਦੇ ਭਰਿਆ ਨਹੀਂ ਜਾ ਸਕਦਾ।

ਖ਼ਾਲਸਾ ਜੀ ਦੀ ਮੌਤ ਵੇਲ਼ੇ ਇਕ ਪਾਸੇ ਤਾਂ ਸਮੁੱਚੇ ਸੰਸਾਰ ਦੇ ਕੀਰਤਨ-ਪ੍ਰੇਮੀ ਸਦਮੇ ਵਿਚ ਸਨ, ਦੂਜੇ ਪਾਸੇ ਭਾਈ ਸਾਹਿਬ ਦੇ ਸਰੀਰ ਦਾ, ਸਤਿਕਾਰ ਤੇ ਮਾਨ-ਸਨਮਾਨ ਨਾਲ ਸਸਕਾਰ ਕਰਨ ਦੀ ਬਜਾਏ, ਵੇਰਕੇ ਅਤੇ ਜੇਠੂਵਾਲ਼ ਪਿੰਡ ਦੇ ਜਾਤ ਦੇ ਹੰਕਾਰੀ ਲੋਕਾਂ ਨੇ ਇਕੱਠੇ ਹੋਕੇ ਜਨਾਜ਼ੇ ਨੂੰ ਸ਼ਮਸ਼ਾਨ ਘਾਟ ਦੇ ਅੰਦਰ ਹੀ ਨਾ ਜਾਣ ਦਿੱਤਾ। ਭਾਵੇਂ ਇਹ ਕਿਹਾ ਗਿਆ ਕਿ ਕਰੋਨਾ ਦੀ ਮੌਤ ਕਰਕੇ ਸੀ..... ਪਰ ਨਹੀਂ। ਭਾਈ ਨਿਰਮਲ ਸਿੰਘ ਜੀ ਦੇ ਸਰੀਰ ਦੀ ਬੇਅਦਬੀ ਵਾਲ਼ਾ ਇਹ ਕੰਮ, ਹੰਕਾਰੀ ਤੇ ਜਾਤ-ਪਾਤ ਵਾਲ਼ੇ ਲੋਕਾਂ ਨੇ ਕੀਤਾ। ਪਹਿਲੇ ਰਾਗੀ ਪਦਮਸ਼੍ਰੀ ਹੋਣ ਦੇ ਬਾਵਜੂਦ ਖ਼ਾਲਸਾ ਜੀ ਦੀ ਮਜ਼ਹਬੀ ਸਿੱਖ ਰੰਗਰੇਟਾ ਜਾਤ ਕਰਕੇ ਕੀਤਾ। ਐਸੇ ਵਿਚਾਰਾਂ ਵਾਲਿਆਂ ਨੂੰ ਸਿੱਖੀ, ਮੁੱਢੋਂ ਹੀ ਨਕਾਰਦੀ ਹੈ। ਪਰ ਉਹ ਸਮਾਂ ਹੀ ਕੁਝ ਐਸਾ ਸੀ। ਆਖ਼ਰ ਪ੍ਰਸ਼ਾਸਨ ਦੇ ਦਖ਼ਲ ਕਰਕੇ ਮੌਤ ਤੋਂ 16 ਘੰਟਿਆਂ ਬਾਅਦ ਵੇਰਕੇ ਤੋਂ ਬਾਹਰ, ਪਿੰਡ ਫਤਹਿਗੜ੍ਹ ਸ਼ੁਕਰਚੱਕ ਵਾਲ਼ੇ ਪਾਸੇ ਸਸਕਾਰ ਕੀਤਾ ਗਿਆ।

## ਹਿਜਰਤਨਾਮਾ 89: ਮਾਈ ਮਹਿੰਦਰ ਕੌਰ ਬਸਰਾ

# 'ਮੇਰੀ ਬਰਾਤ ਬਾਰ ਦੇ 93 ਚੱਕ ਨਕੋਦਰ ਵਿਚ ਢੁਕੀ'

ਮੁਲਾਕਾਤੀ: ਸਤਵੀਰ ਸਿੰਘ ਚਾਨੀਆਂ
92569-73526
(Punjab Mail USA)



"ਮੇਰਾ ਪੇਕਾ ਜੱਦੀ ਪਿੰਡ ਇਧਰ ਲਿੱਤਰਾਂ, ਨਕੋਦਰ ਹੈ। ਰਤਨ ਸਿੰਘ ਹੇਅਰ ਮੇਰਾ ਬਾਪ ਅਤੇ ਮਾਤਾ ਗੰਗੀ ਹੋਈ। ਮੇਰੀ ਇੱਕ ਭੈਣ ਗੁਰਦੀਪ ਕੌਰ ਅਤੇ ਇਕ ਭਰਾ ਬਖਸ਼ੀਸ਼ ਸਿੰਘ। ਮੇਰੇ ਨਾਨਕੇ ਨਕੋਦਰ ਹੀ ਸਨ। ਸੋਹਣ ਸਿੰਘ ਮੇਰਾ ਮਾਮਾ ਹੋਇਆ। ਜਿਨ੍ਹਾਂ ਨਕੋਦਰੀਆਂ ਨੇ ਸਾਂਦਲ ਬਾਰ ਦੇ ਜ਼ਿਲ੍ਹਾ ਲੈਲਪੁਰ ਦੀ ਤਸੀਲ ਜੜ੍ਹਾਂ ਵਾਲਾ ਵਿਚ 93 ਚੱਕ ਨਕੋਦਰ ਆਬਾਦ ਕੀਤਾ, ਉਨ੍ਹਾਂ ਵਿਚ ਮੇਰੇ ਨਾਨਾ ਜੀ ਵੀ ਸ਼ਾਮਲ ਸਨ, ਪਰ ਹੁਣ ਮੈਨੂੰ ਉਨ੍ਹਾਂ ਦਾ ਨਾਮ ਯਾਦ ਨਹੀਂ।

ਉਦੋਂ ਪੁਰਾਣੇ ਸਮਿਆਂ ਵਿਚ ਕੁੜੀਆਂ ਨੂੰ ਪੜ੍ਹਾਉਣ ਦਾ ਰਿਵਾਜ਼ ਕੋਈ ਨਾ ਸੀ। ਇਕ ਭਜਨੀਕ ਪੁਰਸ਼ ਸ. ਬਾਵਾ ਸਿੰਘ ਹੇਅਰ ਨੇ ਹਿੰਮਤ ਕਰਕੇ ਲਿੱਤਰਾਂ ਵਿਚ ਲੜਕੀਆਂ ਦਾ ਵੱਖਰਾ ਪ੍ਰਾਇਮਰੀ ਸਕੂਲ ਖੁੱਲ੍ਹਵਾ ਦਿੱਤਾ। ਸਰਦੇ ਜਾਂ ਜਗਿਆਸੂ ਘਰਾਂ ਦੀਆਂ ਕੁੜੀਆਂ ਹੀ ਵਿਰਲੀਆਂ ਵਾਂਝੀਆਂ ਪੜ੍ਹਦੀਆਂ। ਮੁਸਲਿਮ ਆਪਣੀਆਂ ਕੁੜੀਆਂ ਨੂੰ ਤਾਂ ਉਕਾ ਹੀ ਨਾ ਪੜ੍ਹਾਉਂਦੇ।

ਮੈਂ ਅਤੇ ਮੇਰਾ ਭਰਾ ਬਖਸ਼ੀਸ਼ ਸਿੰਘ ਇਧਰ ਲਿੱਤਰਾਂ ਵਿਚੋਂ ਪ੍ਰਾਇਮਰੀ ਸਕੂਲ ਪਾਸ ਕਰਕੇ 1937 ਵਿਚ ਬਾਰ ਦੇ ਆਪਣੇ ਨਾਨਕੇ ਪਿੰਡ, 93 ਨਕੋਦਰ ਨਾਨਕਿਆਂ ਪਾਸ ਚਲੇ ਗਏ। ਉਨ੍ਹਾਂ ਨਾਲ਼ ਖੇਤੀਬਾੜੀ ਅਤੇ ਲਾਣਾ ਸਾਂਭਣ ਵਿਚ ਹੱਥ ਵਟਾਉਂਦੇ ਰਹੇ।

**ਖੇਤੀਬਾੜੀ:** ਮੇਰੇ ਨਾਨਕਿਆਂ ਦੀ ਇੱਕ ਮੁਰੱਬੇ ਦੀ ਖੇਤੀ ਸੀ। ਫ਼ਸਲਾਂ ਅਕਸਰ ਨਰਮਾ, ਕਪਾਹ, ਕਣਕ, ਮੱਕੀ, ਸਰ੍ਹੋਂ ਵਗੈਰਾ ਹੀ ਬੀਜਦੇ। ਵੱਡੇ ਪਰਿਵਾਰ ਹੁੰਦੇ ਸਨ ਉਦੋਂ। ਸਾਰਾ ਪਰਿਵਾਰ ਮਿਲ਼ ਕੇ ਹੱਥੀਂ ਕੰਮ ਕਰਦਾ। ਕੰਮ ਦੇ ਜ਼ੋਰ ਵੇਲੇ ਪਿੰਡੋਂ ਦਿਹਾੜੀਦਾਰ ਕਾਮੇ ਲੈ ਜਾਂਦੇ। ਵੱਡੇ, ਜਿਣਸ ਗੱਡਿਆਂ 'ਤੇ ਲੱਦ ਕੇ ਜੜ੍ਹਾਂ ਵਾਲਾ ਮੰਡੀ ਵੇਚ ਆਉਂਦੇ। ਕਈ ਵਾਰ ਛੋਟੇ ਵਪਾਰੀ ਘਰਾਂ ਵਿਚੋਂ ਹੀ ਜਿਣਸ ਲੈ ਜਾਂਦੇ। ਗੋਗੇਰਾ ਬਰਾਂਚ ਨਹਿਰ ਖੇਤਾਂ ਨੂੰ ਸਿੰਜਦੀ। ਵਿਹਲਿਆਂ ਮੌਕੇ ਪਿੰਡ ਦੁਆਲੇ ਛੱਡੀਆਂ ਢਾਬਾਂ ਛੱਪੜੀਆਂ ਨੂੰ ਵੀ ਨਹਿਰੀ ਪਾਣੀ ਨਾਲ ਭਰ ਲਿਆ ਜਾਂਦਾ। ਜਿਥੋਂ ਪਸ਼ੂਆਂ ਦੇ ਨ੍ਹਾਉਣ ਧੋਣ ਦੀਆਂ ਲੋੜਾਂ ਪੂਰੀਆਂ ਹੁੰਦੀਆਂ।

**ਵਸੇਬ:** ਜੱਟ ਸਿੱਖਾਂ ਦੀ ਗਿਣਤੀ ਬਹੁਤੀ ਸੀ। ਆਦਿ ਧਰਮੀਆਂ ਦੇ ਵੀ ਕੁੱਝ ਘਰ ਸਨ, ਸੋ ਦਿਹਾੜੀ ਲੱਪਾ ਜਾਂ ਜ਼ਿੰਮੀਦਾਰਾਂ ਨਾਲ਼ ਸੀਰੀ ਪੁਣਾ ਕਰਦੇ। 5-7 ਘਰ ਭਰਾਈ, ਤੇਲੀ, ਫ਼ਕੀਰ ਅਤੇ ਲੁਹਾਰ ਮੁਸਲਿਮ ਭਾਈਚਾਰੇ ਦੇ ਸਨ। ਸਾਲ੍ਹੋ ਭਰਾਈ, ਫ਼ਰੀਦ ਬਖ਼ਸ਼ ਅਤੇ ਉਹਦਾ ਮੁੰਡਾ ਕਾਦਰ ਬਖ਼ਸ਼ ਜੋ ਫ਼ੌਜ ਵਿਚ ਨੌਕਰ ਹੁੰਦਾ, ਵੀ ਮੁਹੱਬਤੀ ਮੁਸਲਿਮ ਸਨ। (ਪਰ ਅਫ਼ਸੋਸ ਕਿ ਇਸੇ ਕਾਦਰ ਬਖ਼ਸ਼ ਦਾ ਰੰਗ ਰੌਲਿਆਂ ਵੇਲੇ ਸਫ਼ੈਦ ਹੋ ਗਿਆ। ਸਿੱਖਾਂ ਪਿੰਡ ਛੱਡਿਆ ਤਾਂ ਇਹ ਫ਼ੌਜੀ ਟਰੱਕ ਲੈ ਕੇ ਪਿੰਡ ਆਇਆ। ਸਿੱਖਾਂ ਨੂੰ ਗਾਲ੍ਹਾਂ ਕੱਢਦਾ, ਗੋਲੀ ਮਾਰਨ ਲਈ ਆਪਣੇ ਸਾਥੀਆਂ ਨੂੰ ਉਕਸਾਉਂਦਾ। ਇਸਦੀ ਤਸਦੀਕ ਜਥੇਦਾਰ ਤਰਲੋਕ ਸਿੰਘ ਜੌਹਲ ਨੇ ਕੀਤੀ, ਜਦ ਉਹ ਪਿੰਡ ਛੱਡਣ ਉਪਰੰਤ ਸ਼ਾਮ ਨੂੰ ਆਪਣੇ ਘਰਾਂ 'ਚੋਂ ਭਾਂਡੇ ਚੁੱਕਣ ਗਇਆਂ ਨੇ ਭੱਜ ਕੇ ਜਾਨ ਬਚਾਈ।) ਸਾਰਿਆਂ ਨਾਲ ਪ੍ਰੇਮ ਪਿਆਰ ਸੀ। ਸੁੱਕੀ ਚੀਜ਼ ਇਕ ਦੂਜੇ ਤੋਂ ਮੰਗ ਲੈਂਦੇ ਪਰ ਉਂਜ ਇਕ ਦੂਜੇ ਦੇ ਘਰ ਦੀ ਬਣੀ ਚੀਜ਼ ਨਾ ਖਾਂਦੇ। ਦੁੱਖ-ਸੁੱਖ ਵਿਚ ਸ਼ਰੀਕ ਹੁੰਦੇ। ਹੱਲਿਆਂ ਤੱਕ ਕਦੇ ਵੀ ਮੱਜ਼੍ਹਬੀ ਤੁਅੱਸਬ ਭਾਰੂ ਨਾ ਡਿੱਠਾ।

**ਗੁਆਂਢੀ ਪਿੰਡ:** 94 ਸ਼ੰਕਰ ਦਾਊਆਣਾ, 95 ਜਮਸੇਰ, 96 ਸਰੀਂਹ, 97 ਕੰਗ ਮਰਾਜ, 98 ਰੁੜਕਾ ਅਤੇ 99 ਚੱਕ ਪੱਕਾ ਜੰਡਿਆਲਾ ਗੁਆਂਢੀ ਪਿੰਡ ਸੁਣੀਂਦੇ।

**ਪਿੰਡ ਦੇ ਚੌਧਰੀ:** ਜ਼ੈਲਦਾਰ ਕਰਤਾਰ ਸਿੰਘ, ਬਾਵੂ ਅਰਜਣ ਸਿੰਘ ਪੈਂਨਸ਼ਨੀਆਂ, ਸਰੂਪ ਸਿੰਘ ਲੰਬੜਦਾਰ, ਜਵਾਲਾ ਸਿੰਘ ਨਕੋਦਰੀਆ, ਗੁਰਦਿੱਤ ਸਿੰਘ ਜੌਹਲ ਜਿਸ ਨੇ ਗੁਰੂ ਕੇ ਬਾਗ ਦੇ ਮੋਰਚੇ ਵਿਚ ਜਥੇਦਾਰ ਊਧਮ ਸਿੰਘ ਨਾਗੋਕੇ ਨਾਲ ਪੁਲਿਸ ਤਸੀਹੇ ਝੱਲ੍ਹਦਿਆਂ ਗੋਰੇ ਦੀ ਕੈਦ ਕੱਟੀ ਵਗੈਰਾ ਪਿੰਡ ਦੇ ਮੋਹਤਬਰ ਸੁਣੀਂਦੇ। ਪਿੰਡ ਦੇ ਝਗੜੇ ਝੇੜੇ ਨਿਪਟਾਉਂਦੇ, ਸਰਕਾਰੇ ਦਰਬਾਰੇ ਪਹੁੰਚ ਰੱਖਦੇ।

**ਸਕੂਲ/ਗੁਰਦੁਆਰਾ:** ਪਿੰਡ ਵਿਚ ਸਕੂਲ ਚੌਥੀ ਤੱਕ ਸੀ। ਅੱਗੋਂ ਬੱਚੇ 97 ਚੱਕ ਕੰਗ ਮਰਾਜ ਪੜ੍ਹਨ ਜਾਂਦੇ। ਉਥੇ ਮਿਡਲ ਸਕੂਲ ਵਿਚ ਨਿਰੰਜਣ ਸਿੰਘ ਵੱਡਾ ਮਾਸਟਰ ਹੁੰਦਾ। ਮੰਦਰ ਮਸਜ਼ਿਦ ਪਿੰਡ ਵਿਚ ਕੋਈ ਨਾ ਸੀ। ਇਕ ਗੁਰਦੁਆਰਾ ਸਿੰਘ ਸਭਾ ਹੁੰਦਾ। ਉਥੋਂ ਦਾ ਭਾਈ ਬੱਚਿਆਂ ਨੂੰ ਪੈਂਤੀ ਵੀ ਸਿਖਾਉਂਦਾ। ਗੁਰਪੁਰਬ ਮਨਾਏ ਜਾਂਦੇ, ਰਾਤਰੀ ਦੀਵਾਨ ਸਜਦੇ।

**ਹੱਟੀਆਂ/ਭੱਠੀਆਂ:** ਅਲਖੂ ਬ੍ਰਾਹਮਣ ਅਤੇ ਰਾਮ ਚੰਦ ਅਰੋੜਾ ਕਰਿਆਨਾ, ਮੁਸਲਿਮ ਜਾਂਗਲੀ ਭਰਾ ਜੱਲੂ-ਬੱਲੂ-ਨੱਥੀ ਲੁਹਾਰਾ, ਫ਼ਤਿਹ ਮੁਹੰਮਦ ਕਰਿਆਨਾ ਅਤੇ ਕੋਹਲੂ ਚਲਾਉਂਦੇ। ਮੁਸਲਿਮ ਬੱਗੇ ਦਾ ਮੁੰਡਾ ਮੁਹੰਮਦ ਬੂਟਾ ਮੋਚੀ ਪੁਣੇ ਦੇ ਨਾਲ ਲਲਾਰੀ ਦੀ ਵੀ ਹੱਟੀ ਕਰਦਾ। ਉਹਦੇ ਘਰੋਂ ਬੇਗੀ ਸਰਦਾਰਾਂ ਦੇ ਘਰਾਂ 'ਚ ਕੰਮ ਕਰਦੀ। ਤੇਲੀਆਂ ਦਾ ਜਵਾਈ ਅੱਲ੍ਹਾ ਬਖ਼ਸ਼ ਵੀ ਆਪਣੇ ਸਹੁਰੇ ਨਾਲ਼ ਕੋਹਲੂ ਚਲਾਉਂਦਾ। ਤਖਾਣਾਂ ਕੰਮ 96 ਚੱਕ ਮਾੜੀ ਰੱਖ ਬਰਾਂਚ ਤੋਂ ਦੋ ਮੁਸਲਿਮ ਭਰਾ ਕਰਦੇ। ਧੰਨੋ ਝੀਰੀ ਭੱਠੀ ਤੇ ਦਾਣੇ ਭੁੰਨਦੀ ਉਹਦੇ ਘਰੋਂ ਰਾਜੂ ਖੂਹੀ 'ਚੋਂ ਲੋਕਾਂ ਦੇ ਘਰਾਂ ਵਿਚ ਘੜਿਆਂ ਨਾਲ਼ ਪਾਣੀ ਢੋਂਹਦਾ।

**ਵਿਆਹ:** ਮੇਰਾ ਵਿਆਹ ਅਠਾਰਵੇਂ ਸਾਲ 1944 ਵਿਚ ਬਾਰ ਵਿਚ ਹੀ 98 ਚੱਕ ਰੁੜਕਾ ਦੇ ਸੰਤ ਸਿੰਘ ਬਸਰਾ ਪੁੱਤਰ ਭਾਨ ਸਿੰਘ ਨਾਲ਼ ਹੋਇਆ, ਜਿਨ੍ਹਾਂ ਦਾ ਪਿਛਲਾ ਜੱਦੀ ਪਿੰਡ ਇਧਰ ਅੱਟੀ-ਗੁਰਾਇਆਂ ਸੀ। ਉਧਰ ਰੁੜਕੇ ਮੇਰੀ ਮਾਸੀ ਹੁਕਮ ਕੌਰ ਦਲੀਪ ਸਿੰਘ ਨੂੰ ਵਿਆਹੀ ਹੋਈ ਸੀ। ਉਹੀ ਮੇਰੀ ਵਿਚੋਲਣ ਬਣੀ। ਉਹ ਚੱਕ ਇਧਰੋਂ ਰੁੜਕਿਓਂ-ਗੁਰਾਇਆਂ ਤੋਂ ਗਏ ਸੰਧੂ ਜੱਟ ਸਿੱਖਾਂ ਨੇ ਆਬਾਦ ਕੀਤਾ ਸੀ, ਸੋ ਉਨ੍ਹਾਂ ਦੀ ਹੀ ਬਹੁ ਵਸੋਂ ਸੀ, ਉਥੇ।

**ਕਤਲੇਆਮ ਦਾ ਸਹਿਮ:** ਜਦ ਮਾਰ ਮਰੱਈਏ ਦਾ ਰੌਲ਼ਾ ਪਿਆ, ਤਾਂ ਮੈਂ ਉਦੋਂ ਆਪਣੇ ਨਾਨਕੇ ਪਿੰਡ 93 ਨਕੋਦਰ ਸਾਂ। ਉਥੋਂ ਸਾਰੇ ਮੁਸਲਮਾਨ ਪਰਿਵਾਰ ਉਠ ਕੇ ਮੁਸਲਿਮ ਬਹੁ ਵਸੋਂ ਵਾਲੇ ਨਜ਼ਦੀਕੀ ਪਿੰਡ ਕੋਟ ਦਯਾ ਕਿਸ਼ਨ ਜੋਂ ਸਾਨੂੰ 'ਟੇਸ਼ਣ ਵੀ ਲੱਗਦਾ ਸੀ, ਵਿਚ ਚਲੇ ਗਏ। ਸਾਡੇ ਪਿੰਡਾਂ ਵਿਚ ਕਿਉਂ ਜੋ ਸਿੱਖ ਆਬਾਦੀ ਦੀ ਬਹੁਤਾਤ ਅਤੇ ਜ਼ੋਰ ਸੀ, ਇਸ ਕਰਕੇ ਕੋਈ ਹਮਲਾ ਨਾ ਹੋਇਆ। ਪਰ ਮੁਸਲਿਮ ਬਲੋਚ ਮਿਲਟਰੀ ਅੰਦਰੋਂ ਹਿੰਦੂ-ਸਿੱਖਾਂ ਦੀ ਖ਼ੈਰ-ਖੁਆਹ ਨਹੀਂ ਸੀ।

**-ਤੇ ਕਾਫ਼ਲਾ ਤੁਰ ਪਿਆ:** ਇਵੇਂ ਇਕ ਦਿਨ ਰਸਤੇ ਦਾ ਖਾਣਾ-ਪੀਣਾ ਅਤੇ ਜ਼ਰੂਰੀ ਸਮਾਨ ਗੱਡਿਆਂ 'ਤੇ ਲੱਦ ਕੇ, ਪਿੰਡ ਨੂੰ ਅਖ਼ੀਰੀ ਫਤਹਿ ਬੁਲਾ ਕਾਫ਼ਲਾ ਜੜ੍ਹਾਂ ਵਾਲਾ ਵੰਨੀ ਤੁਰ ਪਿਆ। 19-20 ਚੱਕ ਦੇ ਨਹਿਰੀ ਪੁੱਲ਼ 'ਤੇ ਪਹੁੰਚੇ, ਤਾਂ ਪਹਿਰੇ 'ਤੇ ਖੜ੍ਹੀ ਮੁਸਲਿਮ ਮਿਲਟਰੀ ਨੇ ਗੋਲ਼ੀ ਚਲਾਈ। ਕਈ ਬੰਦੇ ਮਾਰੇ ਗਏ, ਜਿਨ੍ਹਾਂ ਵਿਚ ਜਥੇ ਦੀ ਅਗਵਾਈ ਕਰਨ ਵਾਲਾ 18 ਚੱਕ ਦਾ ਜਥੇਦਾਰ ਕਾਹਨ ਸਿੰਘ ਲੰਬੜਦਾਰ ਵੀ ਸ਼ਾਮਲ ਹੈ ਸੀ। ਕਾਫ਼ਲਾ ਖਿੰਡ ਗਿਆ। ਕਈ ਸਰ ਗੰਗਾ ਰਾਮ ਦੇ ਚੱਕ ਅਤੇ ਕਈ ਨਨਕਾਣਾ ਸਾਹਿਬ ਦੇ ਕੈਂਪ ਵਿਚ ਚਲੇ ਗਏ। ਕੈਂਪ 'ਚ ਹਫ਼ਤੇ ਦੇ ਠਹਿਰਾ ਉਪਰੰਤ ਮਿਲਟਰੀ ਦੇ ਟਰੱਕਾਂ ਵਿਚ ਸਵਾਰ ਹੋ ਕੇ ਅੰਬਰਸਰ ਆਣ ਉਤਰੇ। ਉਥੋਂ ਗੱਡੀ ਫੜ੍ਹ ਜਲੰਧਰ ਆਏ। 'ਟੇਸ਼ਣ 'ਤੇ ਪਤਾ ਲੱਗਾ ਕਿ ਜਮਸ਼ੇਰ-ਖਾਬਲਕੇ 'ਟੇਸ਼ਣ ਵਿਚਕਾਰੋਂ ਭਾਰੀ ਬਰਸਾਤ ਕਾਰਨ ਰੇਲਵੇ ਲੈਨ ਹੜ੍ਹ ਗਈ ਐ। ਸੋ ਲੈਨੇ ਲੈਨ ਤੁਰੇ ਆਏ। ਖਾਬਲਕੇ 'ਟੇਸ਼ਣ 'ਤੇ ਆ ਕੇ ਲੰਗਰ ਛਕਿਆ। ਫਿਰ ਹੋ ਤੁਰੇ ਆਪਣੇ ਨਾਨਕਿਆਂ ਨਾਲ਼। ਨਾਨਕੇ ਘਰ ਨਕੋਦਰ ਢਲਦੀ ਸ਼ਾਮ ਤੱਕ, ਕੱਟੀਆਂ-ਵੱਢੀਆਂ ਲਾਸ਼ਾਂ ਨੂੰ ਵੇਂਹਦੇ, ਵਬਾ-ਫਾਕਿਆਂ-ਥਕਾਣਾਂ ਨਾਲ ਘੁਲ਼ਦੇ, ਦੁਸ਼ਵਾਰੀਆਂ ਝੱਲਦੇ ਜਾਨ ਬਚਾਉਂਦਿਆਂ ਆਣ ਪਹੁੰਚੇ।

------0------

ਬਾਰ ਦੇ ਰੁੜਕਿਓਂ ਮੇਰਾ ਸਹੁਰਾ ਪਰਿਵਾਰ ਵੀ ਸੁੱਖ ਸਬੀਲੀ ਆਪਣੇ ਪਿਛਲੇ ਜੱਦੀ ਪਿੰਡ ਅੱਟੀ-ਗੁਰਾਇਆਂ ਆਣ ਪਹੁੰਚਿਆ, ਜਿਨ੍ਹਾਂ ਨੂੰ ਪੱਕੀ ਪਰਚੀ ਤੇਹਿੰਗ-ਫਿਲੌਰ ਦੀ ਪਈ। ਹੁਣ ਤੱਕ ਉਹੀ ਖਾਂਦੇ ਹਾਂ।

ਉਦੋਂ ਪੁਰਾਣੇ ਸਮਿਆਂ ਵਿਚ ਕੁੜੀਆਂ ਨੂੰ ਪੜ੍ਹਾਉਣ ਦਾ ਰਿਵਾਜ਼ ਕੋਈ ਨਾ ਸੀ। ਇਕ ਭਜਨੀਕ ਪੁਰਸ਼ ਸ. ਬਾਵਾ ਸਿੰਘ ਹੇਅਰ ਨੇ ਹਿੰਮਤ ਕਰਕੇ ਲਿੱਤਰਾਂ ਵਿਚ ਲੜਕੀਆਂ ਦਾ ਵੱਖਰਾ ਪ੍ਰਾਇਮਰੀ ਸਕੂਲ ਖੁੱਲ੍ਹਵਾ ਦਿੱਤਾ। ਸਰਦੇ ਜਾਂ ਜਗਿਆਸੂ ਘਰਾਂ ਦੀਆਂ ਕੁੜੀਆਂ ਹੀ ਵਿਰਲੀਆਂ ਵਾਂਝੀਆਂ ਪੜ੍ਹਦੀਆਂ। ਮੁਸਲਿਮ ਆਪਣੀਆਂ ਕੁੜੀਆਂ ਨੂੰ ਤਾਂ ਉਕਾ ਹੀ ਨਾ ਪੜ੍ਹਾਉਂਦੇ। ਮੈਂ ਅਤੇ ਮੇਰਾ ਭਰਾ ਬਖਸ਼ੀਸ਼ ਸਿੰਘ ਇਧਰ ਲਿੱਤਰਾਂ ਵਿਚੋਂ ਪ੍ਰਾਇਮਰੀ ਸਕੂਲ ਪਾਸ ਕਰਕੇ 1937 ਵਿਚ ਬਾਰ ਦੇ ਆਪਣੇ ਨਾਨਕੇ ਪਿੰਡ, 93 ਨਕੋਦਰ ਨਾਨਕਿਆਂ ਪਾਸ ਚਲੇ ਗਏ। ਉਨ੍ਹਾਂ ਨਾਲ਼ ਖੇਤੀਬਾੜੀ ਅਤੇ ਲਾਣਾ ਸਾਂਭਣ ਵਿਚ ਹੱਥ ਵਟਾਉਂਦੇ ਰਹੇ।

ਮੇਰੇ ਘਰ ਤਿੰਨ ਪੁੱਤਰ ਗੁਰਮੇਲ ਸਿੰਘ, ਮੱਘਰ ਸਿੰਘ, ਕੁਲਵੀਰ ਸਿੰਘ ਅਤੇ ਬੇਟੀ ਗੁਰਬਖਸ਼ ਕੌਰ ਪੈਦਾ ਹੋਏ।

'ਪਿਓ ਰਿਹਾ ਨਾ ਬਾਬਾ-ਵਲੈਤ ਨੇ ਪੱਟਿਆ ਦੋਆਬਾ' ਦੇ ਅਖਾਣ ਮੁਤਾਬਕ ਧੀਆਂ-ਪੁੱਤਰਾਂ ਦੇ ਪਰਿਵਾਰ ਤਾਂ ਬਿਹਤਰ ਭਵਿੱਖ ਦੀ ਉਮੀਦ ਨਾਲ ਵਿਦੇਸ਼ਾਂ ਵਿਚ ਜਾ ਵਸੇ। ਹੁਣ ਮੇਰੀ ਬੇਟੀ ਇਥੇ ਟਹਿਲ ਸੇਵਾ ਲਈ ਆਈ ਹੋਈ ਐ, ਜਿਸ ਆਸਰੇ ਜ਼ਿੰਦਗੀ ਦਾ ਪਿਛਲਾ ਪੰਧ ਹੰਢਾਅ ਰਹੀ ਆਂ। ਬਾਰ ਦੀਆਂ ਯਾਦਾਂ ਬੀਤੇ ਕੱਲ੍ਹ ਦੀ ਤਰ੍ਹਾਂ ਹਾਲੇ ਵੀ ਮੇਰੇ ਦਿਲ ਵਿਚ ਵਸੀਆਂ ਹੋਈਆਂ ਨੇ, ਜੋ ਭੁਲਾਇਆਂ ਵੀ ਨਹੀਂ ਭੁੱਲਦੀਆਂ।

ਖੱਬਿਓਂ ਜਥੇਦਾਰ ਤਰਲੋਕ ਸਿੰਘ ਜੌਹਲ 93 ਚੱਕ ਨਕੋਦਰ, ਬੀਬਾ ਗੁਰਬਖਸ਼ ਕੌਰ, ਲੇਖ਼ਕ ਅਤੇ ਮਾਈ ਮਹਿੰਦਰ ਕੌਰ ਬਸਰਾ ਮੁਲਾਕਾਤ ਸਮੇਂ।



---

# ਅਦਲੇ ਦਾ ਬਦਲਾ

ਸਤਵੀਰ ਸਿੰਘ ਚਾਨੀਆਂ
92569-73526
(Punjab Mail USA)



ਸੁਭਾਸ਼ ਚੰਦਰ ਪੁੱਤਰ ਸ਼੍ਰੀ ਪ੍ਰਤਾਪ ਮੇਰੇ ਪਿੰਡ ਅਤੇ ਮਿੱਤਰਚਾਰੇ 'ਚੋਂ ਨੇ, ਜੋ ਲੰਬੇ ਸਮੇਂ ਤੋਂ ਹਿਸਾਰ ਵਿਖੇ ਰਿਹਾਇਸ਼ ਪੁਜੀਰ ਨੇ। ਇਕ ਦਿਨ ਉਨ੍ਹਾਂ ਮੁਲਾਕਾਤ ਦੌਰਾਨ ਇਕ ਘਟਨਾ ਇੰਜ ਸਾਂਝੀ ਕੀਤੀ।- "ਕੁੱਝ ਵਰ੍ਹੇ ਪਹਿਲਾਂ ਮੈਂ ਕੋਰੀਆ ਗਿਆ ਸਾਂ। ਉਥੇ ਕੰਮ ਦੀ ਭਾਲ਼ ਵਿਚ ਕਾਫ਼ੀ ਸਮਾਂ ਇਧਰ ਉਧਰ ਭਟਕਦਾ ਰਿਹਾ। ਇਕ ਦਿਨ ਮੈਂ ਆਪਣੇ ਇਕ ਹੋਰ ਸਾਥੀ ਨਾਲ਼ ਇਕ 'ਟੇਸ਼ਣ 'ਤੇ ਉੱਤਰਿਆ। ਅਸੀਂ ਇਸ ਭਾਲ਼ ਵਿਚ ਕਾਫ਼ੀ ਸਮਾਂ ਇੰਤਜ਼ਾਰ ਵਿਚ ਖੜ੍ਹੇ ਰਹੇ ਕਿ ਕੋਈ ਹਮ ਜ਼ੁਬਾਨ ਮਿਲ਼ੇ, ਤਾਂ ਉਸ ਤੋਂ ਆਪਣੇ ਲੁਧਿਆਣੇ ਵਾਲੇ ਜਾਣੂੰ ਮਿੱਤਰ ਦੇ ਸਿਰਨਾਵੇਂ ਦੀ ਲੋਕੇਸ਼ਨ ਸਮਝ ਸਕੀਏ। ਅਚਾਨਕ ਮੇਰੀ ਨਜ਼ਰ ਇਕ ਤੇਜ਼ ਕਦਮੀ ਚੱਲ ਰਹੇ ਨੌਜਵਾਨ 'ਤੇ ਪਈ, ਜੋ ਆਪਣੇ ਮੋਬਾਈਲ 'ਤੇ ਠੇਠ ਪੰਜਾਬੀ ਅਤੇ ਉਚੀ ਸੁਰ ਵਿਚ ਕਿਸੇ ਨਾਲ਼ ਗੱਲਾਂ ਕਰ ਰਿਹਾ ਸੀ। ਉਸ ਨੂੰ ਦੇਖਦਿਆਂ, ਸੁਣਦਿਆਂ ਹੀ ਮੇਰੇ ਕੰਨ ਖੜ੍ਹੇ ਹੋ ਗਏ। ਮੈਂ ਬਿੰਦ ਝੱਟ ਵਿਚ ਹੀ ਉਸ ਦਾ ਰਸਤਾ ਰੋਕ ਕੇ ਬੜੀ ਅਪਣੱਤ ਨਾਲ ਸਤਿ ਸ੍ਰੀ ਆਕਾਲ ਜਾ ਬੁਲਾਈ। ਉਸ ਪੁੱਛਿਆ, "ਸਰਦਾਰ ਸਾਬ ਕਿੱਥੋਂ ਹੋ ?, ਮੈਂ ਕਿਹਾ, ਜਲੰਧਰੀਏ ਆਂ ਬਾਈ। ਤਾਂ ਉਸ ਨੇ ਧਾਹ ਕੇ ਗੱਲਵਕੜੀ ਪਾ ਲਈ। ਜਦ ਪਕੜ ਕੁੱਝ ਢਿੱਲੀ ਹੋਈ, ਤਾਂ ਮੈਂ ਦੇਖਿਆ ਕਿ ਉਸ ਦੀਆਂ ਅੱਖਾਂ ਨਮ ਸਨ। ਮੈਂ ਉਸ ਨੂੰ ਹੈਰਤ ਨਾਲ਼ ਆਪਣੇ ਬਾਰੇ ਕੁੱਝ ਦੱਸਣ ਲਈ ਪੁੱਛਿਆ। ਤਾਂ ਉਸ ਨੇ ਦੱਸਿਆ, "ਮੈਂ ਲਾਹੌਰ ਤੋਂ ਪੰਜਾਬੀ ਮੁਸਲਿਮ ਹਾਂ। ਮੈਂ ਪ੍ਰਧਾਨ ਮੰਤਰੀ ਜਨਾਬ ਨਵਾਜ਼ ਸ਼ਰੀਫ਼ ਸਾਹਿਬ ਦੀ ਗੱਡੀ ਦਾ ਡਰਾਈਵਰ ਸਾਂ। ਜਦ ਫ਼ੌਜੀ ਚੀਫ਼ ਕਮਾਂਡਰ ਜਨਾਬ ਮੁਸ਼ੱਰਫ਼ ਸਾਬ ਨੇ ਤਖਤਾਂ ਪਲਟ ਕੇ ਰਾਜ ਭਾਗ ਆਪ ਸਾਂਭ ਲਿਆ, ਤਾਂ ਮੈਂ ਇਧਰ ਭੱਜ ਆਇਆ। ਮੇਰੇ ਪਿਤਾ ਜੀ ਜਲੰਧਰ ਦੇ ਪਿੰਡ ਤੱਲਣ ਤੋਂ ਸਨ। ਮੈਂ ਇਕ ਦਫ਼ਾ ਤੱਲਣ ਜਾ ਆਇਆ ਹਾਂ। ਪਿੰਡ ਦੇ ਮੁੰਡਿਆਂ ਨੇ ਇਕ ਬਜ਼ੁਰਗ ਮਾਈ ਲੱਭ ਕੇ ਲਿਆਂਦੀ। ਉਸ ਮਾਈ ਨੇ ਆਉਂਦਿਆਂ ਹੀ ਸਵਾਲ ਕੀਤਾ, "ਵੇ ਤੂੰ ਫੱਤੇ ਦਾ ਮੁੰਡਾ ਆਂ ?" ਮੇਰੇ ਹਾਂ ਕਹਿੰਦਿਆਂ ਹੀ ਉਹ ਜੱਫ਼ੀ ਪਾ ਕੇ ਰੋਣ ਲੱਗੀ। ਮੈਂ ਕਰੀਬ ਇਕ ਹਫ਼ਤਾ ਰਿਹਾ ਉਥੇ। ਪੰਜਾਬੀਆਂ ਨੇ ਖਲਾ-ਖਲਾ ਮਾਰ ਦੇਣਾ ਸੀ ਮੈਨੂੰ। ਇੰਨੀ ਅਪਣੱਤ ਅਤੇ ਮਹਿਮਾਨ ਨਿਵਾਜ਼ੀ ਮੈਂ ਅੱਜ ਤੱਕ ਕਿਧਰੇ ਨਹੀਂ ਡਿੱਠੀ।" ਉਹ ਧਿੰਗੋਜ਼ੋਰੀ ਸਾਨੂੰ ਆਪਣੇ ਘਰ ਲੈ ਗਿਆ। ਰਾਤ ਰੱਖਿਆ, ਖ਼ੂਬ ਟਹਿਲ ਸੇਵਾ ਕੀਤੀ। ਅਗਲੇ ਦਿਨ ਸਾਡੇ ਦੱਸੇ ਪਤੇ 'ਤੇ ਛੱਡ ਆਇਆ। ਮੈਨੂੰ ਲੱਗਾ ਕਿ ਉਸ ਨੇ ਤੱਲਣ ਵਾਲਿਆਂ ਵਲੋਂ ਕੀਤੀ ਮਹਿਮਾਨ ਨਿਵਾਜ਼ੀ ਦੇ ਅਦਲੇ ਦਾ ਬਦਲਾ ਲੈ ਲਿਆ ਹੈ।"

# ਜਦੋਂ ਮੈਂ ਮੌਤ ਦੇ ਮੂੰਹ ਤੋਂ ਇੱਕ-ਦੋ ਸਕਿੰਟ ਦੂਰ ਰਹਿ ਗਿਆ

ਜਸਪਾਲ ਸਿੰਘ ਨਾਗਰਾ
'ਮਹਿੰਦਪੁਰੀਆ'
ਯੂਬਾ ਸਿਟੀ, ਕੈਲੀਫੋਰਨੀਆ (ਅਮਰੀਕਾ)
ਫੋਨ:+1-360-448-
ਪੰਜਾਬ ਮੇਲ USA






ਸਾਲ 2020 ਅਕਤੂਬਰ ਮਹੀਨੇ ਦੀ ਗੱਲ ਹੈ। ਸਵੇਰ ਦੇ ਅੱਠ ਕੁ ਵਜੇ ਦਾ ਸਮਾਂ ਸੀ। ਮੈਂ ਯੂਬਾ ਸਿਟੀ ਤੋਂ ਪੋਰਟਲੈਂਡ ਦਾ ਲੋਡ ਲੈ ਕੇ ਗਰਿਡਲੀ ਸ਼ਹਿਰ ਤੋਂ ਦਸ ਕੁ ਮੀਲ ਅੱਗੇ ਜਾ ਰਿਹਾ ਸੀ। ਮੌਸਮ ਬਿਲਕੁਲ ਸਾਫ ਸੀ। ਸਾਹਮਣੇ ਤੋਂ ਮੇਰੀ ਲੇਨ ਵਿਚ ਇੱਕ ਕਾਰ ਆਉਂਦੀ ਦਿਖਾਈ ਦਿੰਦੀ ਹੈ। ਮੈਂ ਪਹਿਲਾਂ ਤਾਂ ਇਹ ਹੀ ਸੋਚਦਾ ਰਿਹਾ ਕਿ ਉਸ ਕਾਰ ਦਾ ਚਾਲਕ ਨੇੜੇ ਆ ਕੇ ਆਪਣੇ ਵਾਲੀ ਲੇਨ ਵਿਚ ਚਲਾ ਜਾਵੇਗਾ ਪਰ ਅਜਿਹਾ ਨਹੀਂ ਹੋਇਆ। ਜਦੋਂ ਕਾਰ ਬਿਲਕੁਲ ਹੀ ਟਰੱਕ ਵਿਚ ਵੱਜਣ ਤੋਂ ਇੱਕ-ਦੋ ਸਕਿੰਟ ਦੀ ਦੂਰੀ 'ਤੇ ਰਹਿ ਗਈ, ਤਾਂ ਮੈਂ ਫੁਰਤੀ ਵਰਤਦੇ ਹੋਏ ਟਰੱਕ ਦਾ ਮੂੰਹ ਉਸ ਲੇਨ ਵੱਲ੍ਹ ਮੋੜ ਲਿਆ, ਜਿਸ ਲੇਨ ਵਿਚ ਸਾਹਮਣੇ ਵਾਲੀ ਕਾਰ ਨੇ ਆਉਣਾ ਸੀ। ਸਬੱਬੀ ਉਹ ਲੇਨ ਖਾਲੀ ਸੀ। ਕਾਰ ਟਰੱਕ ਦੇ ਸੱਜੇ ਪਾਸੇ ਐਨੀ ਜ਼ੋਰ ਦੀ ਵੱਜੀ ਕਿ ਪਹਿਲਾਂ ਤੇਲ ਦਾ ਟੈਂਕ ਤੋੜਿਆ, ਫੇਰ ਟਰੱਕ ਦਾ ਟਾਇਰ ਫੱਟਕੇ ਟਰੇਲਰ ਦੀ ਸੱਜੀ ਨੁੱਕਰ ਟੁੱਟੀ ਤੇ ਬਾਅਦ ਵਿਚ ਟਰੇਲਰ ਦਾ ਟਾਇਰ ਵੀ ਬਾਹਰ ਕੱਢਕੇ ਮਾਰਿਆ। ਟਰੱਕ ਅੱਗੇ ਤੁਰਨ ਤੋਂ ਜਵਾਬ ਦੇ ਗਿਆ। ਮੈਂ ਇੱਕਦਮ ਘਬਰਾਇਆ ਤਾਂ ਜ਼ਰੂਰ ਪਰ ਜਦੋਂ ਮੈਂ ਮਹਿਸੂਸ ਕੀਤਾ ਕਿ ਮੈਨੂੰ ਤਾਂ ਝਟਕਾ ਤੱਕ ਨੀਂ ਲੱਗਾ, ਫੇਰ ਮੈਂ ਛੇਤੀ ਹੀ ਸਹਿਜ ਅਵਸਥਾ ਵਿਚ ਆ ਗਿਆ। ਸਭ ਤੋਂ ਪਹਿਲਾਂ ਮੈਂ ਕੰਪਨੀ ਦੇ ਮਾਲਕ ਆਪਣੇ ਭਾਣਜੇ ਸਰਬਜੀਤ ਸਿੰਘ ਸਾਬੀ ਨੂੰ ਫੋਨ ਮਿਲਾਇਆ। ਚੰਗੀ ਗੱਲ ਇਹ ਹੋਈ ਕਿ ਉਸਨੇ ਫੋਨ ਵੀ ਪਹਿਲੀ ਰਿੰਗ 'ਤੇ ਹੀ ਉਠਾ ਲਿਆ। ਮੈਂ ਉਸਨੂੰ ਇਸ ਦੁਰਘਟਨਾ ਦੀ ਸਾਰੀ ਜਾਣਕਾਰੀ ਦਿੱਤੀ। ਉਸਨੇ ਮੈਨੂੰ ਹੌਂਸਲਾ ਦਿੰਦੇ ਹੋਏ ਕਿਹਾ ਕਿ ਮਾਮਾ ਕੋਈ ਗੱਲ ਨੀਂ, ਤੁਸੀਂ ਸੱਟ ਚੋਟ ਤੋਂ ਬਚ ਗਏ, ਜੋ ਕਿ ਸਭ ਤੋਂ ਵਧੀਆ ਗੱਲ ਹੈ। ਬਾਕੀ ਫਿਕਰ ਕਰਨ ਦੀ ਕੋਈ ਲੋੜ ਨਹੀਂ, ਅਸੀ ਆਪ ਹੀ ਸਿੱਝ ਲੈਣਾ ਹੈ। ਉਸ ਦੀਆਂ ਇਨ੍ਹਾਂ ਗੱਲਾਂ ਨੇ ਮੈਨੂੰ ਪੂਰਾ ਕਾਇਮ ਕਰ ਦਿੱਤਾ।

ਟਰੱਕ ਵਿਚ ਪੰਜ-ਸੱਤ ਮਿੰਟ ਬੈਠੇ ਰਹਿਣ ਮਗਰੋਂ ਮੈਂ ਬਾਹਰ ਨਿਕਲ ਕੇ ਪਿੱਛੇ ਵੱਲ੍ਹ ਗਿਆ, ਤਾਂ ਵੇਖਿਆ ਕਿ ਕਾਰ ਸੜਕ ਤੋਂ ਪੰਦਰਾਂ-ਵੀਹ ਫੁੱਟ ਦੂਰ ਖੇਤ ਵਿਚ ਸਹੀ ਅਵਸਥਾ 'ਚ ਖੜ੍ਹੀ ਸੀ ਤੇ ਕਾਰ ਦੀ ਚਾਲਕ ਇੱਕ ਜਨਾਨੀ ਕਾਰ ਦੇ ਬਾਹਰ ਖੜ੍ਹੀ ਸੀ। ਕਾਰ ਵਿਚ ਉਸਦੇ ਨਾਲ ਵਾਲੀ ਸੀਟ 'ਤੇ ਬੈਠੀ ਕੁੜੀ ਬੇਹੋਸ਼ੀ ਦੀ ਹਾਲਤ ਵਿਚ ਆਪਣੀ ਸੀਟ 'ਤੇ ਹੀ ਸੀ। ਕਾਰ ਦੇ ਕੋਲ ਇੱਕ ਪੁਲਿਸ ਅਫਸਰ ਵੀ ਖੜ੍ਹਾ ਸੀ, ਜਿਸਨੇ ਬਾਅਦ ਵਿਚ ਮੇਰੇ ਬਿਆਨ ਲੈਂਦੇ ਸਮੇਂ ਦੱਸਿਆ ਕਿ ਉਹ ਮੇਰੇ ਟਰੱਕ ਦੇ ਮਗਰ ਹੀ ਆ ਰਿਹਾ ਸੀ। ਉਸਨੇ ਜਦੋਂ ਮੇਰੇ ਬਿਆਨ ਦਰਜ ਕੀਤੇ, ਤਾਂ ਉਹ ਮੇਰੀਆਂ ਗੱਲਾਂ ਤੋਂ ਸੰਤੁਸ਼ਟ ਨਜ਼ਰ ਆਇਆ। ਉਹ ਇੱਕ ਚਸ਼ਮਦੀਦ ਗਵਾਹ ਸੀ। ਪੁਲਿਸ ਵਾਲਿਆਂ ਨੇ ਕੁੱਝ ਹੋਰ ਰਾਹਗੀਰਾਂ ਤੋਂ ਘਟਨਾ ਦੀ ਜਾਣਕਾਰੀ ਲਈ, ਜੋ ਕਿ ਮੇਰੇ ਹੱਕ ਵਿਚ ਹੀ ਸੀ। ਦੁਰਘਟਨਾ ਤੋਂ 35-40 ਮਿੰਟ ਬਾਅਦ ਇੱਕ ਹੈਲੀਕਪਟਰ ਆਇਆ, ਜੋ ਗੰਭੀਰ ਅਵਸਥਾ ਵਾਲੀ ਕੁੜੀ ਨੂੰ ਹਸਪਤਾਲ ਲੈ ਗਿਆ।

ਮੈਨੂੰ ਲੈਣ ਲਈ ਮੇਰਾ ਇੱਕ ਰਿਸ਼ਤੇਦਾਰ ਆਇਆ, ਜਿਸ ਨਾਲ ਮੈਂ ਵਾਪਸ ਯੂਬਾ ਸਿਟੀ ਚਲਾ ਗਿਆ। ਟਰੱਕ ਅਤੇ ਟਰੇਲਰ ਪੁਲਿਸ ਵਾਲਿਆਂ ਨੇ ਆਪ ਹੀ ਟੋਅ ਕਰਵਾਕੇ ਕਿਸੇ ਸੇਫ ਜਗ੍ਹਾ 'ਤੇ ਭੇਜ ਦਿੱਤਾ, ਜੋ ਕਿ ਕਈ ਦਿਨਾਂ ਬਾਅਦ ਕੰਪਨੀ ਦੇ ਸਪੁਰਦ ਕੀਤਾ ਗਿਆ। ਇਸ ਦੁਰਘਟਨਾ ਤੋਂ ਦਸ ਕੁ ਦਿਨ ਬਾਅਦ ਮੇਰੇ ਨਾਂ 'ਤੇ ਮੇਰੇ ਘਰ ਪੁਲਿਸ ਵਿਭਾਗ ਦੀ ਇੱਕ ਚਿੱਠੀ ਆਈ, ਜਿਸ ਵਿਚ ਸਪੱਸ਼ਟ ਤੌਰ 'ਤੇ ਲਿਖਿਆ ਸੀ ਕਿ ਕਾਰ ਚਾਲਕ ਨੇ ਆਤਮ ਹੱਤਿਆ (ਸੂਸਾਈਡ) ਕਰਨ ਦੇ ਮਕਸਦ ਨਾਲ ਕਾਰ ਮੇਰੀ ਲੇਨ ਵਿਚ ਲਿਆਂਦੀ ਸੀ। ਜੇ ਭਲਾ ਉਸਦੀ ਕਾਰ ਬਿਲਕੁਲ ਸਾਹਮਣੇ ਤੋਂ ਟਰੱਕ ਵਿਚ ਵੱਜ ਜਾਂਦੀ, ਤਾਂ ਉਹਦੀ ਆਤਮ ਹੱਤਿਆ ਦੀ ਇੱਛਾ ਤਾਂ ਪੂਰੀ ਹੋ ਹੀ ਜਾਣੀ ਸੀ ਤੇ ਦੋ ਜਾਨਾਂ ਹੋਰ ਅਜਾਈਂ ਹੀ ਚਲੇ ਜਾਣੀਆਂ ਸਨ। ਇਸ ਘਟਨਾ ਨੇ ਸਾਬਿਤ ਕਰ ਦਿੱਤਾ 'ਜਿਸ ਕੋ ਰਾਖੇ ਸਾਈਆਂ, ਮਾਰ ਸਕੇ ਨਾ ਕੋਏ'। ਅਜਿਹੀ ਘਟਨਾ ਘਟਣ ਤੋਂ ਬਾਅਦ ਹਰ ਕਿਸੇ ਦੇ ਦਿਮਾਗ ਵਿਚ ਇਹ ਗੱਲ ਜ਼ਰੂਰ ਆਉਂਦੀ ਹੈ ਕਿ ਕਿਸੇ ਨੂੰ ਲਿਆ ਦਿੱਤਾ ਸਹਾਈ ਹੋ ਗਿਆ ਹੈ। ਜਦੋਂ ਤੁਸੀਂ ਜ਼ਿੰਦਗੀ ਵਿਚ ਕਿਸੇ ਲਈ ਕੁੱਝ ਕਰਦੇ ਹੋ, ਤਾਂ ਉਸਦੀਆਂ ਦੁਆਵਾਂ ਜ਼ਰੂਰ ਲੱਗਦੀਆਂ ਹਨ। ਪੁਲਿਸ ਰਿਪੋਰਟ ਵਿਚ ਦੋਸ਼ੀ ਦਾ ਸਿਰਫ ਨਾਮ ਹੀ ਦੱਸਿਆ ਜਾਂਦਾ ਹੈ। ਇਸ ਤੋਂ ਇਲਾਵਾ ਉਸ ਬਾਰੇ ਜੋ ਵੀ ਜਾਣਕਾਰੀ ਹੁੰਦੀ ਹੈ, ਉਹ ਪੁਲਿਸ ਵਿਭਾਗ ਵਲੋਂ ਗੁਪਤ ਰੱਖੀ ਜਾਂਦੀ ਹੈ। ਬਾਅਦ ਵਿਚ ਮੈਨੂੰ ਜ਼ਖਮੀ ਲੜਕੀ ਦੀ ਕੋਈ ਸੂਚਨਾ ਤਾਂ ਨਹੀਂ ਮਿਲੀ ਪਰ ਮੈਂ ਉਸਦੇ ਤੰਦਰੁਸਤ ਹੋਣ ਦੀਆਂ ਦਿਲੋਂ ਦੁਆਵਾਂ ਜ਼ਰੂਰ ਕਰਦਾ ਰਿਹਾ।

ਜ਼ਿੰਦਗੀ ਵਿਚ ਹਰ ਇਨਸਾਨ ਕਈ ਵਾਰ ਮਰਨ ਤੋਂ ਬੱਚਦਾ ਹੈ ਪਰ ਜੋ ਘਟਨਾ ਮੇਰੇ ਨਾਲ ਘਟੀ, ਇਹ ਕਿਸੇ ਕ੍ਰਿਸ਼ਮੇ ਤੋਂ ਘੱਟ ਨਹੀਂ ਸੀ। ਮੌਤ ਭਾਵੇਂ ਇੱਕ ਅਟੱਲ ਸੱਚਾਈ ਹੈ ਪਰ ਕਿਸੇ ਹੋਰ ਦੀ ਗਲਤੀ ਨਾਲ ਦੂਜੇ ਵਿਅਕਤੀ ਦੀ ਮੌਤ; ਉਸ ਵਿਅਕਤੀ ਨਾਲ ਬਹੁਤ ਵੱਡਾ ਅਨਿਆਂ ਹੈ। ਸਾਨੂੰ ਸਭ ਨੂੰ ਚਾਹੀਦਾ ਹੈ ਕਿ ਜ਼ਿੰਦਗੀ ਵਿਚ ਹਮੇਸ਼ਾ ਚੰਗੇ ਕਾਰਜ ਕਰਦੇ ਰਹੋ ਅਤੇ ਪ੍ਰਮਾਤਮਾ ਵਲੋਂ ਬਖਸ਼ੀ ਸਮਰੱਥਾ ਮੁਤਾਬਕ ਲੋੜਵੰਦਾਂ ਦੀ ਮਦਦ ਜ਼ਰੂਰ ਕਰਦੇ ਰਹੋ, ਪਤਾ ਨੀਂ ਮੁਸ਼ਕਲ ਘੜੀ ਵਿਚ ਕਿਸ ਦੀਆਂ ਦੁਆਵਾਂ ਕੰਮ ਕਰ ਜਾਣ। ਇਹ ਵੀ ਇਤਫਾਕ ਹੀ ਸੀ ਕਿ ਟਰੱਕ ਲਏ ਨੂੰ ਅਜੇ ਪੰਦਰਾਂ ਕੁ ਦਿਨ ਹੀ ਹੋਏ ਸਨ। ਅਜੇ ਤਾਂ ਟਰੱਕ ਲਏ ਦਾ ਚਾਅ ਵੀ ਪੂਰਾ ਨਹੀਂ ਸੀ ਹੋਇਆ, ਜਦੋਂ ਐਡੀ ਵੱਡੀ ਦੁਰਘਟਨਾ ਘੱਟ ਗਈ। ਬੀਮਾ ਕੰਪਨੀ ਨੇ ਠੀਕ ਕਰਨ ਨੂੰ ਛੇ-ਸੱਤ ਮਹੀਨੇ ਦਾ ਸਮਾਂ ਲਾ ਦਿੱਤਾ। ਮੇਰਾ ਆਰਥਿਕ ਤੌਰ 'ਤੇ ਭਾਵੇਂ ਕਾਫੀ ਨੁਕਸਾਨ ਹੋ ਗਿਆ ਸੀ ਪਰ ਮੈਨੂੰ ਇਸ ਗੱਲ ਦੀ ਖੁਸ਼ੀ ਨੁਕਸਾਨ ਨਾਲੋਂ ਕਿਤੇ ਜ਼ਿਆਦਾ ਸੀ ਕਿ ਇਸ ਦੁਰਘਟਨਾ ਵਿਚ ਮੇਰਾ ਵਾਲ਼ ਤੱਕ ਵਿੰਗਾ ਨਹੀਂ ਸੀ ਹੋਇਆ।

ਮੈਂ ਹੁਣ ਵੀ ਜਦੋਂ ਉਸ ਸੜਕ ਤੋਂ ਲੰਘਦੇ ਸਮੇਂ ਉਸ ਸਥਾਨ 'ਤੇ ਪਹੁੰਚਦਾ ਹਾਂ, ਤਾਂ ਮੇਰੇ ਦਿਮਾਗ ਵਿਚ ਉਸ ਦੁਰਘਟਨਾ ਦਾ ਸਾਰਾ ਮੰਜ਼ਰ ਅੱਖਾਂ ਮੂਹਰੇ ਆ ਜਾਂਦਾ ਹੈ। ਦੁਨੀਆਂ ਵਿਚ ਜ਼ਿੰਦਗੀ ਤੋਂ ਕੀਮਤੀ ਕੁੱਝ ਵੀ ਨਹੀਂ ਹੈ। ਸਿਆਣਿਆਂ ਦੇ ਕਥਨ ਮੁਤਾਬਕ ਘੜੀ ਦਾ ਬਚਿਆ ਪਤਾ ਨੀਂ ਕਦੋਂ ਤੱਕ ਜੀਵਤ ਰਹੇ, ਮੇਰੇ 'ਤੇ ਅਜੇ ਤੱਕ ਇੰਨ-ਬਿੰਨ ਲਾਗੂ ਹੋ ਰਿਹਾ ਹੈ। ਮੈਂ ਅੱਜ ਵੀ ਉਸ ਪ੍ਰਮਾਤਮਾ ਦਾ ਸ਼ੁਕਰਗੁਜਾਰ ਹਾਂ, ਜਿਸ ਨੇ ਮੌਤ ਦੇ ਮੂੰਹ ਪੈਣੋਂ ਹੱਥ ਦੇ ਕੇ ਬਚਾ ਲਿਆ। ਦੋਸਤੋ ਜ਼ਿੰਦਗੀ ਨੂੰ ਚੜ੍ਹਦੀ ਕਲਾ ਵਿਚ ਰਹਿਕੇ ਜੀਵੋ। ਚੱਲਦੇ ਸਾਹ ਕਿਸੇ ਵੇਲੇ ਵੀ ਰੁੱਕ ਸਕਦੇ ਹਨ, ਕਿਸੇ ਨੂੰ ਕੁੱਝ ਨਹੀਂ ਪਤਾ ਕਿ ਅੰਦਰ ਗਿਆ ਸਾਹ ਬਾਹਰ ਆਉਣਾ ਹੈ ਕਿ ਨਹੀਂ। ਸਾਡੇ ਜੀਵਨ ਵਿਚ ਕਈ ਵਾਰ ਅਜਿਹੀਆਂ ਘਟਨਾਵਾਂ ਘੱਟ ਜਾਂਦੀਆਂ ਹਨ, ਜੋ ਸਾਡੀ ਜ਼ਿੰਦਗੀ ਨੂੰ ਸਾਰਥਿਕ ਬਣਾਉਣ ਵਿਚ ਅਹਿਮ ਰੋਲ ਨਿਭਾਅ ਜਾਂਦੀਆਂ ਹਨ। ਸੋਚ ਹਮੇਸ਼ਾ ਚੰਗੀ ਰੱਖੋ। ਨਿੱਜ ਤੋਂ ਬਾਹਰ ਨਿਕਲ ਕੇ ਸਰਬੱਤ ਦੇ ਭਲੇ ਦੀ ਅਰਦਾਸ ਕਰੋ। ਜਦੋਂ ਤੁਸੀਂ ਕਿਸੇ ਦਾ ਚੰਗਾ ਕਰਦੇ ਹੋ, ਤਾਂ ਪ੍ਰਮਾਤਮਾ ਆਪ ਹੀ ਤੁਹਾਡਾ ਚੰਗਾ ਕਰ ਦਿੰਦਾ ਹੈ। ਸਮਝਣ ਵਾਲੇ ਇਹ ਗੱਲ ਜ਼ਰੂਰ ਸਮਝਦੇ ਹਨ। ਚੰਗੀ ਸੋਚ ਹੀ ਚੰਗੀ ਜ਼ਿੰਦਗੀ ਦਾ ਆਧਾਰ ਹੈ। ਜਿਹੜੇ ਲੋਕ ਮੇਰੇ ਭਲੇ ਲਈ ਦਿਲੋਂ ਦੁਆਵਾਂ ਕਰਦੇ ਹਨ, ਉਨ੍ਹਾਂ ਲੋਕਾਂ ਲਈ ਜ਼ਿੰਦਗੀ ਭਰ ਮੇਰਾ ਰੋਮ-ਰੋਮ ਕਰਜਾਈ ਰਹੇਗਾ।

# ਧਿਆਨ ਮੰਗਦਾ ਬਚਪਨ

-ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ, ਐਜੂਕੇਸ਼ਨਲ
ਕਾਲਮਨਵੀਸ, ਮਲੋਟ (ਪੰਜਾਬ)
ਪੰਜਾਬ ਮੇਲ USA





ਜ਼ਿੰਦਗੀ ਦੇ ਹਰ ਪੜਾਅ ਦੀ ਆਪਣੀ ਇੱਕ ਮਹੱਤਤਾ ਹੈ। ਪਰ ਜ਼ਿੰਦਗੀ ਦਾ ਸਭ ਤੋਂ ਅਣਮੁੱਲਾ ਸਫ਼ਰ ਬਚਪਨ ਦਾ ਹੁੰਦਾ ਹੈ, ਜਿਸ ਵਿਚ ਕੋਈ ਫ਼ਿਕਰ, ਚਿੰਤਾ, ਡਰ ਨਹੀਂ ਹੁੰਦਾ। ਕਿਸੇ ਨਾਲ ਕੋਈ ਰੰਜਿਸ਼ ਨਹੀਂ ਹੁੰਦੀ। ਕੋਈ ਬਹੁਤੀਆਂ ਖਵਾਹਿਸ਼ਾਂ ਵੀ ਨਹੀਂ ਹੁੰਦੀਆਂ। ਕਿਸੇ ਵੱਲੋਂ ਦਿੱਤਾ ਇੱਕ ਰੁਪਇਆ ਵੀ ਅਜਿਹੀ ਖੁਸ਼ੀ ਦੇ ਜਾਂਦਾ, ਜਿਸ ਦੀ ਕੋਈ ਸੀਮਾ ਨਾ ਹੁੰਦੀ। ਬਚਪਨ ਹੈ ਹੀ ਏਨਾ ਪਿਆਰਾ। ਪਰ ਜੇਕਰ ਦੇਖਿਆ ਜਾਵੇ, ਤਾਂ ਬਚਪਨ ਨੀਂਹ ਪੱਥਰ ਵੀ ਹੈ। ਜੀਵਨ ਦਾ ਆਧਾਰ ਵੀ ਹੈ ਬਚਪਨ। ਇੱਕ ਬੱਚਾ ਜਦੋਂ ਤੋਂ ਹੋਸ਼ ਸੰਭਾਲਦਾ ਹੈ, ਉਦੋਂ ਤੋਂ ਉਹ ਆਪਣੇ ਆਲੇ-ਦੁਆਲੇ ਦਾ ਪ੍ਰਭਾਵ ਕਬੂਲਣ ਲੱਗਦਾ ਹੈ। ਉਸਦੇ ਇਰਦ-ਗਿਰਦ ਘਟਨ ਵਾਲੀ ਹਰ ਘਟਨਾ ਦਾ ਉਸ ਉੱਪਰ ਬਹੁਤ ਤੀਬਰ ਅਸਰ ਹੁੰਦਾ ਹੈ। ਮੈਂ ਅਕਸਰ ਸੋਚਦਾ ਹੁੰਦਾ ਹਾਂ ਕਿ ਕਈ ਬਿੱਲਕੁਲ ਛੋਟੀ ਉਮਰ ਦੇ ਬੱਚੇ ਗਾਲ੍ਹਾਂ ਕੱਢਦੇ ਹੁੰਦੇ ਹਨ, ਉਸ ਸਮੇਂ ਮੇਰੀ ਹੈਰਾਨਗੀ ਦੀ ਕੋਈ ਸੀਮਾ ਨਹੀਂ ਰਹਿੰਦੀ, ਜਦੋਂ ਮਾਪਿਆਂ ਵੱਲੋਂ ਬੱਚਿਆਂ ਨੂੰ ਰੋਕਣ ਟੋਕਣ ਦੀ ਬਜਾਏ, ਅੱਗੋਂ ਹੱਸ ਕੇ ਦਿਖਾਇਆ ਜਾਂਦਾ ਹੈ। ਬੱਚੇ ਨੂੰ ਸਹੀ ਗਲਤ ਦੀ ਕੋਈ ਸਮਝ ਨਹੀਂ ਹੁੰਦੀ, ਮਾਪਿਆਂ ਦੇ ਹਾਸੇ ਤੋਂ ਉਸਦੇ ਦਿਮਾਗ ਨੂੰ ਇਹ ਸੰਕੇਤ ਜਾਂਦਾ ਹੈ ਕਿ ਸ਼ਾਇਦ ਜੋ ਉਹ ਕਰ ਰਿਹਾ ਹੈ, ਉਹ ਬਿਲਕੁਲ ਸਹੀ ਹੈ।


ਇਸ ਵਿਚ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਗਾਲ੍ਹਾਂ ਕੱਢਣਾ ਜਾਂ ਹੋਰ ਅਜਿਹੀਆਂ ਹਰਕਤਾਂ ਬੱਚੇ ਘਰ ਤੋਂ ਹੀ ਸਿਖਦੇ ਹਨ। ਬਚਪਨ ਇੱਕ ਸਾਚਾਂ ਹੈ, ਜਿਵੇਂ ਦੀ ਸੋਚ ਬਚਪਨ ਵਿਚ ਹੋਵੇਗੀ, ਭਵਿੱਖ ਵਿਚ ਬੱਚੇ ਦੀ ਸ਼ਖਸੀਅਤ ਉਸਦਾ ਹੀ ਨਤੀਜਾ ਹੋਵੇਗੀ। ਮਾਤਾ-ਪਿਤਾ ਨੂੰ ਇੱਕ ਬੱਚੇ ਨੂੰ ਜਨਮ ਦੇਣ ਤੋਂ ਪਹਿਲਾਂ ਇਹ ਸੋਚ ਲੈਣਾ ਚਾਹੀਦਾ ਹੈ ਕਿ ਕੀ ਉਹ ਇੱਕ ਬੱਚੇ ਨੂੰ ਵਧੀਆ ਇਨਸਾਨ ਬਨਾਉਣ ਦੇ ਕਾਬਿਲ ਹਨ, ਕੀ ਉਹ ਆਪਣੇ ਬੱਚੇ ਦੀ ਅਜਿਹੀ ਪਰਵਰਿਸ਼ ਕਰਨ ਦੇ ਕਾਬਿਲ ਹਨ ਕਿ ਉਹ ਭਵਿੱਖ ਵਿਚ ਸਮਾਜ ਨੂੰ ਇੱਕ ਜ਼ਿੰਮੇਵਾਰ ਨਾਗਰਿਕ ਦੇਣਗੇ।

ਬਚਪਨ ਬਹੁਤ ਧਿਆਨ ਮੰਗਦਾ ਹੈ। ਮੈਂ ਅਕਸਰ ਔਲਾਦ ਹੱਥੋਂ ਦੁਖੀ ਮਾਪਿਆਂ ਨੂੰ ਕਹਿੰਦੇ ਸੁਣਿਆ ਹੈ ਕਿ ਅਸੀਂ ਆਪਣੇ ਬੱਚੇ ਦੀ ਪਰਵਰਿਸ਼ ਵਿਚ ਕੋਈ ਕਮੀ ਨਹੀਂ ਰਹਿਣ ਦਿੱਤੀ, ਪਰ ਫਿਰ ਵੀ ਸਾਡੇ ਨਾਲ ਇਸ ਤਰ੍ਹਾਂ ਦਾ ਵਿਵਹਾਰ ਹੋ ਰਿਹਾ। ਮੇਰਾ ਜਵਾਬ ਇਹ ਹੈ ਕਿ ਵਧੀਆ ਖਾਣ-ਪਾਣ, ਸੁੱਖ-ਸਹੂਲਤਾਂ ਮੁਹੱਈਆ ਕਰਵਾਉਣੀਆਂ ਹੀ ਸਹੀ ਪਰਵਰਿਸ਼ ਦੀਆਂ ਨਿਸ਼ਾਨੀਆਂ ਨਹੀਂ ਹਨ! ਬੱਚੇ ਨੂੰ ਸਹੀ ਗਲਤ ਵਿਚ ਅੰਤਰ ਸਮਝਾਉਣਾ, ਘਰ ਦਾ ਮਾਹੌਲ ਸਾਰਥਕ ਰੱਖਣਾ, ਬੱਚੇ ਨਾਲ ਸਮਾਂ ਬਿਤਾਉਣਾ, ਉਸਦੇ ਹਰ ਕਾਰ-ਵਿਹਾਰ 'ਤੇ ਨਜ਼ਰ ਰੱਖਣੀ, ਗਲਤੀ 'ਤੇ ਝਿੜਕਣਾ ਅਤੇ ਸਹੀ ਹੋਣ 'ਤੇ ਉਸਦੇ ਪੱਖ ਵਿਚ ਖੜ੍ਹਨਾ, ਬੱਚੇ ਨੂੰ ਜ਼ਿੰਮੇਵਾਰ ਬਣਾਉਣ ਲਈ ਉਸਨੂੰ ਆਪਣੇ ਕੰਮ ਆਪ ਕਰਨ ਲਈ ਪ੍ਰੇਰਿਤ ਕਰਨਾ, ਔਰਤਾਂ ਦੀ ਇੱਜ਼ਤ ਕਰਨ ਦਾ ਸਬਕ ਦੇਣਾ ਅਜਿਹੀਆਂ ਬਹੁਤ ਛੋਟੀਆਂ-ਛੋਟੀਆਂ ਗੱਲਾਂ ਹਨ, ਜੋ ਧਿਆਨ ਦੇਣ ਹਿੱਤ ਹੁੰਦੀਆਂ ਹਨ। ਪਰੰਤੂ ਬਹੁਤ ਘੱਟ ਮਾਤਾ-ਪਿਤਾ ਹਨ, ਜੋ ਇਸਨੂੰ ਸਮਝਦੇ ਹਨ, ਕਿਉਂਕਿ ਮਾਪੇ ਆਪਣੀ ਜ਼ਿੰਦਗੀ ਵਿਚ ਹੀ ਏਨੇ ਵਿਅਸਤ ਹੋ ਚੁੱਕੇ ਹਨ ਕਿ ਉਨ੍ਹਾਂ ਕੋਲ ਆਪਣੇ ਬੱਚਿਆਂ ਨਾਲ ਸਮਾਂ ਬਿਤਾਉਣ ਦਾ ਵੀ ਸਮਾਂ ਨਹੀਂ ਹੈ।

ਬਚਪਨ ਇੱਕ ਬਿਲਕੁਲ ਛੋਟੇ ਪੌਦੇ ਵਰਗਾ ਹੈ, ਜਿਸ ਨੂੰ ਸ਼ੁਰੂਆਤ ਵਿਚ ਸਮੇਂ ਸਿਰ ਖਾਦ ਪਾਣੀ ਦੀ ਜ਼ਰੂਰਤ ਹੁੰਦੀ ਹੈ, ਜੇਕਰ ਸਮੇਂ ਸਿਰ ਪੌਦੇ ਨੂੰ ਧਿਆਨ ਨਾਲ ਖੁਰਾਕ ਮਿਲਦੀ ਰਹਿੰਦੀ ਹੈ, ਤਾਂ ਸਮਾਂ ਪਾ ਕੇ ਉਸਦੀਆਂ ਜੜ੍ਹਾਂ ਬਹੁਤ ਮਜ਼ਬੂਤ ਹੋ ਜਾਂਦੀਆਂ ਹਨ, ਬਿਲਕੁਲ ਏਸੇ ਤਰ੍ਹਾਂ ਜੇਕਰ ਬਚਪਨ ਵਿਚ ਬੱਚੇ ਨੂੰ ਸਹੀ ਧਿਆਨ, ਸਾਰਥਕ ਵਾਤਾਵਰਣ, ਵਧੀਆ ਸੰਸਕਾਰ, ਸਹਿਯੋਗ ਮਿਲਦਾ ਰਹੇ, ਤਾਂ ਭਵਿੱਖ ਵਿਚ ਸਮਾਜ ਨੂੰ ਇੱਕ ਜ਼ਿੰਮੇਵਾਰ ਨਾਗਰਿਕ ਮਿਲ ਜਾਂਦਾ ਹੈ। ਇੱਕ ਨਵਾਂ ਰੁਝਾਨ ਜੋ ਅੱਜਕੱਲ੍ਹ ਦੇ ਮਾਤਾ-ਪਿਤਾ ਅਤੇ ਬੱਚਿਆਂ ਵਿਚ ਦੇਖਣ ਨੂੰ ਮਿਲ ਰਿਹਾ ਹੈ, ਉਹ ਬੱਚਿਆਂ ਨੂੰ ਮੋਬਾਈਲ ਫੋਨ ਦੀ ਚੇਟਕ ਲੱਗਣਾ। ਖਾਸ ਕਰ ਮਾਵਾਂ ਵੱਲੋਂ ਬੱਚੇ ਨੂੰ ਸਮਾਂ ਨਾ ਦੇਣਾ ਪਵੇ, ਉਹ ਬੱਚੇ ਨੂੰ ਮੋਬਾਈਲ ਫੋਨਾਂ ਦੇ ਸਹਾਰੇ ਛੱਡ ਦਿੰਦੀਆਂ ਹਨ, ਜੋ ਬੱਚੇ ਦੇ ਮਾਨਸਿਕ, ਬੌਧਿਕ ਅਤੇ ਸਰੀਰਕ ਵਿਕਾਸ ਉੱਪਰ ਬਹੁਤ ਬੁਰਾ ਪ੍ਰਭਾਵ ਪਾਉਂਦਾ ਹੈ।

ਬਚਪਨ ਜ਼ਿੰਦਗੀ ਦਾ ਅਣਮੋਲ ਅਹਿਸਾਸ ਤੇ ਸਫ਼ਰ ਹੈ, ਇਸ ਵਿਚ ਪਦਾਰਥਾਂ ਜਾਂ ਸਹੂਲਤਾਂ ਤੋਂ ਬਿਨਾਂ ਗੁਜ਼ਾਰਾ ਹੋ ਸਕਦਾ ਹੈ, ਪਰ ਸਨੇਹ, ਸੰਸਕਾਰ ਅਤੇ ਧਿਆਨ ਤੋਂ ਬਿਨਾਂ ਨਹੀਂ, ਕਿਉਂਕਿ ਬਚਪਨ ਧਿਆਨ ਮੰਗਦਾ ਹੈ।

# ਬਹੁ ਬ੍ਰਹਿਮੰਡਾਂ ਦਾ ਪਸਾਰੇ ਦਾ ਵਿਸਮਾਦ !!! - ਵਿਗਿਆਨਕ ਅਤੇ ਧਾਰਮਿਕ ਨਜ਼ਰੀਆ




ਜਸਵਿੰਦਰ ਸਿੰਘ ਰੁਪਾਲ
ਲੁਧਿਆਣਾ
-98147-15796
ਪੰਜਾਬ ਮੇਲ USA



ਮਨੁੱਖ ਨੂੰ ਸ਼ੁਰੂ ਤੋਂ ਹੀ ਆਪਣੇ ਆਲੇ-ਦੁਆਲੇ ਵਾਪਰਦੀਆਂ ਘਟਨਾਵਾਂ ਬਾਰੇ ਜਾਨਣ ਦੀ ਤਾਂਘ ਅਤੇ ਉਤਸੁਕਤਾ ਰਹੀ ਹੈ। ਇਸੇ ਉਤਸੁਕਤਾ ਕਾਰਨ ਹੀ ਅੱਜ ਵਿਗਿਆਨ ਦਾ ਵੱਡਾ ਪਸਾਰਾ ਸੰਭਵ ਹੋ ਸਕਿਆ ਹੈ, ਜਿਸ ਨਾਲ ਉਹ ਬਹੁਤ ਦੂਰ ਅਣਦਿਸਦੇ ਵੱਲ ਝਾਤ ਮਾਰ ਕੇ ਉਸ ਬਾਰੇ ਵੀ ਭਰੋਸੇ ਨਾਲ ਕੁਝ ਕਹਿ ਸਕਣ ਦੇ ਯੋਗ ਹੋ ਸਕਿਆ ਹੈ। ਬੇਅੰਤ ਬ੍ਰਹਿਮੰਡ ਦੀ ਉਲਝਣ ਮਨੁੱਖੀ ਮਨ ਦੀ ਸਭ ਤੋਂ ਗਹਿਰੀ ਅਤੇ ਪੁਰਾਣੀ ਉਤਸੁਕਤਾ ਹੈ। ਇਹ ਉਲਝਣ ਸਿਰਫ ਤਾਰਿਆਂ, ਗਲੈਕਸੀਆਂ ਜਾਂ ਬਿਗ ਬੈਂਗ ਤੱਕ ਸੀਮਿਤ ਨਹੀਂ, ਸਗੋਂ ਜੀਵਨ, ਚੇਤਨਾ ਅਤੇ ਹਕੀਕਤ ਦੀ ਅਸਲ ਪਰਿਭਾਸ਼ਾ ਨਾਲ ਗੰਭੀਰ ਤੌਰ 'ਤੇ ਜੁੜੀ ਹੋਈ ਹੈ। ਵਿਗਿਆਨ ਅਤੇ ਧਾਰਮਿਕ ਵਿਆਖਿਆਵਾਂ ਇਸ ਉਲਝਣ ਨੂੰ ਵੱਖ-ਵੱਖ ਢੰਗ ਨਾਲ ਸਮਝਾਉਣ ਦੀ ਕੋਸ਼ਿਸ਼ ਕਰਦੀਆਂ ਹਨ। ਆਓ, ਇਸ ਗਹਿਰਾਈ ਨੂੰ ਵਿਭਿੰਨ ਵਿਸ਼ਿਆਂ ਰਾਹੀਂ ਖੋਜਣ ਦਾ ਯਤਨ ਕਰੀਏ।

1. **ਬ੍ਰਹਿਮੰਡ ਦੀ ਉਤਪਤੀ : ਵਿਗਿਆਨਕ ਨਜ਼ਰੀਆ** :- ਪ੍ਰਸਿੱਧ ਵਿਗਿਆਨਕ ਥਿਊਰੀ ਬਿਗ ਬੈਂਗ ਮੁਤਾਬਕ ਬ੍ਰਹਿਮੰਡ ਦੀ ਸ਼ੁਰੂਆਤ ਲਗਭਗ 13.8 ਅਰਬ ਸਾਲ ਪਹਿਲਾਂ ਹੋਈ ਸੀ। ਬ੍ਰਹਿਮੰਡਾਂ ਦੇ ਲਗਾਤਾਰ ਫੈਲਦੇ ਹੋਣ ਦੇ ਸਿਧਾਂਤ ਤੋਂ ਇਹ ਸਿੱਟਾ ਕੱਢਿਆ ਗਿਆ ਸੀ ਕਿ ਕਦੇ ਇਹ ਬ੍ਰਹਿਮੰਡ ਇੱਕ ਬਿੰਦੂ ਤੋਂ ਫੈਲਣਾ ਸ਼ੁਰੂ ਕੀਤਾ ਹੋਵੇਗਾ। ਇਹ ਇੱਕ ਅਤਿ ਸੰਘਣੇ ਅਤਿ ਉੱਚ ਤਾਪਮਾਨ ਵਾਲੇ ਬਿੰਦੂ ਤੋਂ ਵਿਸ਼ਾਲ ਵਿਸਫੋਟ ਰਾਹੀਂ ਫੈਲਣਾ ਸ਼ੁਰੂ ਹੋਇਆ, ਜਿਸ ਨੂੰ ਬਿਗ ਬੈਂਗ ਕਿਹਾ ਗਿਆ। ਇਸ ਵਿਸਫੋਟ ਤੋਂ ਹੀ ਤਾਰੇ, ਗਲੈਕਸੀਆਂ, ਗ੍ਰਹਿ ਅਤੇ ਫੇਰ ਜੀਵਨ ਦੀ ਸਰਗਰਮੀ ਉਤਪੰਨ ਹੋਈ ।

2. **ਬਹੁ ਬ੍ਰਹਿਮੰਡ ਸਿਧਾਂਤ** :- ਕੁਝ ਵਿਗਿਆਨਕ ਮਾਡਲਾਂ ਵਿਚ **Multiverse Theory** ਦਾ ਜ਼ਿਕਰ ਹੈ, ਜਿਸ ਅਨੁਸਾਰ ਬ੍ਰਹਿਮੰਡ ਇੱਕ ਨਹੀਂ, ਸਗੋਂ ਅਨੇਕਾਂ ਬ੍ਰਹਿਮੰਡ ਮਿਲਦੇ ਹਨ, ਜਿਹੜੇ ਇੱਕ ਦੂਜੇ ਤੋਂ ਬਿਲਕੁਲ ਵੱਖਰੇ ਹੋ ਸਕਦੇ ਹਨ। ਕਾਫੀ ਗਲੈਕਸੀਆਂ ਤਾਂ ਵਿਗਿਆਨੀ ਖੋਜ ਵੀ ਕਰ ਚੁੱਕੇ ਹਨ।



3. **ਬ੍ਰਹਿਮੰਡਾਂ ਦਾ ਲਗਾਤਾਰ ਫੈਲਦੇ ਹੋਣਾ** :- ਵਿਗਿਆਨ ਦੱਸਦਾ ਹੈ ਕਿ **Rapid Expansion of Universes** ਲਗਾਤਾਰ ਜਾਰੀ ਹੈ। ਬ੍ਰਹਿਮੰਡ ਸਿਰਫ ਫੈਲ ਹੀ ਨਹੀਂ ਰਿਹਾ, ਸਗੋਂ ਬਹੁਤ ਤੇਜ਼ੀ ਨਾਲ ਵਿਸਥਾਰ ਹੋ ਰਿਹਾ ਹੈ।

**ਧਾਰਮਿਕ ਨਜ਼ਰੀਆ** :- **1.ਹਿੰਦੂ ਧਰਮ** :- ਹਿੰਦੂ ਧਰਮ ਅਨੁਸਾਰ ਬ੍ਰਹਮਾ ਸਿਰਜਣਹਾਰ, ਵਿਸ਼ਨੂੰ ਪਾਲਣਹਾਰ ਅਤੇ ਸ਼ਿਵ ਵਿਨਾਸ਼ਕਰਤਾ, ਬ੍ਰਹਿਮੰਡ ਦੇ ਚੱਕਰ ਨੂੰ ਚਲਾਉਂਦੇ ਹਨ। ਵੈਦਿਕ ਧਰਮ ਵਿਚ ਅਨੇਕ ਬ੍ਰਹਿਮੰਡਾਂ ਦੀ ਗੱਲ ਕੀਤੀ ਜਾਂਦੀ ਹੈ।

2. **ਇਸਲਾਮ ਅਤੇ ਈਸਾਈ ਧਰਮ** :- ਕੁਰਾਨ ਵਿਚ ਆਉਂਦਾ ਹੈ ਕਿ ਅੱਲ੍ਹਾ ਨੇ ਸੱਤ ਅਸਮਾਨ ਬਣਾਏ।

ਬਾਈਬਲ ਵਿਚ ਵੀ ਬ੍ਰਹਿਮੰਡ ਦੀ ਵਿਆਪਕਤਾ ਦੀ ਗੱਲ ਕੀਤੀ ਗਈ ਹੈ ।

3. **ਸਿੱਖ ਧਰਮ** :- ਸਭ ਤੋਂ ਵੱਧ ਵਿਗਿਆਨਕ ਮੰਨੇ ਜਾਂਦੇ ਧਰਮ ਸਿੱਖ ਧਰਮ ਵਿਚ ਵੀ ਅਨੇਕ ਬ੍ਰਹਿਮੰਡਾਂ ਦੀ ਗੱਲ ਗੁਰਬਾਣੀ ਵਿਚ ਕੀਤੀ ਗਈ ਹੈ। ਭਾਵੇਂ ਇੱਥੇ ਕਰਤਾ ਇੱਕ ਅਕਾਲਪੁਰਖ ਨੂੰ ਮੰਨਿਆ ਗਿਆ ਹੈ।

ਕੀਤਾ ਪਸਾਉ ਏਕੋ ਕਵਾਉ ॥..... (ਪੰਨਾ ੩, ਜਪੁ)

ਕਈ ਕੋਟਿ ਅਕਾਸ ਬ੍ਰਹਮੰਡ ॥..... (ਪੰਨਾ ੨੭੬, ਗਉੜੀ ਸੁਖਮਨੀ ਮ : ੫)

ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ॥..... (ਪੰਨਾ ੬੧੨, ਸੋਰਠਿ ਮਹਲਾ ੫)

2. **ਅਨਿਸ਼ਚਿਤਤਾ ਸਿਧਾਂਤ (Heisenberg's Uncertainty Principle)**:- 1927 ਵਿਚ **Werner Heisenberg** ਨੇ ਆਪਣਾ ਅਨਿਸ਼ਚਿਤਤਾ ਸਿਧਾਂਤ ਦਿੱਤਾ। ਇਸ ਸਿਧਾਂਤ ਅਨੁਸਾਰ ਕਿਸੇ ਵੀ ਕਣ ਦੀ ਸਥਿਤੀ ਅਤੇ ਗਤੀ ਨੂੰ ਇੱਕਠੇ ਪੂਰੀ ਨਿਸ਼ਚਿਤਤਾ ਨਾਲ ਨਹੀਂ ਮਾਪਿਆ ਜਾ ਸਕਦਾ। ਇਸ ਦਾ ਬ੍ਰਹਿਮੰਡ ਨਾਲ ਸਿਧਾਂਤ ਇਹ ਦੱਸਦਾ ਹੈ ਕਿ ਹਕੀਕਤ ਅਣਨਿਸ਼ਚਿਤ ਹੈ ਅਤੇ ਸਭ ਕੁਝ ਸੰਭਾਵਨਾਵਾਂ 'ਚ ਹੀ ਵਜੂਦ ਰੱਖਦਾ ਹੈ। ਇਹ ਸੰਕਲਪ **Schrodinger's Cat** ਵਿਚ ਦਰਸਾਇਆ ਗਿਆ ਕਿ ਕਿਸੇ ਵਸਤੂ ਦੀ ਅਸਲੀਅਤ ਦੋਹਾਂ ਹਾਲਤਾਂ ਵਿਚ ਇੱਕੋ ਸਮੇਂ ਹੋ ਸਕਦੀ ਹੈ। **Quantum Physics** ਵਿਚ ਸੁਪਰ ਪੋਜੀਸ਼ਨ ਇੱਕ ਮੂਲ ਧਾਰਨਾ ਹੈ, ਜੋ ਦੱਸਦੀ ਹੈ ਕਿ ਕਿਸੇ ਵੀ ਕਵਾਂਟਮ ਸਿਸਟਮ ਦਾ ਹਾਲ (**state**) ਇੱਕੋ ਸਮੇਂ ਬਹੁਤ ਸਾਰੀਆਂ ਸੰਭਾਵਿਤ ਹਾਲਤਾਂ ਵਿਚ ਹੋ ਸਕਦਾ ਹੈ। ਇਹ ਸੰਕਲਪ ਸਾਧਾਰਨ ਤੌਰ 'ਤੇ ਸਾਡੀ ਰੋਜ਼ਮੱਰਾ ਦੀ ਜ਼ਿੰਦਗੀ ਵਿਚ ਨਹੀਂ ਦਿੱਸਦਾ, ਪਰ ਕਣਾਂ ਦੀ ਦੁਨੀਆਂ ਵਿਚ ਇਹ ਅਨੋਖੇ ਢੰਗ ਨਾਲ ਕੰਮ ਕਰਦਾ ਹੈ।

ਐਰਵਿਨ ਸਕਰੌਂਡਿੰਗਰ ਨੇ ਬਿੱਲੀ ਦੇ ਇੱਕ ਕਾਲਪਨਿਕ ਪ੍ਰਯੋਗ ਦੀ ਵਰਤੋਂ ਸੁਪਰਪੋਜੀਸ਼ਨ ਨੂੰ ਸਮਝਾਉਣ ਲਈ ਕੀਤੀ। ਆਓ ਇਹ ਤਜ਼ਰਬਾ ਵੀ ਦੇਖ ਲਈਏ। ਇੱਕ ਬਿੱਲੀ ਨੂੰ ਇੱਕ ਬੰਦ ਡੱਬੇ ਵਿਚ ਰੱਖਿਆ ਜਾਂਦਾ ਹੈ। ਡੱਬੇ ਵਿਚ ਇੱਕ ਐਟਮੀ ਡੀਕੇਅ ਮਕੈਨਿਜ਼ਮ ਹੁੰਦਾ ਹੈ, ਜੋ ਕਿ 50% ਸੰਭਾਵਨਾ ਨਾਲ ਜ਼ਹਿਰੀਲੀ ਗੈਸ ਛੱਡ ਸਕਦਾ ਹੈ ਜਾਂ ਨਹੀਂ। ਜਦੋਂ ਤੱਕ ਅਸੀਂ ਡੱਬਾ ਖੋਲ੍ਹ ਕੇ ਨਹੀਂ ਦੇਖਦੇ, ਬਿੱਲੀ ਇੱਕੋ ਸਮੇਂ ਜਿੰਦਾ ਵੀ ਹੁੰਦੀ ਹੈ ਅਤੇ ਮਰੀ ਹੋਈ ਵੀ। (ਸੁਪਰਪੋਜੀਸ਼ਨ)। ਪਰ ਜਦੋਂ ਅਸੀਂ ਡੱਬਾ ਖੋਲ੍ਹ ਕੇ ਵੇਖਦੇ ਹਾਂ, ਤਾਂ **super-position collapse** ਹੋ ਜਾਂਦੀ ਹੈ। ਅਤੇ ਅਸੀਂ ਬਿੱਲੀ ਨੂੰ ਜਾਂ ਤਾਂ ਜਿੰਦਾ ਜਾਂ ਮਰੀ ਹੋਈ ਪਾਉਂਦੇ ਹਾਂ। ਸਕਰੌਂਡਿੰਗਰ ਦਾ ਬਿੱਲੀ ਵਾਲਾ ਪ੍ਰਯੋਗ ਇਹ ਦਰਸਾਉਂਦਾ ਹੈ ਕਿ ਜਦੋਂ ਤੱਕ ਅਸੀਂ ਕਿਸੇ ਹਕੀਕਤ ਨੂੰ ਦੇਖਦੇ ਨਹੀਂ, ਉਹ ਕਈ ਸੰਭਾਵਨਾਵਾਂ ਵਿਚ ਰਹਿੰਦੀ ਹੈ।

ਸੁਪਰਪੋਜੀਸ਼ਨ ਸਾਨੂੰ ਦੱਸਦੀ ਹੈ ਕਿ ਕਵਾਂਟਮ ਜਗਤ ਦੇ ਨਿਯਮ ਸਾਡੀਆਂ ਰੋਜ਼ਾਨਾ ਦੀਆਂ ਧਾਰਨਾਵਾਂ ਨਾਲੋਂ ਵੱਖਰੇ ਹਨ। ਇਹ ਸੰਕਲਪ ਸਿਰਫ ਵਿਗਿਆਨਕ ਹੀ ਨਹੀਂ, ਧਾਰਮਿਕ ਅਤੇ ਦਾਰਸ਼ਨਿਕ ਵਿਚਾਰਾਂ ਨੂੰ ਵੀ ਚੁਣੌਤੀ ਦਿੰਦਾ ਹੈ।

ਜਿਵੇਂ ਕਵਾਂਟਮ ਪੱਧਰ 'ਤੇ ਕਣ ਸੁਪਰਪੋਜੀਸ਼ਨ ਵਿਚ ਰਹਿੰਦੇ ਹਨ, ਉਸੇ ਤਰਾਂ ਬ੍ਰਹਿਮੰਡ ਦੇ ਸ਼ੁਰੂ ਵਿਚ ਵੀ ਕਈ ਸੰਭਾਵਨਾਵਾਂ ਇੱਕੋ ਸਮੇਂ ਮੌਜੂਦ ਸਨ। ਇਹ ਥਿਊਰੀ **Many Worlds Hypothesis** ਨੂੰ ਜਨਮ ਦਿੰਦੀ ਹੈ, ਜਿੱਥੇ ਹਰ ਫ਼ੈਸਲਾ ਨਵੇਂ ਬ੍ਰਹਿਮੰਡ ਨੂੰ ਜਨਮ ਦਿੰਦਾ ਹੈ।

**ਧਾਰਮਿਕ ਨਜ਼ਰੀਆ** :- ਕੁਝ ਵਿਦਵਾਨ ਸੁਪਰਪੋਜੀਸ਼ਨ ਦੀ ਤੁਲਨਾ ਅਦਵੈਤਵਾਦ ਨਾਲ ਵੀ ਕਰਦੇ ਹਨ। ਬ੍ਰਹਿਮੰਡ ਵਿਚ ਹੋਂਦ (**existence**) ਅਤੇ ਅਣਹੋਂਦ (**non-existence**) ਦੇ ਆਪੋ ਆਪਣੇ ਸੰਕਲਪ ਹਨ। ਉਦਾਹਰਣ ਵਜੋਂ ਹਿੰਦੂ ਦਰਸ਼ਨ ਵਿਚ ਸ਼ੂਨਯਤਾ ਅਤੇ ਬੁੱਧ ਧਰਮ ਵਿਚ ਅਨਿਕ ਸੰਭਾਵਨਾਵਾਂ ਦੀ ਅਵਸਥਾ। ਅਨਿਸ਼ਚਿਤਤਾ ਸਿਧਾਂਤ ਧਾਰਮਿਕ ਦਰਸ਼ਨ ਨਾਲ ਮਿਲਦਾ-ਜੁਲਦਾ ਹੈ, ਜਿੱਥੇ ਮਾਇਆ (**illusion**) ਦੀ ਗੱਲ ਕੀਤੀ ਗਈ ਹੈ। ਗੁਰਬਾਣੀ ਵਿਚ ਵੀ ਅਸਲੀਅਤ ਨੂੰ ਪੂਰੀ ਤਰ੍ਹਾਂ ਜਾਣ ਸਕਣ ਤੋਂ ਅਸਮਰੱਥਤਾ ਬਾਰੇ ਦਰਸਾਇਆ ਗਿਆ ਹੈ।

ਅਕਥ ਕਥਾ ਕਥੀ ਨ ਜਾਇ ਤੀਨਿ ਲੋਕ ਰਹਿਆ ਸਮਾਇ ਸੁਤਹ ਸਿਧ ਰੂਪੁ ਧਰਿਓ ਸਾਹਨ ਕੈ ਸਾਹਿ ਜੀਉ ।..... (ਪੰਨਾ ੧੪੦੩)

ਇਹ ਸੰਕਲਪ ਇਹ ਦਰਸਾਉਂਦਾ ਹੈ ਕਿ ਸੱਚਾਈ ਇੱਕ ਪੱਖੀ ਨਹੀਂ, ਸਗੋਂ ਬਹੁ ਪੱਖੀ ਹੈ।

3. **ਸਮਾਂ ਅਤੇ ਬ੍ਰਹਿਮੰਡ** :- ਵਿਗਿਆਨ ਸਮੇਂ ਨੂੰ ਸਾਪੇਖ ਮੰਨਦਾ ਹੈ। ਆਈਨਸਟਾਈਨ ਨੇ ਆਪਣੀ ਸਾਪੇਖ ਥਿਊਰੀ ਨਾਲ ਕੁੱਲ ਜਗਤ ਨੂੰ ਹੈਰਾਨੀ ਵਿਚ ਪਾ ਦਿੱਤਾ। ਇਸ ਥਿਊਰੀ ਨੂੰ ਵਿਗਿਆਨਕਾਂ ਨੂੰ ਸਮਝ ਆਉਣ ਵਿਚ ਹੀ 26 ਵਰ੍ਹੇ ਲੱਗ ਗਏ ਸਨ। ਇੱਕੋ ਵਸਤੂ ਕਿਸੇ ਇੱਕ ਲਈ ਵਿਰਾਮ ਵਿਚ ਅਤੇ ਕਿਸੇ ਹੋਰ ਲਈ ਗਤੀ ਵਿਚ ਹੋ ਸਕਦੀ ਹੈ। ਵੱਖੋ-ਵੱਖਰੇ ਫਰੇਮ ਵਿਚ ਗਤੀ ਅਤੇ ਸਮੇਂ ਲਈ ਵੱਖਰੀਆਂ ਸਮੀਕਰਣਾਂ ਹਨ।

**ਧਾਰਮਿਕ ਨਜ਼ਰੀਆ** : ਵੱਖੋ-ਵੱਖਰੇ ਧਰਮ ਆਪੋ-ਆਪਣੇ ਅੰਦਾਜ਼ ਵਿਚ ਇਸ ਜਗਤ ਨੂੰ ਅਤੇ ਮਨੁੱਖ ਨੂੰ ਸਮੇਂ ਅਤੇ ਸਥਾਨ ਵਿਚ ਬੱਝਿਆ ਮੰਨਦੇ ਹਨ, ਜਦਕਿ ਇਨ੍ਹਾਂ ਦਾ ਕਰਤਾ ਅਕਾਲਪੁਰਖ ਸਮੇਂ ਅਤੇ ਸਥਾਨ ਦੀ ਕੈਦ ਤੋਂ ਬਾਹਰ ਹੈ। ਅਧਿਆਤਮਕਤਾ ਇੱਕ ਇਨਸਾਨ ਨੂੰ ਰੂਹਾਨੀ ਤੌਰ 'ਤੇ ਸਮੇਂ ਅਤੇ ਸਥਾਨ ਤੋਂ ਉੱਚਾ ਉੱਠਣ ਦੀ ਪ੍ਰੇਰਨਾ ਵੀ ਕਰਦੀ ਹੈ। ਪਰ ਜਨ ਸਾਧਾਰਨ ਲਈ ਇਤਨਾ ਵਿਸ਼ਾਲ ਨਜ਼ਰੀਆ ਕਰ ਸਕਣਾ ਕੋਈ ਸੌਖੀ ਖੇਡ ਨਹੀਂ ਹੈ।

4. **ਜੈਨੇਟਿਕ ਇੰਜੀਨੀਅਰਿੰਗ ਅਤੇ ਕਲੋਨਿੰਗ - ਜੀਵਨ ਦੀ ਨਵੀਂ ਪਰਿਭਾਸ਼ਾ** :- ਜੈਨੇਟਿਕ ਇੰਜੀਨੀਅਰਿੰਗ ਅਤੇ ਕਲੋਨਿੰਗ ਵਿਗਿਆਨ ਦੀਆਂ ਉਹ ਦਿਸ਼ਾਵਾਂ ਹਨ, ਜਿੱਥੇ ਮਨੁੱਖ ਜੀਵਨ ਦੀ ਰਚਨਾ ਵਿਚ ਦਖਲ ਦੇ ਰਿਹਾ ਹੈ। ਜਿਵੇਂ ਕਵਾਂਟਮ ਕਣ ਅਣਨਿਸ਼ਚਿਤ ਹੁੰਦੇ ਹਨ, ਉਵੇਂ ਹੀ ਜੀਵਨ ਦੇ ਜੈਨੇਟਿਕ ਕੋਡ ਵਿਚ ਸੋਧ ਕਰਕੇ ਅਸਾਧਾਰਨ ਨਤੀਜੇ ਪ੍ਰਾਪਤ ਕੀਤੇ ਜਾ ਰਹੇ ਹਨ। ਕਲੋਨਿੰਗ ਜੀਵਨ ਦੀ ਨਕਲ ਬਣਾਉਣ ਦੀ ਕੋਸ਼ਿਸ਼ ਹੈ, ਜਿੱਥੇ ਅਸਲ ਅਤੇ ਨਕਲ ਦੀ ਹੱਦ ਖਤਮ ਹੋ ਜਾਂਦੀ ਹੈ।

**ਧਾਰਮਿਕ ਨਜ਼ਰੀਆ** :- ਅਨੇਕ ਧਾਰਮਿਕ ਦਰਸ਼ਨਾਂ ਵਿਚ ਜੀਵਨ ਦੀ ਪਵਿੱਤਰਤਾ ਅਤੇ ਰਚਨਾ ਦੇ ਨਿਯਮਾਂ ਦੀ ਗੱਲ ਕੀਤੀ ਜਾਂਦੀ ਹੈ। ਇਹ ਪ੍ਰਸ਼ਨ ਉਤਪੰਨ ਹੁੰਦੇ ਹਨ:-

ਕੀ ਮਨੁੱਖ ਰਚਨਹਾਰ ਦੀ ਭੂਮਿਕਾ ਨਿਭਾ ਸਕਦਾ ਹੈ ?

ਕੀ ਇਹ ਨੈਤਿਕਤਾ ਦੀਆਂ ਹੱਦਾਂ ਨੂੰ ਲੰਘਣ ਵਾਲਾ ਹੈ ?

5. **ਬੇਅੰਤ ਬ੍ਰਹਿਮੰਡ ਅਤੇ ਆਤਮਿਕ ਸੰਬੰਧ** :- ਆਖਰਕਾਰ ਵਿਗਿਆਨ ਅਤੇ ਅਧਿਆਤਮਕਤਾ ਇੱਕੋ ਹੀ ਉਲਝਣ ਵਿਚ ਹਨ:-

ਅਸੀਂ ਕੌਣ ਹਾਂ, ਕਿਉਂ ਹਾਂ ਅਤੇ ਇਹ ਬ੍ਰਹਿਮੰਡ ਕਿਵੇਂ ਕੰਮ ਕਰਦਾ ਹੈ ?

ਵਿਗਿਆਨ ਦੀ ਨਜ਼ਰ ਵਿਚ ਅਨਿਸ਼ਚਿਤਤਾ, ਸੰਭਾਵਨਾਵਾਂ ਅਤੇ ਅਖੰਡ ਊਰਜਾ ਹੀ ਬ੍ਰਹਿਮੰਡ ਦੇ ਅਸਲ ਤੱਤ ਹਨ।

ਧਾਰਮਿਕ ਦ੍ਰਿਸ਼ਟੀਕੋਣ ਵਿਚ ਇੱਕ ਓਅੰਕਾਰ, ਪ੍ਰਮਾਤਮਾ ਦੀ ਅਨੰਤਤਾ ਅਤੇ ਸੰਸਾਰ ਮਾਇਆ ਦੀ ਗੱਲ ਕੀਤੀ ਜਾਂਦੀ ਹੈ। ਗੁਰਬਾਣੀ ਵਿਚ ਆਖਿਆ ਹੈ - ਇੱਕ ਓਅੰਕਾਰ, ਸਤਿਨਾਮ, ਕਰਤਾ ਪੁਰਖ- ਜਿਹੜਾ ਇਹ ਦਰਸਾਉਂਦਾ ਹੈ ਕਿ ਸਾਰਾ ਬ੍ਰਹਿਮੰਡ ਇੱਕੋ ਸਰੋਤ ਤੋਂ ਨਿਕਲਿਆ ਹੈ।

**ਨਤੀਜਾ** :- ਵਿਗਿਆਨ ਅਤੇ ਧਰਮ ਆਪੋ ਆਪਣੇ ਤਰੀਕੇ ਨਾਲ ਬ੍ਰਹਿਮੰਡ, ਜੀਵਨ ਅਤੇ ਹਕੀਕਤ ਦੀ ਖੋਜ ਕਰਦੇ ਆਏ ਹਨ ਅਤੇ ਕਰ ਰਹੇ ਹਨ। ਨਵੀ ਸੋਚ ਇਨ੍ਹਾਂ ਦੋਹਾਂ ਸ਼ਕਤੀਆਂ ਨੂੰ ਆਪਾ ਵਿਰੋਧੀ ਨਹੀਂ ਮੰਨਦੀ, ਸਗੋਂ ਪੂਰਕ ਮੰਨਦੀ ਹੈ। ਭਾਵੇਂ ਦੋਹਾਂ ਧਿਰਾਂ ਦੇ ਕੱਟੜ ਸਮਰਥਕ ਬਹਿਸਾਂ ਅਤੇ ਵਿਵਾਦ ਵੀ ਕਰਦੇ ਦੇਖੇ ਗਏ ਹਨ। ਬੇਅੰਤ ਬ੍ਰਹਿਮੰਡ ਦਾ ਵਿਸ਼ਾ ਬਹੁਤ ਗੰਭੀਰ ਅਤੇ ਖੋਜ ਦਾ ਵਿਸ਼ਾ ਹੈ। ਇਸ ਖੋਜ ਦਾ ਕਿਤੇ ਵੀ ਅੰਤ ਨਹੀਂ ਹੁੰਦਾ ਨਜ਼ਰ ਆਉਂਦਾ। ਵਿਗਿਆਨ ਨੇ ਮਨੁੱਖ ਦੀ ਗਿਆਨ ਵਾਲੀ ਅੱਖ ਖੋਲ੍ਹ ਕੇ ਉਸਦੀ ਸੋਚ ਨੂੰ ਬਹੁਤ ਹੀ ਵਿਸ਼ਾਲ ਕਰ ਦਿੱਤਾ ਹੈ। ਪਰ ਧਰਮ, ਆਪੋ ਆਪਣੇ ਪੁਜਾਰੀਆਂ ਦੀ ਕੱਟੜਤਾ ਵਿਚ ਪੈ ਕੇ ਸਗੋਂ ਬ੍ਰਹਿਮੰਡੀ ਵਿਸ਼ਾਲਤਾ ਅਤੇ ਪ੍ਰੇਮ ਨਾਲ ਸੋਚਣ ਦੀ ਥਾਂ 'ਤੇ ਤਕਰਾਰ ਅਤੇ ਵਾਰ ਵਿਰੋਧ ਦਾ ਕਾਰਨ ਬਣ ਬੈਠਦਾ ਹੈ। ਆਮ ਮਨੁੱਖ ਧਰਮ ਦੀ ਖੋਜ ਕਰਨ ਲਈ ਤਿਆਰ ਨਹੀਂ। ਦੋਵੇਂ ਸ਼ਕਤੀਆਂ ਸੱਚ ਦੀ ਗੱਲ ਕਰਦੀਆਂ ਹਨ। ਭਾਵੇਂ ਜਿਵੇਂ ਧਰਮ ਦੀਆਂ ਸੂਖਮ ਗੱਲ਼ਾਂ ਹਰੇਕ ਦੀ ਸਮਝ ਵਿਚ ਨਹੀਂ ਆਉਂਦੀਆਂ, ਉਸੇ ਤਰਾਂ ਬਹੁ ਬ੍ਰਹਿਮੰਡ, ਬ੍ਰਹਿਮੰਡਾਂ ਦਾ ਫੈਲਣਾ, ਕੁਆਂਟਮ ਸਿਧਾਂਤ ਆਦਿ ਵੀ ਜਨ ਸਾਧਾਰਨ ਦੀ ਪਹੁੰਚ ਤੋਂ ਦੂਰ ਹਨ। ਸੱਚ ਦੇ ਖੋਜੀਆਂ ਨੂੰ ਨਮਸਕਾਰ ਕਰਦੇ ਹੋਏ ਆਸ ਕਰਦੇ ਹਾਂ ਕਿ ਭਵਿੱਖ ਵਿਚ ਹੋਰ ਨਵੇਂ ਦਿਸਹੱਦੇ ਖੁੱਲ੍ਹਣਗੇ ਅਤੇ ਮਨੁੱਖ ਬ੍ਰਹਿਮੰਡਾਂ ਦੀ ਅਨੇਕਤਾ ਅਤੇ ਵਿਸ਼ਾਲਤਾ ਨਾਲ ਇੱਕਮਿੱਕ ਹੋ ਕੇ ਏਕਤਾ ਦੇ ਪ੍ਰੇਮ ਨਿਯਮ ਨੂੰ ਸਮਝ ਸਕੇਗਾ।

# ਮੂਰਖ ਦਿਵਸ 1 ਅਪ੍ਰੈਲ 2025 - ਸਾਨੂੰ ਦੂਜਿਆਂ ਨੂੰ ਅਤੇ ਆਪਣੇ ਆਪ ਨੂੰ ਮੂਰਖ ਬਣਾਉਣ ਵਿਚ ਮਜ਼ਾ ਆਉਂਦਾ ਹੈ

## ਮੈਂ ਉਨ੍ਹਾਂ ਨੂੰ ਅਪ੍ਰੈਲ ਫੂਲ ਬਣਾਇਆ ਅਤੇ ਉਹ ਗੁੱਸੇ ਹੋ ਗਏ। ਮੇਰਾ ਕੀ ਕਸੂਰ ਹੈ? ਇਹ ਦੁਨੀਆਂ ਦੀ ਗਲਤੀ ਹੈ, ਜਿਸਨੇ ਇਸਨੂੰ ਇੱਕ ਪ੍ਰੰਪਰਾ ਬਣਾਇਆ।

### ਪਹਿਲਾਂ ਇੱਕ ਦਿਨ ਮੂਰਖ ਦਿਵਸ ਮਨਾਉਣ ਦਾ ਰੁਝਾਨ ਸੀ, ਅੱਜ ਲੋਕਾਂ ਨੂੰ ਡਿਜੀਟਲ ਪਲੇਟਫਾਰਮਾਂ, ਹਨੀਟ੍ਰੈਪ, ਜਾਅਲੀ ਈਮੇਲਾਂ, ਬੈਂਕ ਧੋਖਾਧੜੀ, ਸੰਦੇਸ਼ਾਂ, ਆਨਲਾਈਨ ਲਾਟਰੀ ਆਦਿ ਰਾਹੀਂ ਹਰ ਰੋਜ਼ ਮੂਰਖ ਬਣਾਇਆ ਜਾ ਰਿਹਾ ਹੈ : ਐਡਵੋਕੇਟ ਕਿਸ਼ਨ ਸਨਮੁਖਦਾਸ ਭਵਨਾਨੀ, ਗੋਂਡੀਆ, ਮਹਾਰਾਸ਼ਟਰ




ਐਡਵੋਕੇਟ ਕਿਸ਼ਨ ਸਨਮੁਖਦਾਸ ਭਵਨਾਨੀਨ
ਗੋਂਡੀਆ, ਮਹਾਰਾਸ਼ਟਰ
92841-41425
ਪੰਜਾਬ ਮੇਲUSA



ਵਿਸ਼ਵ ਪੱਧਰ 'ਤੇ ਮੌਜੂਦਾ ਡਿਜੀਟਲ, ਰੋਬੋਟਿਕ ਅਤੇ ਤਕਨੀਕੀ ਯੁੱਗ ਵਿਚ, ਮਨੁੱਖ ਇੰਨਾ ਵਿਅਸਤ ਹੋ ਗਿਆ ਹੈ ਕਿ ਉਸਦਾ ਹਾਸਾ ਅਤੇ ਚੁਟਕਲੇ ਕਿਤੇ ਗੁਆਚ ਗਏ ਹਨ। ਭਾਰਤ ਵਿਚ ਸਾਡੇ 60 ਸਾਲ ਤੋਂ ਵੱਧ ਉਮਰ ਦੇ ਬਜ਼ੁਰਗ ਨਾਗਰਿਕਾਂ ਨੂੰ 1964 ਵਿਚ ਭਾਰਤੀ ਸਿਨੇਮਾ ਵਿਚ ਰਿਲੀਜ਼ ਹੋਈ ਹਿੰਦੀ ਫੀਚਰ ਫਿਲਮ 'ਅਪ੍ਰੈਲ ਫੂਲ' ਦੇ ਗੀਤ 'ਅਪ੍ਰੈਲ ਫੂਲ ਬਨਾਇਆ, ਉਨਕੋ ਗੁੱਸਾ ਆਇਆ, ਮੇਰਾ ਕਿਆ ਕਸੂਰ, ਜ਼ਮਾਨੇ ਕਾ ਕਸੂਰ, ਜਿਸਨੇ ਦਸਤੂਰ ਬਨਾਇਆ' ਦੀ ਯਾਦ ਆ ਗਈ ਅਤੇ ਜਦੋਂ ਉਨ੍ਹਾਂ ਨੂੰ ਅਚਾਨਕ 1 ਅਪ੍ਰੈਲ ਫੂਲ ਦਿਵਸ ਦੀ ਵਿਹਾਰਕਤਾ ਯਾਦ ਆਉਂਦੀ ਹੈ, ਤਾਂ ਉਹ ਅਚਾਨਕ ਹੱਸਣ ਲੱਗ ਪੈਂਦੇ ਹਨ, ਜੋ ਕਿ ਅੱਜ ਉਨ੍ਹਾਂ ਦੀ ਦੂਜੀ ਪੀੜ੍ਹੀ ਦੀ ਸਿਹਤ ਲਈ ਬਹੁਤ ਮਹੱਤਵਪੂਰਨ ਹੈ, ਕਿਉਂਕਿ ਮੌਜੂਦਾ ਡਿਜੀਟਲ ਯੁੱਗ ਵਿਚ ਹਾਸਾ ਅਤੇ ਚੁਟਕਲੇ ਇੱਕ ਸਿਹਤ ਟੌਨਿਕ ਵਜੋਂ ਕੰਮ ਕਰਦੇ ਹਨ, ਜੋ ਅਨਮੋਲ ਹੈ, ਯਾਨੀ ਜੋ ਦਿਲੋਂ ਉੱਚੀ ਆਵਾਜ਼ ਵਿਚ ਹੱਸਦਾ ਹੈ, ਉਸਨੂੰ ਕੁਦਰਤੀ ਊਰਜਾ ਮਿਲਦੀ ਹੈ। ਸਾਨੂੰ ਇਹ ਟੌਨਿਕ 1 ਅਪ੍ਰੈਲ, ਯਾਨੀ ਕਿ ਫੂਲ ਡੇਅ 'ਤੇ ਮਿਲਦਾ ਹੈ, ਜਿਸ ਕਾਰਨ ਅਸੀਂ ਖੁਦ ਵੀ ਮੂਰਖ ਬਣਦੇ ਹਾਂ ਅਤੇ ਦੂਜਿਆਂ ਨੂੰ ਵੀ ਮੂਰਖ ਬਣਾਉਂਦੇ ਹਾਂ, ਫਿਰ ਅਸੀਂ ਇਕੱਠੇ ਹੱਸਦੇ ਹਾਂ, ਮੈਂ ਵੀ ਇਸਦਾ ਸ਼ਿਕਾਰ ਹੋ ਗਿਆ ਅਤੇ ਫਿਰ ਮੈਨੂੰ ਸ਼ਾਮ ਨੂੰ ਪਤਾ ਲੱਗਦਾ ਹੈ ਕਿ ਇਹ ਅਪ੍ਰੈਲ ਫੂਲ ਸੀ। ਇਹ ਹੈ ਕਿ ਮੈਨੂੰ ਸੂਚਿਤ ਕੀਤਾ ਗਿਆ ਸੀ ਕਿ, ਤੁਹਾਨੂੰ ਲਿਖਤੀ ਰੂਪ ਵਿਚ ਰਾਸ਼ਟਰੀ ਪੁਰਸਕਾਰ ਲਈ ਚੁਣਿਆ ਗਿਆ ਹੈ। ਮੈਂ ਬਹੁਤ ਉਤਸ਼ਾਹਿਤ ਸੀ ਅਤੇ ਦੁਪਹਿਰ ਨੂੰ ਸੂਟਕੋਟ ਲੈਣ ਗਿਆ। ਸ਼ਾਮ ਤੱਕ ਮੈਂ ਵਿਸਥਾਰ ਨਾਲ ਜਾਣਕਾਰੀ ਮੰਗੀ, ਤਾਂ ਮੇਰੇ ਦੋਸਤ ਹੱਸ ਪਏ ਅਤੇ ਕਹਿਣ ਲੱਗੇ ਕਿ ਤੈਨੂੰ ਗੁੱਸਾ ਆਇਆ ਕਿਉਂਕਿ ਮੈਂ ਤੈਨੂੰ ਅਪ੍ਰੈਲ ਫੂਲ ਬਣਾਇਆ ਸੀ। ਮੈਂ ਵੀ ਉੱਚੀ-ਉੱਚੀ ਹੱਸ ਪਿਆ। ਇਹ ਅਸਲੀ ਮਜ਼ਾ ਹੈ, ਹਾਸਾ ਅਤੇ ਹਾਸੇ। ਪਰ ਅੱਜ ਦੇ ਡਿਜੀਟਲ ਯੁੱਗ ਵਿਚ, ਪਹਿਲਾਂ ਸਿਰਫ਼ ਇੱਕ ਦਿਨ ਲਈ ਮੂਰਖ ਦਿਵਸ ਮਨਾਉਣ ਦਾ ਰੁਝਾਨ ਸੀ ਪਰ ਅੱਜ ਲੋਕਾਂ ਨੂੰ ਹਰ ਰੋਜ਼ ਮੂਰਖ ਬਣਾਉਣ ਲਈ ਬਹੁਤ ਸਾਰੇ ਪਲੇਟਫਾਰਮ ਹਨ, ਜਿਨ੍ਹਾਂ ਵਿਚ ਡਿਜੀਟਲ ਪਲੇਟਫਾਰਮ, ਹਨੀਟ੍ਰੈਪ ਜਾਅਲੀ ਈਮੇਲ, ਬੈਂਕ ਵਿਚੋਂ ਪੈਸੇ ਗਾਇਬ ਹੋਣਾ, ਸੁਨੇਹੇ, ਆਨਲਾਈਨ ਲਾਟਰੀ ਸ਼ਾਮਲ ਹਨ, ਜਿਸ ਕਾਰਨ ਸਾਨੂੰ ਹਰ ਰੋਜ਼ ਮੂਰਖ ਬਣਾਇਆ ਜਾਂਦਾ ਹੈ। ਅੱਜ ਮੀਡੀਆ 'ਤੇ ਉਪਲਬਧ ਜਾਣਕਾਰੀ ਦੀ ਮਦਦ ਨਾਲ, ਅਸੀਂ ਇਸ ਲੇਖ ਰਾਹੀਂ ਚਰਚਾ ਕਰਾਂਗੇ, ਮੂਰਖ ਦਿਵਸ 1 ਅਪ੍ਰੈਲ 2025, ਅਸੀਂ ਦੂਜਿਆਂ ਅਤੇ ਆਪਣੇ ਆਪ ਨੂੰ ਮੂਰਖ ਬਣਾ ਕੇ ਹੱਸਣ ਦਾ ਆਨੰਦ ਮਾਣਦੇ ਹਾਂ, ਜੋ ਕਿ ਸਿਹਤਮੰਦ ਰਹਿਣ ਲਈ ਇੱਕ ਵਧੀਆ ਟੌਨਿਕ ਹੈ।

ਦੋਸਤੋ, ਜੇਕਰ ਅਸੀਂ 1 ਅਪ੍ਰੈਲ 2025 ਦੀ ਗੱਲ ਕਰੀਏ, ਤਾਂ ਹਰ ਸਾਲ 1 ਅਪ੍ਰੈਲ ਨੂੰ ਪੂਰੀ ਦੁਨੀਆਂ ਵਿਚ ਅਪ੍ਰੈਲ ਫੂਲ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸ ਦਿਨ ਹਰ ਕੋਈ ਇੱਕ ਦੂਜੇ ਨਾਲ ਖੁੱਲ੍ਹ ਕੇ ਮਜ਼ਾਕ ਕਰਦਾ ਹੈ। ਇਸ ਦਿਨ ਹਰ ਕੋਈ ਕਿਸੇ ਨੂੰ ਮੂਰਖ ਬਣਾਉਣ ਦੀ ਕੋਸ਼ਿਸ਼ ਕਰਦਾ ਹੈ, ਉਨ੍ਹਾਂ ਨਾਲ ਮਜ਼ਾਕ ਕਰਦਾ ਹੈ ਅਤੇ ਜਦੋਂ ਅਸੀਂ ਅਜਿਹਾ ਕਰਨ ਵਿਚ ਸਫਲ ਹੋ ਜਾਂਦੇ ਹਾਂ, ਤਾਂ ਅਸੀਂ ਅਪ੍ਰੈਲ ਫੂਲ ਦਾ ਰੌਲਾ ਪਾਉਂਦੇ ਹਾਂ। ਅੱਜਕੱਲ੍ਹ ਲੋਕ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਸਾਰਿਆਂ ਨੂੰ ਮੂਰਖ ਬਣਾਉਂਦੇ ਹਨ। ਕਈ ਵਾਰ ਮਜ਼ਾਕ ਇੰਨਾ ਅਸਲੀ ਹੁੰਦਾ ਹੈ ਕਿ ਲੋਕਾਂ ਨੂੰ ਬਾਅਦ ਵਿਚ ਅਹਿਸਾਸ ਹੁੰਦਾ ਹੈ ਕਿ ਉਹ ਅਪ੍ਰੈਲ ਫੂਲ ਬਣ ਗਏ ਹਨ। ਇਸ ਦਿਨ ਲੋਕ ਆਪਣੇ ਦੋਸਤਾਂ, ਅਜ਼ੀਜ਼ਾਂ ਜਾਂ ਪਰਿਵਾਰਕ ਮੈਂਬਰਾਂ ਨੂੰ ਮੂਰਖ ਬਣਾ ਕੇ ਜਸ਼ਨ ਮਨਾਉਂਦੇ ਹਨ। ਲੋਕਾਂ ਨਾਲ ਮਜ਼ਾਕ ਕਰਨ ਜਾਂ ਮਜ਼ਾਕ ਕਰਨ ਤੋਂ ਬਾਅਦ, ਉਹ ਜੋਸ਼ ਵਿਚ ਅਪ੍ਰੈਲ ਫੂਲ ਡੇਅ ਦਾ ਰੌਲਾ ਪਾਉਂਦੇ ਹਨ। ਪਹਿਲਾਂ ਇਹ ਦਿਨ ਸਿਰਫ਼ ਫਰਾਂਸ ਅਤੇ ਕੁਝ ਹੋਰ ਯੂਰਪੀ ਦੇਸ਼ਾਂ ਵਿਚ ਮਨਾਇਆ ਜਾਂਦਾ ਸੀ, ਪਰ ਹੌਲੀ-ਹੌਲੀ ਅਪ੍ਰੈਲ ਫੂਲ ਦਿਵਸ ਦੁਨੀਆ ਭਰ ਦੇ ਦੇਸ਼ਾਂ ਵਿਚ ਮਨਾਇਆ ਜਾਣ ਲੱਗਾ। ਅਪ੍ਰੈਲ ਫੂਲ ਡੇ ਮਨਾਉਣ ਪਿੱਛੇ ਕਈ ਕਹਾਣੀਆਂ ਹਨ। ਫੂਲਜ਼ ਡੇ ਯਾਨੀ ਅਪ੍ਰੈਲ ਫੂਲਜ਼ ਡੇ 'ਤੇ, ਲੋਕ ਦੂਜਿਆਂ ਨੂੰ ਮੂਰਖ ਬਣਾਉਂਦੇ ਹਨ ਅਤੇ ਖੁਦ ਵੀ ਇੱਕ ਬਣ ਕੇ ਫੂਲਜ਼ ਡੇ ਦਾ ਆਨੰਦ ਮਾਣਦੇ ਹਨ। ਅਪ੍ਰੈਲ ਫੂਲ ਡੇ ਹਰ ਸਾਲ 1 ਅਪ੍ਰੈਲ ਨੂੰ ਕਈ ਦੇਸ਼ਾਂ ਵਿਚ ਮਨਾਇਆ ਜਾਂਦਾ ਹੈ। ਕੁਝ ਥਾਵਾਂ 'ਤੇ ਇਸਨੂੰ ਆਲ ਫੂਲ ਡੇ ਵੀ ਕਿਹਾ ਜਾਂਦਾ ਹੈ। ਇਸ ਦਿਨ ਲੋਕ ਇੱਕ ਦੂਜੇ ਨੂੰ ਮੂਰਖ ਬਣਾਉਂਦੇ ਹਨ ਅਤੇ ਚੁਟਕਲੇ ਸੁਣਦੇ ਅਤੇ ਸੁਣਾਉਂਦੇ ਹਨ। ਇਸ ਦਿਨ, ਹਰ ਕੋਈ ਉਸ ਵਿਅਕਤੀ ਨੂੰ 'ਅਪ੍ਰੈਲ ਫੂਲ' ਕਹਿ ਕੇ ਚਿੜ੍ਹਾਉਂਦਾ ਹੈ, ਜੋ ਮੂਰਖ ਬਣਦਾ ਹੈ। ਅਪ੍ਰੈਲ ਫੂਲ ਦਿਵਸ ਦਾ ਵਿਸ਼ਾ ਜ਼ਿੰਦਗੀ ਵਿਚ ਗੁਆਚੇ ਖੁਸ਼ੀ ਦੇ ਪਲਾਂ ਨੂੰ ਵਾਪਸ ਲਿਆਉਣਾ ਅਤੇ ਤਣਾਅ-ਮੁਕਤ ਅਤੇ ਸਿਹਤਮੰਦ ਜੀਵਨ ਜਿਊਣ ਵੱਲ ਇੱਕ ਹੋਰ ਕਦਮ ਵਧਾਉਣਾ ਹੈ। ਜ਼ਿਆਦਾਤਰ ਲੋਕਾਂ ਕੋਲ ਅਪ੍ਰੈਲ ਫੂਲ ਡੇ ਨਾਲ ਜੁੜੀਆਂ ਬਚਪਨ ਦੀਆਂ ਯਾਦਾਂ ਹਨ, 1 ਅਪ੍ਰੈਲ ਨੂੰ ਪਰਿਵਾਰ, ਰਿਸ਼ਤੇਦਾਰਾਂ ਅਤੇ ਦੋਸਤਾਂ ਨਾਲ ਕੀਤੇ ਗਏ ਮਜ਼ਾਕ ਹਰ ਕਿਸੇ ਦੇ ਚਿਹਰੇ 'ਤੇ ਮੁਸਕਰਾਹਟ ਲਿਆਉਂਦੇ ਹਨ। ਸ਼ਰਾਰਤੀ ਲੋਕ ਇਸ ਦਿਨ ਦੀ ਬੇਸਬਰੀ ਨਾਲ ਉਡੀਕ ਕਰਦੇ ਹਨ, ਤਾਂ ਜੋ ਉਹ 'ਮੈਂ ਉਸਨੂੰ ਅਪ੍ਰੈਲ ਫੂਲ ਬਣਾਇਆ, ਇਹ ਬਹੁਤ ਮਜ਼ੇਦਾਰ ਸੀ' ਜਾਂ 'ਉਹ ਗੁੱਸੇ ਹੋ ਗਿਆ' ਵਰਗੇ ਵਾਕਾਂਸ਼ ਕਹਿ ਸਕਣ। ਇਸ ਦਿਨ, ਬਹੁਤ ਸਾਰੇ ਲੋਕ ਆਪਣੇ ਅਜ਼ੀਜ਼ਾਂ ਨੂੰ ਹੈਰਾਨ ਕਰਨ ਦੇ ਨਵੇਂ ਤਰੀਕੇ ਲੱਭਦੇ ਹਨ ਅਤੇ ਫਿਰ ਬਾਅਦ ਵਿਚ ਉਨ੍ਹਾਂ ਦੀਆਂ ਪ੍ਰਤੀਕਿਰਿਆਵਾਂ ਨੂੰ ਦੇਖ ਕੇ ਆਨੰਦ ਮਾਣਦੇ ਹਨ। ਅਪ੍ਰੈਲ ਫੂਲ ਦਿਵਸ, ਜੋ ਕਿ ਮੌਜ-ਮਸਤੀ ਅਤੇ ਹਾਸੇ ਨੂੰ ਸਮਰਪਿਤ ਹੈ, ਹਰ ਸਾਲ ਇਕਸਾਰ ਹੁੰਦੀ ਜਾ ਰਹੀ ਰੁਟੀਨ ਜ਼ਿੰਦਗੀ ਤੋਂ ਬਹੁਤ ਜ਼ਰੂਰੀ ਬ੍ਰੇਕ ਪ੍ਰਦਾਨ ਕਰਦਾ ਹੈ। ਇਸ ਤੋਂ ਇਲਾਵਾ, ਇਹ ਤੁਹਾਨੂੰ ਆਪਣੇ ਦੋਸਤਾਂ ਅਤੇ ਨਜ਼ਦੀਕੀਆਂ ਨਾਲ ਕੁਝ ਮੌਜ-ਮਸਤੀ ਕਰਨ ਦਾ ਮੌਕਾ ਵੀ ਦਿੰਦਾ ਹੈ। ਡਿਜੀਟਲ ਯੁੱਗ ਵਿਚ, ਅਪ੍ਰੈਲ ਫੂਲ ਡੇਅ ਨੇ ਆਨਲਾਈਨ ਪਲੇਟਫਾਰਮਾਂ ਅਤੇ ਸੋਸ਼ਲ ਮੀਡੀਆ ਨੈੱਟਵਰਕਾਂ ਨਾਲ ਮੌਜ-ਮਸਤੀ ਕਰਨ ਜਾਂ ਮਜ਼ਾਕ ਕਰਨ ਦਾ ਇੱਕ ਨਵਾਂ ਤਰੀਕਾ ਵੀ ਅਪਣਾ ਲਿਆ ਹੈ। ਹਾਲਾਂਕਿ, ਜੋ ਲੋਕ ਇਸ ਦਿਨ ਦੂਜਿਆਂ 'ਤੇ ਮਜ਼ਾਕ ਕਰਦੇ ਹਨ, ਉਨ੍ਹਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਹਰ ਕੋਈ ਮਜ਼ਾਕ ਦਾ ਪਾਤਰ ਬਣਨਾ ਪਸੰਦ ਨਹੀਂ ਕਰਦਾ, ਇਸ ਲਈ ਮੌਜ-ਮਸਤੀ ਕਰਦੇ ਸਮੇਂ ਵੀ ਸਮਾਜਿਕ ਦਾਇਰਿਆਂ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ, ਕਿਉਂਕਿ ਲੋਕ ਹਰ ਰੋਜ਼ ਮੂਰਖ ਬਣ ਰਹੇ ਹਨ! ਪਹਿਲਾਂ ਸਿਰਫ਼ ਇੱਕ ਦਿਨ ਲਈ ਮੂਰਖ ਦਿਵਸ ਮਨਾਉਣ ਦਾ ਰੁਝਾਨ ਸੀ, ਪਰ ਅੱਜਕੱਲ੍ਹ ਲੋਕ ਹਰ ਰੋਜ਼ ਮੂਰਖ ਬਣ ਰਹੇ ਹਨ। ਇਨ੍ਹੀਂ ਦਿਨੀਂ, ਲੋਕ ਹਰ ਰੋਜ਼ ਡਿਜੀਟਲ ਪਲੇਟਫਾਰਮਾਂ, ਹਨੀਟ੍ਰੈਪ, ਨਕਲੀ ਈਮੇਲਾਂ ਜਾਂ ਸੁਨੇਹਿਆਂ ਰਾਹੀਂ, ਆਨਲਾਈਨ ਲਾਟਰੀ ਜਿੱਤਣ ਦੇ ਨਾਮ 'ਤੇ ਮੂਰਖ ਬਣਾਏ ਜਾ ਰਹੇ ਹਨ, ਆਦਿ।

ਦੋਸਤੋ, ਜੇਕਰ ਅਸੀਂ 1 ਅਪ੍ਰੈਲ 2025 ਨੂੰ ਅਪ੍ਰੈਲ ਫੂਲ ਦਿਵਸ ਦੇ ਇਤਿਹਾਸ ਦੀ ਗੱਲ ਕਰੀਏ, ਤਾਂ ਇਸ ਗੱਲ ਦਾ ਕੋਈ ਠੋਸ ਸਬੂਤ ਨਹੀਂ ਹੈ ਕਿ ਅਪ੍ਰੈਲ ਫੂਲ ਦਿਵਸ 1 ਅਪ੍ਰੈਲ ਨੂੰ ਕਿਉਂ ਮਨਾਇਆ ਜਾਂਦਾ ਹੈ, ਪਰ ਇਸ ਬਾਰੇ ਬਹੁਤ ਸਾਰੀਆਂ ਕਹਾਣੀਆਂ ਪ੍ਰਚਲਿਤ ਹਨ, ਜਿਨ੍ਹਾਂ ਵਿਚੋਂ ਇੱਕ ਦੇ ਅਨੁਸਾਰ, ਅਪ੍ਰੈਲ ਫੂਲ ਦਿਵਸ 1381 ਵਿਚ ਸ਼ੁਰੂ ਹੋਇਆ ਸੀ। ਕਿਹਾ ਜਾਂਦਾ ਹੈ ਕਿ ਉਸ ਸਮੇਂ ਦੇ ਰਾਜਾ ਰਿਚਰਡ ਪਹਿਲੇ ਅਤੇ ਬੋਹੇਮੀਆ ਦੇ ਮਹਾਰਾਣੀ ਐੱਨ ਨੇ ਐਲਾਨ ਕੀਤਾ ਸੀ ਕਿ ਉਹ 32 ਮਾਰਚ, 1381 ਨੂੰ ਮੰਗਣੀ ਕਰਨ ਜਾ ਰਹੇ ਹਨ। ਮੰਗਣੀ ਦੀ ਖ਼ਬਰ ਸੁਣ ਕੇ ਲੋਕ ਬਹੁਤ ਖੁਸ਼ ਹੋਏ, ਪਰ 31 ਮਾਰਚ, 1381 ਨੂੰ, ਲੋਕਾਂ ਨੂੰ ਅਹਿਸਾਸ ਹੋਇਆ ਕਿ 32 ਮਾਰਚ ਕਦੇ ਨਹੀਂ ਆਵੇਗਾ। ਇਸ ਤੋਂ ਬਾਅਦ, ਲੋਕਾਂ ਨੂੰ ਸਮਝ ਆਇਆ ਕਿ ਉਨ੍ਹਾਂ ਨੂੰ ਮੂਰਖ ਬਣਾਇਆ ਗਿਆ ਸੀ। ਕਿਹਾ ਜਾਂਦਾ ਹੈ ਕਿ ਉਦੋਂ ਤੋਂ ਹੀ 32 ਮਾਰਚ, ਯਾਨੀ 1 ਅਪ੍ਰੈਲ ਨੂੰ ਮੂਰਖ ਦਿਵਸ ਵਜੋਂ ਮਨਾਇਆ ਜਾਣ ਲੱਗਾ। ਕੁਝ ਕਹਾਣੀਆਂ ਦੇ ਅਨੁਸਾਰ, ਅਪ੍ਰੈਲ ਫੂਲ ਡੇ 1392 ਵਿਚ ਹੀ ਸ਼ੁਰੂ ਹੋਇਆ ਸੀ। ਕੁਝ ਕਹਾਣੀਆਂ ਦੇ ਅਨੁਸਾਰ, ਪਹਿਲਾਂ ਯੂਰਪੀਅਨ ਦੇਸ਼ਾਂ ਵਿਚ, ਨਵਾਂ ਸਾਲ 1 ਅਪ੍ਰੈਲ ਨੂੰ ਮਨਾਇਆ ਜਾਂਦਾ ਸੀ। ਪਰ, ਜਦੋਂ ਪੋਪ ਗ੍ਰੈਗਰੀ 13 ਨੇ ਨਵਾਂ ਕੈਲੰਡਰ ਅਪਣਾਉਣ ਦਾ ਹੁਕਮ ਦਿੱਤਾ, ਨਵਾਂ ਸਾਲ 1 ਜਨਵਰੀ ਤੋਂ ਮਨਾਇਆ ਜਾਣ ਲੱਗਾ, ਕੁਝ ਲੋਕ ਅਜੇ ਵੀ 1 ਅਪ੍ਰੈਲ ਨੂੰ ਨਵਾਂ ਸਾਲ ਮਨਾ ਰਹੇ ਸਨ। ਫਿਰ ਅਜਿਹੇ ਲੋਕਾਂ ਨੂੰ ਮੂਰਖ ਸਮਝਿਆ ਜਾਂਦਾ ਸੀ ਅਤੇ ਉਨ੍ਹਾਂ ਦਾ ਮਜ਼ਾਕ ਉਡਾਇਆ ਜਾਂਦਾ ਸੀ। ਇਸ ਤਰ੍ਹਾਂ ਅਪ੍ਰੈਲ ਫੂਲ ਡੇ ਦੀ ਸ਼ੁਰੂਆਤ ਹੋਈ। ਹਾਲਾਂਕਿ 19ਵੀਂ ਸਦੀ ਤੱਕ ਅਪ੍ਰੈਲ ਫੂਲ ਡੇ ਕਾਫ਼ੀ ਮਸ਼ਹੂਰ ਹੋ ਗਿਆ ਸੀ। ਕੁਝ ਰਿਪੋਰਟਾਂ ਦੇ ਅਨੁਸਾਰ, ਇਸ ਦਿਨ ਦੀ ਸ਼ੁਰੂਆਤ ਭਾਰਤ ਵਿਚ ਅੰਗਰੇਜ਼ਾਂ ਦੁਆਰਾ 19ਵੀਂ ਸਦੀ ਵਿਚ ਕੀਤੀ ਗਈ ਸੀ। ਅੱਜਕੱਲ੍ਹ ਭਾਰਤ ਵਿਚ ਵੀ ਲੋਕ ਇਸ ਦਿਨ ਆਨੰਦ ਮਾਣਦੇ ਹਨ।

ਇਸ ਲਈ ਜੇਕਰ ਅਸੀਂ ਉਪਰੋਕਤ ਵਰਣਨ ਦਾ ਅਧਿਐਨ ਕਰੀਏ ਅਤੇ ਇਸਦੀ ਵਿਆਖਿਆ ਕਰੀਏ, ਤਾਂ ਸਾਨੂੰ ਪਤਾ ਲੱਗੇਗਾ ਕਿ ਮੂਰਖ ਦਿਵਸ 1 ਅਪ੍ਰੈਲ 2025 - ਸਾਨੂੰ ਦੂਜਿਆਂ ਨੂੰ ਅਤੇ ਆਪਣੇ ਆਪ ਨੂੰ ਮੂਰਖ ਬਣਾਉਣ ਵਿਚ ਮਜ਼ਾ ਆਉਂਦਾ ਹੈ। ਮੈਂ ਉਨ੍ਹਾਂ ਨੂੰ ਅਪ੍ਰੈਲ ਫੂਲ ਬਣਾਇਆ, ਉਹ ਗੁੱਸੇ ਹੋ ਗਏ, ਮੇਰਾ ਕੀ ਕਸੂਰ ਹੈ, ਇਹ ਦੁਨੀਆਂ ਦਾ ਕਸੂਰ ਹੈ, ਜਿਸਨੇ ਇਹ ਰਿਵਾਜ਼ ਬਣਾਇਆ। ਪਹਿਲਾਂ ਸਿਰਫ਼ ਇੱਕ ਦਿਨ ਮੂਰਖ ਦਿਵਸ ਮਨਾਉਣ ਦਾ ਰੁਝਾਨ ਸੀ, ਅੱਜ ਲੋਕ ਡਿਜੀਟਲ ਪਲੇਟਫਾਰਮਾਂ, ਹਨੀਟ੍ਰੈਪ, ਜਾਅਲੀ ਈਮੇਲਾਂ, ਬੈਂਕ ਧੋਖਾਧੜੀ, ਸੰਦੇਸ਼ਾਂ, ਆਨਲਾਈਨ ਲਾਟਰੀ ਆਦਿ ਰਾਹੀਂ ਹਰ ਰੋਜ਼ ਮੂਰਖ ਬਣ ਰਹੇ ਹਨ।

## 13 ਅਪ੍ਰੈਲ ਵਿਸਾਖੀ ਦੇ ਤਿਉਹਾਰ 'ਤੇ ਵਿਸ਼ੇਸ਼

# ਬਚਪਨ ਦੀਆਂ ਯਾਦਾਂ ਨੂੰ ਯਾਦ ਕਰਾਵੇ ਵਿਸਾਖੀ ਦਾ ਤਿਉਹਾਰ

ਪ੍ਰਿੰਸੀਪਲ ਵਿਜੈ ਕੁਮਾਰ
98726-27136
ਪੰਜਾਬ ਮੇਲ USA

ਅਪ੍ਰੈਲ ਦਾ ਮਹੀਨਾ ਚੜ੍ਹਦਿਆਂ ਹੀ ਮਨ ਆਪਣੇ ਪਿੰਡ ਦੇ ਸਤਲੁਜ ਦਰਿਆ ਦੇ ਕੰਢੇ ਉੱਤੇ ਜਾ ਪਹੁੰਚਦਾ ਹੈ। ਦਿਲ ਕਰਦਾ ਹੈ ਕਿ ਪ੍ਰਮਾਤਮਾ ਕਰੇ ਬਚਪਨ ਦੇ ਉਹ ਦਿਨ ਮੁੜ ਆਉਣ। ਵਿਸਾਖੀ ਦੇ ਤਿਉਹਾਰ ਨਾਲ ਜੁੜੀਆਂ ਯਾਦਾਂ ਇੱਕ-ਇੱਕ ਕਰਕੇ ਅੱਖਾਂ ਅੱਗੋਂ ਲੰਘਣ ਲੱਗ ਪੈਂਦੀਆਂ ਹਨ। ਪਿਤਾ ਜੀ ਨੂੰ ਵਿਸਾਖੀ ਦੇ ਤਿਉਹਾਰ 'ਤੇ ਲੈ ਕੇ ਜਾਉਣ ਲਈ ਕਹਿਣ ਲੱਗ ਪੈਣਾ, ਉਨ੍ਹਾਂ ਵਲੋਂ ਕੋਈ ਤਸੱਲੀਬਖਸ਼ ਜਵਾਬ ਨਾ ਮਿਲਣ 'ਤੇ ਜਿੱਦ ਕਰਨ ਲੱਗ ਪੈਣਾ, ਜ਼ਿਆਦਾ ਜਿੱਦ ਕਰਨ 'ਤੇ ਪਿਤਾ ਜੀ ਦਾ ਝਿੜਕੇ ਮਾਰਨਾ, ਉਸ ਤੋਂ ਬਾਅਦ ਪਿਤਾ ਜੀ ਨੂੰ ਕਹਿਣ ਲਈ ਮਾਂ ਦੇ ਹਾੜੇ ਕੱਢਣਾ ਲੱਗ ਪੈਣਾ, ਅਖੀਰ 'ਚ ਮਾਂ ਦਾ ਇਹ ਕਹਿਣਾ ਕਿ ਹੁਣੇ ਹੀ ਜਾਨ ਕਿਉਂ ਖਾਣ ਲੱਗ ਪਏ ਹੋ, ਵਿਸਾਖੀ ਵਾਲਾ ਦਿਨ ਤਾਂ ਆਉਣ ਦਿਓ। ਹਰ ਸਾਲ ਦਾ ਹੀ ਵਰਤਾਰਾ ਹੁੰਦਾ ਸੀ। ਪਿਤਾ ਜੀ ਹਰ ਸਾਲ ਵਿਸਾਖੀ ਦੇ ਤਿਉਹਾਰ ਤੇ ਸਤਲੁਜ ਦੇ ਕੰਢੇ ਲੈ ਵੀ ਜਾਂਦੇ ਸਨ ਪਰ ਪਤਾ ਨਹੀਂ ਸਾਨੂੰ ਭੈਣ-ਭਰਾਵਾਂ ਨੂੰ ਇਹ ਕਿਉਂ ਲੱਗਦਾ ਸੀ ਕਿ ਕਿਤੇ ਸਾਡਾ ਵਿਸਾਖੀ ਦੇ ਤਿਉਹਾਰ ਉੱਤੇ ਜਾਣਾ ਰਹਿ ਨਾ ਜਾਵੇ। ਪਿਤਾ ਜੀ ਇਸ ਸ਼ਰਤ 'ਤੇ ਕਿ ਤੁਸੀਂ ਮੈਨੂੰ ਰਾਹ ਵਿਚ ਤੰਗ ਨਹੀਂ ਕਰੋਗੇ, ਵਿਸਾਖੀ ਦੇ ਤਿਉਹਾਰ 'ਤੇ ਲੈ ਕੇ ਜਾਣ ਲਈ ਇਕ ਦਿਨ ਪਹਿਲਾਂ ਹਾਂ ਕਰ ਦਿੰਦੇ ਸਨ। ਪਿਤਾ ਜੀ ਦੀ ਹਾਂ ਸੁਣਕੇ ਸਾਡੇ ਚਿਹਰੇ ਖਿੜ ਜਾਂਦੇ ਸਨ। ਵਿਸਾਖੀ ਦਾ ਤਿਉਹਾਰ ਭਾਵੇਂ ਦੂਜੇ ਦਿਨ ਹੁੰਦਾ ਸੀ ਪਰ ਅਸੀਂ ਕਲਪਨਾ ਵਿਚ ਇਕ ਦਿਨ ਪਹਿਲਾਂ ਹੀ ਸਤਲੁਜ ਦੇ ਕੰਢੇ ਪਹੁੰਚ ਜਾਂਦੇ ਸਾਂ। ਮਾਂ ਸਵੇਰੇ ਸੁਵਖਤੇ ਜਾਣ ਕਰਕੇ ਛੇਤੀ ਸੌਣ ਲਈ ਕਹਿੰਦੀ ਸੀ ਪਰ ਕਲਪਨਾ ਛੇਤੀ ਸੌਣ ਹੀ ਨਹੀਂ ਦਿੰਦੀ ਸੀ।

ਸੌਣ ਦਾ ਯਤਨ ਵੀ ਕਰੀਦਾ ਸੀ ਪਰ ਅੰਮ੍ਰਤੀਆਂ, ਜਲੇਬੀਆਂ, ਪਕੌੜਿਆਂ, ਖਿਡੌਣਿਆਂ 'ਤੇ ਦਰਿਆ ਦੇ ਕੰਢੇ ਨਹਾਉਂਦਿਆਂ ਪਾਣੀ 'ਚ ਛੜੱਪੇ ਮਾਰਨ ਦੇ ਸੁਪਨੇ ਨੀਂਦ ਨਹੀਂ ਆਉਣ ਦਿੰਦੇ ਸਨ। ਨੀਂਦ ਨੇ ਤਾਂ ਆਉਣਾ ਹੀ



ਹੁੰਦਾ ਸੀ। ਪਹਿਲਾਂ ਤਾਂ ਹਰ ਰੋਜ਼ ਸਵੇਰੇ ਮਾਂ ਨੂੰ ਅਵਾਜ਼ਾਂ ਮਾਰਕੇ ਉਠਾਉਣਾ ਪੈਂਦਾ ਸੀ ਪਰ ਵਿਸਾਖੀ ਦੇ ਤਿਉਹਾਰ 'ਤੇ ਜਾਣ ਦਾ ਚਾਅ ਸਵੇਰੇ-ਸੁਵਖਤੇ ਉਠਾਕੇ ਬਿਠਾ ਦਿੰਦਾ ਸੀ। ਘਰ ਤੋਂ ਜਾਣ ਲੱਗਿਆਂ ਕੋਈ ਜਿੱਦ ਨਹੀਂ ਕਰਦਾ ਸੀ ਪਰ ਘਰ ਤੋਂ ਥੋੜੀ ਦੂਰ ਜਾਣ 'ਤੇ ਹੀ ਅਸੀਂ ਆਪਣਾ-ਆਪਣਾ ਘਸਮਾਣ ਪਾਕੇ ਬਹਿ ਜਾਂਦੇ ਸੀ। ਕਿਸੇ ਦੀ ਮੰਗ ਸਾਇਕਲ ਦੇ ਡੰਡੇ ਉੱਤੇ ਲੱਗੀ ਕਾਠੀ ਉੱਤੇ ਬੈਠਣ ਦੀ ਹੁੰਦੀ ਸੀ ਤੇ ਕੋਈ ਪਿੱਛੇ ਬੈਠਣ ਦੀ ਜਿੱਦ ਕਰਦਾ ਸੀ। ਚਾਰ ਬੱਚਿਆਂ ਨੂੰ ਸਾਇਕਲ ਉੱਤੇ ਲਿਜਾਉਣਾ ਔਖਾ ਹੁੰਦਾ ਸੀ। ਪੈਦਲ ਚੱਲਣ ਲਈ ਕੋਈ ਤਿਆਰ ਨਹੀਂ ਹੁੰਦਾ ਸੀ। ਪਿਤਾ ਜੀ ਨੂੰ ਹੀ ਪੈਦਲ ਚੱਲਣਾ ਪੈਂਦਾ ਸੀ। ਮਨ 'ਚ ਛੇਤੀ ਤੋਂ ਛੇਤੀ ਪਹੁੰਚਣ ਦੀ ਕਾਹਲ ਹੁੰਦੀ ਸੀ। ਦਰਿਆ ਉੱਤੇ ਪਹੁੰਚ ਕੇ ਅਸੀਂ ਪਿਤਾ ਜੀ ਨੂੰ ਸਾਈਕਲ ਖੜ੍ਹਾ ਕਰਨਾ ਔਖਾ ਕਰ ਦਿੰਦੇ ਸਾਂ। ਸਾਈਕਲ ਉੱਤੋਂ ਉਤਰਦਿਆਂ ਹੀ ਅਸੀਂ ਦਰਿਆ ਦੇ ਕੰਢੇ ਵੱਲ ਨੂੰ ਭੱਜਦੇ ਸਾਂ। ਪਿਤਾ ਜੀ ਸਾਨੂੰ ਹਾਕਾਂ ਮਾਰਦੇ ਰਹਿ ਜਾਂਦੇ ਸਨ। ਦਰਿਆ 'ਚ ਵੜਦਿਆਂ ਹੀ ਅਸੀ ਇੱਕ ਦੂਜੇ ਉੱਤੇ ਪਾਣੀ ਸੁੱਟਣ, ਪਾਣੀ ਵਿਚ ਛੜੱਪੇ ਮਾਰਨ ਅਤੇ ਹੋਰ ਸ਼ਰਾਰਤਾਂ ਕਰਨ ਲੱਗ ਜਾਂਦੇ ਸਾਂ। ਹੋਰ ਡੂੰਘੇ ਪਾਣੀ ਵਿਚ ਨਹਾਉਣ ਦੇ ਚਾਅ ਵਿਚ ਅਸੀਂ ਦਰਿਆ ਦੇ ਕੰਢੇ ਤੋਂ ਅੱਗੇ ਵਧਣ ਲੱਗ ਪੈਂਦੇ ਸਾਂ। ਪਾਣੀ ਦਾ ਵਹਾਅ ਤੇਜ਼ ਹੋਣ ਕਾਰਨ ਪਿਤਾ ਜੀ ਨੂੰ ਸਾਨੂੰ ਪਾਣੀ ਵਿਚ ਸ਼ਰਾਰਤਾਂ ਕਰਨ ਅਤੇ ਅੱਗੇ ਵੱਧਣ ਤੋਂ ਰੋਕਣ ਲਈ ਸਾਨੂੰ ਝਿੜਕਾਂ ਮਾਰਨੀਆਂ ਪੈਂਦੀਆਂ ਸਨ ਅਤੇ ਅੱਗੇ ਤੋਂ ਨਾ ਲਿਆਉਣ ਦਾ ਡਰ ਦੇਣਾ ਪੈਂਦਾ ਸੀ ਪਰ ਉਨ੍ਹਾਂ ਦੀ ਗੱਲ ਕੋਈ ਨਹੀਂ ਸੁਣਦਾ ਸੀ।

ਸਾਰੇ ਇੱਕ ਦੂਜੇ ਉੱਤੇ ਗੱਲ ਸੁੱਟਕੇ ਆਪਣੇ ਆਪ ਨੂੰ ਨਿਰਦੋਸ਼ ਦੱਸਣ ਲੱਗਣ ਪੈਂਦੇ ਸਨ। ਪਿਤਾ ਜੀ ਨੂੰ ਕਈ ਵਾਰ ਇਹ ਗੱਲ ਕਹਿਣੀ ਪੈਂਦੀ ਸੀ ਕਿ ਹੁਣ ਨਿਕਲ ਵੀ ਆਓ, ਬਥੇਰਾ ਨਹਾ ਲਏ। ਥੱਕ ਹਾਰ ਕੇ ਡੇਢ-ਦੋ ਘੰਟੇ ਬਾਅਦ ਅਸੀਂ ਪਾਣੀ 'ਚੋਂ ਨਿਕਲ ਤਾਂ ਆਉਂਦੇ ਸਾਂ ਪਰ ਅਜੇ ਵੀ ਸਾਡਾ ਮਨ ਭਰਿਆ ਨਹੀਂ ਹੁੰਦਾ ਸੀ। ਉਸ ਤੋਂ ਬਾਅਦ ਵਾਰੀ ਖਿਡੌਣੇ ਖਰੀਦਣ ਦੀ ਆਉਂਦੀ ਸੀ। ਪਿਤਾ ਜੀ ਦਿਲ ਦੇ ਬਹੁਤ ਅਮੀਰ ਸਨ। ਸਾਰੇ ਮਾਂ-ਬਾਪ ਆਪਣੇ ਬੱਚਿਆਂ ਨਾਲ ਪਿਆਰ ਕਰਦੇ ਅਤੇ ਆਪਣੀ ਸਮਰਥਾ ਮੁਤਾਬਿਕ ਉਨ੍ਹਾਂ ਦੀਆਂ ਇੱਛਾਵਾਂ ਪੂਰੀਆਂ ਕਰਦੇ ਹਨ ਪਰ ਪਿਤਾ ਜੀ ਸਾਨੂੰ ਹਦੋਂ ਵੱਧ ਪਿਆਰ ਕਰਦੇ ਸਨ। ਸਾਡੀ ਦੁਕਾਨ ਉੱਤੇ ਹਰ ਤਰ੍ਹਾਂ ਦੇ ਖਿਡੌਣੇ ਹੁੰਦੇ ਸਨ ਪਰ ਵਿਸਾਖੀ ਦੇ ਤਿਉਹਾਰ ਉੱਤੇ ਲੱਗੀਆਂ ਦੁਕਾਨਾਂ ਤੋਂ ਖਿਡੌਣੇ ਖਰੀਦਣ ਦਾ ਚਾਅ ਬਹੁਤ ਜ਼ਿਆਦਾ ਹੁੰਦਾ ਸੀ। ਅਸੀਂ ਪਾਣੀ ਵਾਲੇ, ਗੈਸ ਵਾਲੇ ਗੁਬਾਰੇ, ਚਾਬੀ ਵਾਲੇ ਜਹਾਜ਼, ਟਰੈਕਟਰ, ਪੱਖਾ, ਟਰੈਂ-ਟਰੈਂ ਵਾਲਾ ਡੱਡੂ ਖਿਡੌਣਾ, ਵਾਜਾ ਬਾਂਸੁਰੀ, ਹੈਟ ਅਤੇ ਹੋਰ ਕਈ ਤਰ੍ਹਾਂ ਦੇ ਖਿਡੌਣੇ ਜ਼ਰੂਰ ਖਰੀਦਦੇ ਸਾਂ ਪਰ ਖੁਸ਼ ਫੇਰ ਵੀ ਕੋਈ ਨਹੀਂ ਹੁੰਦਾ ਸੀ। ਗੋਲੀ ਵਾਲੀ ਸੋਢੇ ਦੀ ਬੋਤਲ, ਬਰੋਟੇ ਤੇ ਪੱਤੇ ਉੱਤੇ ਨੋਰੀਏ ਬਾਬੇ ਦੀ ਖੋਏ ਵਾਲੀ ਬਰਫ ਅਤੇ ਲਾਲ ਕੁਲਫੀ ਅਸੀਂ ਬੜੇ ਸ਼ੌਕ ਨਾਲ ਖਾਂਦੇ ਸਾਂ। ਅਮ੍ਰਤੀਆਂ, ਜਲੇਬੀਆਂ ਅਤੇ ਪਕੌੜੇ ਤਾਂ ਅਸੀਂ ਪਹਿਲਾਂ ਵੀ ਖਾਂਦੇ ਸਾਂ ਪਰ ਵਿਸਾਖੀ ਦੇ ਤਿਉਹਾਰ ਉੱਤੇ ਸਾਧ ਤਾਏ ਅਤੇ ਜੁਗਲੂ ਚਾਚੇ ਵਲੋਂ ਲਗਾਈਆਂ ਦੁਕਾਨਾਂ ਉੱਤੇ ਇਹ ਸਾਰੀਆਂ ਚੀਜ਼ਾਂ ਖਾਣ ਦਾ ਸਵਾਦ ਵੱਖਰਾ ਹੀ ਹੁੰਦਾ ਸੀ। ਨਾ ਚਾਹੁੰਦੇ ਹੋਏ ਵੀ ਪਿਤਾ ਜੀ ਨਾਲ ਘਰ ਨੂੰ ਮੁੜਨਾ ਹੀ ਪੈਂਦਾ ਸੀ। ਰਸਤੇ ਵਿਚ ਲੱਗੇ ਅੰਬਾਂ ਦੇ ਰੁੱਖਾਂ ਤੋਂ ਪੱਥਰ ਮਾਰਕੇ ਅੰਬੀਆਂ ਝਾੜ ਕੇ ਨਮਕ ਨਾਲ ਖਾਣ ਦਾ ਪੜਾਅ ਸਾਡੇ ਲਈ ਬਹੁਤ ਮਹੱਤਵਪੂਰਨ ਹੁੰਦਾ ਸੀ। ਘਰ ਪਹੁੰਚਦਿਆਂ ਹੀ ਮਾਂ ਦਾ ਪਿਤਾ ਜੀ ਨੂੰ ਸਵਾਲ ਹੁੰਦਾ, ਇਨ੍ਹਾਂ ਨੇ ਬਹੁਤਾ ਤੰਗ ਤਾਂ ਨਹੀਂ ਕੀਤਾ। ਪਿਤਾ ਜੀ ਕਦੇ ਵੀ ਮਾਂ ਕੋਲ ਸਾਡੀ ਸ਼ਿਕਾਇਤ ਨਹੀਂ ਕਰਦੇ ਸੀ। ਉਹ ਮਾਂ ਨੂੰ ਇੱਕੋ ਗੱਲ ਕਹਿੰਦੇ, ਬੱਚੇ ਸ਼ਰਾਰਤਾਂ ਕਰਦੇ ਹੀ ਹੁੰਦੇ ਹਨ, ਇਨ੍ਹਾਂ ਦੀਆਂ ਸ਼ਰਾਰਤਾਂ ਦਾ ਗੁੱਸਾ ਕਾਹਦੇ ਲਈ ਕਰਨਾ।

ਵਿਸਾਖੀ ਦੇ ਤਿਉਹਾਰ ਉੱਤੇ ਮਾਂ ਵਲੋਂ ਬਣਾਏ ਗਏ ਮਾਂਹ ਚਾਵਲ ਖਾ ਕੇ ਥੱਕ ਹਾਰ ਕੇ ਸੌਂ ਜਾਈਦਾ ਸੀ। ਪਿਤਾ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਕਦੇ ਵੀ ਵਿਸਾਖੀ ਦੇ ਤਿਉਹਾਰ ਉੱਤੇ ਜਾਣ ਨੂੰ ਸਾਡਾ ਮਨ ਨਹੀਂ ਕੀਤਾ। ਹੁਣ ਸਾਡੇ ਬਚਪਨ ਵਾਲੇ ਸਤਲੁਜ ਦੇ ਕੰਢੇ ਪਹਿਲਾਂ ਵਾਲੀ ਵਿਸਾਖੀ ਨਹੀਂ ਮੰਨਦੀ, ਹੁਣ ਉੱਥੇ ਕੋਈ ਦੁਕਾਨਾਂ ਨਹੀਂ ਲੱਗਦੀਆਂ, ਵਿਸਾਖੀ ਦੇ ਤਿਉਹਾਰ ਉੱਤੇ ਬੱਚਿਆਂ ਨੂੰ ਉੱਥੇ ਜਾਣ ਦਾ ਕੋਈ ਚਾਅ ਨਹੀਂ ਹੁੰਦਾ। ਕਿਉਂਕਿ ਹੁਣ ਸਤਲੁਜ ਸੁੰਗੜ ਗਿਆ ਹੈ, ਹੁਣ ਪਾਣੀ ਨਾ ਮਾਤਰ ਦਾ ਰਹਿ ਗਿਆ ਹੈ, ਵਰੇਤੀ ਨਿਕਲ ਆਈ ਹੈ, ਹੁਣ ਸਤਲੁਜ ਉਦਾਸ ਹੈ। ਉਮਰ ਦੇ ਆਖ਼ਿਰੀ ਪੜਾਅ ਵਿਚ ਵੀ ਬਚਪਨ ਦੀਆਂ ਵਿਸਾਖੀ ਦੇ ਤਿਉਹਾਰ ਨਾਲ ਜੁੜੀਆਂ ਯਾਦਾਂ ਮੁੜ-ਮੁੜ ਗੇੜੇ ਮਾਰਦੀਆਂ ਹਨ।

# "ਤੇ ਵਕਤ ਬੋਲਦਾ ਗਿਆ" ਪੜ੍ਹਦਿਆਂ ਇੰਜ ਅਹਿਸਾਸ ਹੁੰਦਾ ਹੈ, ਜਿਵੇਂ ਕਿ ਕਿਸੇ ਵਿਦੇਸ਼ੀ ਵਿਕਸਿਤ ਭਾਸ਼ਾ ਦਾ ਖ਼ੂਬਸੂਰਤ ਤੇ ਵਧੀਆ ਨਾਵਲ ਪੜ੍ਹ ਰਹੇ ਹੋਈਏ : ਡਾ ਜੋਗਿੰਦਰ ਸਿੰਘ ਕੈਰੋਂ

-ਡਾ. ਜੋਗਿੰਦਰ ਸਿੰਘ ਕੈਰੋਂ
+91-82643-06671
ਪੰਜਾਬ ਮੇਲ USA



ਇਹ ਨਾਵਲ ਪੜ੍ਹਦਿਆਂ ਇੰਜ ਅਹਿਸਾਸ ਹੁੰਦਾ ਹੈ, ਜਿਵੇਂ ਕਿ ਕਿਸੇ ਵਿਦੇਸ਼ੀ ਵਿਕਸਿਤ ਭਾਸ਼ਾ ਦਾ ਖ਼ੂਬਸੂਰਤ ਤੇ ਵਧੀਆ ਨਾਵਲ ਪੜ੍ਹ ਰਹੇ ਹੋਈਏ। ਗੱਲ ਸਿਰਫ਼ ਅਜਿਹੇ ਅਹਿਸਾਸ ਦੀ ਹੀ ਨਹੀਂ, ਸਗੋਂ ਇਸ ਗੱਲ ਦੀ ਖ਼ੁਸ਼ੀ ਵੀ ਹੁੰਦੀ ਹੈ ਕਿ ਪੰਜਾਬੀ ਨਾਵਲ ਬਾਕੀ ਭਾਸ਼ਾਵਾਂ ਦੀਆਂ ਰਚਨਾਵਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਰਿਹਾ ਹੈ। ਇਸ ਦਾ ਇੱਕ ਕਾਰਨ ਲੇਖਕ ਦਾ ਵਿਦੇਸ਼ ਵਿਚ ਰਹਿਣਾ ਅਤੇ ਦੂਜੀਆਂ ਭਾਸ਼ਾਵਾਂ ਦੀਆਂ ਰਚਨਾਵਾਂ ਦਾ ਅਧਿਆਨ ਕਰਨਾ ਵੀ ਸ਼ਾਇਦ ਹੋਵੇ। ਨਾਵਲ ਦੇ ਪਾਤਰਾਂ ਦੇ ਨਾਮ ਵੀ ਵਿਦੇਸ਼ੀ ਧੁੰਨਾਂ ਵਾਲੇ ਹਨ, ਜਿਵੇਂ ਫਾਲਿੰਗਵਾਟਰ ਜਿਵੇਂ ਕਿ ਵਿਦੇਸ਼ੀ ਕਬੀਲਿਆਂ ਦੇ ਲੋਕ ਆਪਣੇ ਬੱਚਿਆਂ ਦਾ ਨਾਮ ਇਸ ਤਰੀਕੇ ਨਾਲ ਰੱਖਦੇ ਸਨ। ਜਦ ਬੱਚਾ ਜਨਮ ਲੈਂਦਾ ਹੈ, ਤਾਂ ਉਸਦੇ ਬਾਪ ਨੇ ਉਸ ਸਮੇਂ ਜਿਹੜੀ ਵੀ ਵਸਤੂ ਜਾਂ ਵਰਤਾਰੇ ਨੂੰ ਦੇਖਿਆ ਹੁੰਦਾ ਹੈ, ਉਹ ਆਪਣੇ ਬੱਚੇ ਦਾ ਨਾਮ ਉਸੇ ਉਪਰ ਹੀ ਰੱਖ ਦਿੰਦਾ ਸੀ, ਜਿਵੇਂ ਜੇਕਰ ਕਿਸੇ ਨੇ ਕਾਂ ਉਡਦਾ ਹੋਇਆ ਦੇਖਿਆ, ਤਾਂ ਨਾਮ ਰੱਖ ਦਿੱਤਾ ਫਲਾਇੰਗ ਕਰੋਅ। ਜੇਕਰ ਕਿਸੇ ਨੇ ਪਹਾੜੀ ਤੋਂ ਪੱਥਰ ਰਿੜਦਾ ਵੇਖਿਆ, ਤਾਂ ਨਾਂ ਹੋ ਗਿਆ ਫਾਲਿੰਗਸਟੋਨ। ਉਸ ਦੇ ਪਾਤਰ ਰੋਜ਼ ਦੇ ਭਾਸ਼ਣ ਵਿਚੋਂ ਵੀ ਇਹੋ ਝਲਕਾਰੇ ਮਿਲਦੇ ਹਨ।

ਜਿਵੇਂ ਅਸੀਂ ਖੇਡਣਾ ਬੰਦ ਨਹੀਂ ਕਰਦੇ ਕਿਉਂਕਿ ਅਸੀਂ ਬੁੱਢੇ ਹੋ ਗਏ ਹਾਂ, ਅਸੀਂ ਬੁੱਢੇ ਹੋ ਜਾਂਦੇ ਹਾਂ ਕਿਉਂਕਿ ਅਸੀਂ ਖੇਡਣਾ ਬੰਦ ਕਰ ਦਿੰਦੇ ਹਾਂ। ਜਵਾਨ ਰਹਿਣ, ਖੁਸ਼ ਰਹਿਣ ਅਤੇ ਸਫ਼ਲਤਾ ਪ੍ਰਾਪਤ ਕਰਨ ਦੇ ਸਿਰਫ਼ ਚਾਰ ਰਾਜ਼ ਹਨ। ਤੁਹਾਨੂੰ ਹਰ ਰੋਜ਼ ਹੱਸਣਾ ਅਤੇ ਹਾਸਾ ਮਜ਼ਾਕ ਲੱਭਣਾ ਪਵੇਗਾ। ਤੁਹਾਨੂੰ ਇੱਕ ਸੁਪਨਾ ਹੋਣਾ ਚਾਹੀਦਾ ਹੈ, ਜਦੋਂ ਤੁਸੀਂ ਸੁਪਨੇ ਨੂੰ ਗਵਾ ਦਿੰਦੇ ਹੋ, ਤੁਸੀਂ ਮਰ ਜਾਂਦੇ ਹੋ। ਇੰਜ ਉਸਨੇ ਇਸ਼ਕ, ਸਾਹਿਤ ਲੋਕ, ਸਾਹਿਤ ਅਤੇ ਵਿਸ਼ਵ ਸੱਭਿਆਚਾਰ ਵਿਚੋਂ ਲੋਕ ਸੱਚ ਨੂੰ ਕਸ਼ੀਦ ਕੇ ਆਪਣੀ ਰਚਨਾ ਨੂੰ ਉਸਾਰਿਆ ਹੈ। ਇਥੇ ਉਸਨੇ ਇਕ ਤਰਖਾਣ ਦੀ ਵਧੀਆ ਉਦਾਹਰਣ ਦਿੱਤੀ ਹੈ, ਜਿਸ ਨੂੰ ਕਿਸੇ ਅਮੀਰ ਆਦਮੀ ਨੇ ਕਾਰੋਬਾਰ ਲਈ ਕਿਹਾ ਸੀ। ਜੋ ਸੇਵਾਮੁਕਤ ਹੋ ਰਿਹਾ ਸੀ, ਇੱਕ ਹੋਰ ਘਰ ਬਣਾਉਣ ਲਈ ਕਿਹਾ। ਉਸਨੇ ਬੜੀ ਲਾਪ੍ਰਵਾਹੀ ਦਿਖਾਈ, ਜੇ ਉਹ ਨਾ ਲਾਪ੍ਰਵਾਹੀ ਕਰਦਾ, ਤਾਂ ਉਹ ਇੱਕ ਵਧੀਆ ਘਰ ਉਸਾਰ ਸਕਦਾ ਸੀ।

ਇਸ ਰਚਨਾ ਦੇ ਲੇਖਕ ਨੇ ਆਪਣੇ ਪਰਿਵਾਰ ਅਤੇ ਖਾਸ ਕਰਕੇ ਆਪਣੀ ਮਾਤਾ ਜੀ ਨੂੰ ਕੇਂਦਰ ਵਿਚ ਰੱਖ ਕੇ ਪੰਜਾਬੀ ਸੱਭਿਆਚਾਰ ਦੀਆਂ






ਰਹੁ-ਰੀਤਾਂ ਅਤੇ ਜੀਵਨ ਵਿਹਾਰ ਦਾ ਬਾਖ਼ੂਬੀ ਚਿਤਰਨ ਕੀਤਾ ਹੈ। ਇਹ ਚਿੱਤਰ ਕੇਵਲ ਘਰੇਲੂ ਰੰਗਤ ਵਾਲਾ ਹੀ ਨਹੀਂ, ਸਗੋਂ ਪੰਜਾਬੀ ਸੱਭਿਆਚਾਰ ਦੇ ਬਹੁਤ ਸਾਰੇ ਪਾਤਰਾਂ ਦੇ ਜੀਵਨ ਵਿਹਾਰ ਨੂੰ ਸਾਹਮਣੇ ਖਿੱਚ ਕੇ ਲਿਆਂਦਾ ਹੈ। ਉਸਨੇ ਆਪਣੇ ਬਚਪਨ ਵਿਚ ਜੋ ਮਾਣਿਆ, ਹੰਢਾਇਆ ਅਤੇ ਅਨੁਭਵ ਕੀਤਾ, ਉਸ ਨੂੰ ਪਾਠਕਾਂ ਨਾਲ ਸਾਂਝਾ ਕੀਤਾ ਹੈ। ਆਪਣੇ ਬਚਪਨ ਦੇ ਅਨਭਵਾਂ ਬਾਅਦ ਉਸਨੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣੇ ਦੀ ਪੜ੍ਹਾਈ ਸਮੇਂ ਮਿਲੇ ਬਹੁਤ ਸਾਰੇ ਲੇਖਕਾਂ ਬਾਰੇ ਵੀ ਭਰਪੂਰਤਾ ਨਾਲ ਜ਼ਿਕਰ ਕੀਤਾ ਹੈ। ਉਸ ਨੂੰ ਇਸ ਗੱਲ ਉੱਪਰ ਵੀ ਗਿਲਾ ਹੈ ਕਿ ਅਸੀਂ ਆਪਣੇ ਗੁਰੂ ਸਾਹਿਬਾਨ ਨੂੰ ਮੰਨਦੇ, ਪੜ੍ਹਦੇ, ਪੂਜਦੇ ਤਾਂ ਜ਼ਰੂਰ ਹਾਂ ਪ੍ਰੰਤੂ ਉਨ੍ਹਾਂ ਦੀਆਂ ਸਿੱਖਿਆਵਾਂ ਉੱਪਰ ਚੱਲਦੇ ਨਹੀਂ ਹਾਂ। ਉਹ ਅਖੌਤੀ ਆਧੁਨਿਕ ਔਰਤਾਂ ਦੇ ਜੀਵਨ ਵਿਹਾਰ ਉੱਪਰ ਵੀ ਤੰਜ ਕਸਦਾ ਹੈ। ਅਖੌਤੀ ਅਜੋਕੇ ਯੋਗ ਨਾਲੋਂ ਉਹ ਹੱਥਲੀ ਕਿਰਤ ਅਤੇ ਮਿਹਨਤ ਨੂੰ ਵਧੇਰੇ ਗੁਣਕਾਰੀ ਮੰਨਦਾ ਹੈ ਅਤੇ ਯੋਗ ਦਰਸ਼ਨ ਬਾਰੇ ਚੰਗੀ ਜਾਣਕਾਰੀ ਦਿੰਦਾ ਹੈ। ਇਸ ਦੇ ਨਾਲ ਹੀ ਇਸ ਨੂੰ ਪੰਜਾਬੀ ਸਾਹਿਤ ਦੇ ਇਤਿਹਾਸ ਨਾਲ ਜੋੜ ਕੇ ਵੀ ਦੇਖਦਾ ਹੈ। ਇਸ ਵਿਚ ਉਹ ਨਾਥ ਬਾਣੀ ਅਤੇ ਗੁਰੂ ਬਾਣੀ ਦੀਆਂ ਉਦਾਹਰਣਾਂ ਵੀ ਦੇਈ ਜਾਂਦਾ ਹੈ। ਡਾ. ਅਮਰਜੀਤ ਟਾਂਡਾ ਮੂਲ ਰੂਪ ਵਿਚ ਵਿਗਿਆਨੀ ਹੈ। ਇਸ ਲਈ ਉਸ ਦੀਆਂ ਰਚਨਾਵਾਂ ਵਿਚ ਵਿਗਿਆਨਿਕ ਤੱਤ ਆਉਣਾ ਸੁਭਾਵਿਕ ਹੀ ਹੈ, ਇਸ ਦਾ ਲਾਭ ਇਹ ਹੁੰਦਾ ਹੈ ਕਿ ਅਜਿਹੇ ਲੇਖਕ ਦੀਆਂ ਰਚਨਾਵਾਂ ਵਿਗਿਆਨਕ ਸੱਚ ਦੇ ਵਧੇਰੇ ਨੇੜੇ ਹੋ ਕੇ ਗੁਜ਼ਰਦੀਆਂ ਹਨ। ਇਹੋ ਕਾਰਨ ਹੈ ਕਿ ਅਜਿਹੀਆਂ ਰਚਨਾਵਾਂ ਵਿਚੋਂ ਕਮੀਆਂ ਲੱਭਣੀਆਂ ਤੇ ਪਛਾਨਣੀਆਂ ਸੰਭਵ ਨਹੀਂ ਹੁੰਦੀਆਂ। ਉਂਝ ਵੀ ਮੈਂ ਇਸ ਰਚਨਾ ਨੂੰ ਕਮੀਆਂ ਲੱਭਣ ਲਈ ਨਹੀਂ ਪੜ੍ਹ ਰਿਹਾ ਹਾਂ। ਇਸ ਨੂੰ ਪੜ੍ਹਨ ਵਿਚ ਮੇਰੇ ਦੋ ਕਾਰਨ ਜਾਂ ਕਹਿਣਾ ਚਾਹੀਦਾ ਹੈ ਕਿ ਲੋੜਾਂ ਹਨ। ਇਕ ਕਿ ਨਵੇਂ ਲੇਖਕ ਕੀ ਲਿਖ ਰਹੇ ਹਨ। ਦੂਜਾ ਕਿ ਉਹ ਕਿਵੇਂ ਲਿਖ ਰਹੇ ਹਨ। ਕੀ ਲਿਖ ਰਹੇ ਹਨ, ਦੇ ਸਵਾਲ ਨੂੰ ਜਾਨਣਾ ਸਮਝਣਾ ਬੜਾ ਸਿੱਧਾ ਅਤੇ ਸੌਖਾ ਹੈ। ਇਹ ਤਕਰੀਬਨ ਹਰ ਪਾਠਕ ਦੇ ਵੱਸ ਦੀ ਅਤੇ ਸਮਝ ਦੀ ਗੱਲ ਹੈ। ਪਰੰਤੂ ਕਿਵੇਂ ਲਿਖਦੇ ਹਨ, ਇਹ ਬੜਾ ਟੇਢਾ ਸਵਾਲ ਹੈ। ਪੰਜਾਬੀ ਸਾਹਿਤ ਦੀ ਆਲੋਚਨਾ ਦੇ ਇਤਿਹਾਸ ਵਿਚ ਝਾਤੀ ਮਾਰੀ ਜਾਵੇ, ਤਾਂ ਇਹ ਗੱਲ ਸਮਝ ਪੈਂਦੀ ਹੈ ਕਿ ਕਿਹਾ ਜਾਂਦਾ ਸੀ ਰਚਨਾ ਵਿਚਲੇ ਤੱਤ ਨੂੰ ਪਹਿਲੀਆਂ ਪੰਗਤੀਆਂ ਵਿਚੋਂ ਹੀ ਸਮਝ ਵਿਚ ਆਉਣ ਵਾਲਾ ਹੋਣਾ ਚਾਹੀਦਾ ਹੈ ਕਿ ਪਤਾ ਲੱਗ ਜਾਵੇ ਕਿ ਪੂਰੀ ਰਚਨਾ ਵਿਚ ਕੀ ਕਿਹਾ ਗਿਆ ਹੈ ਪ੍ਰੰਤੂ ਜਦ ਪੰਜਾਬੀ ਆਲੋਚਨਾ ਕੁਝ ਜਵਾਨ ਹੋਈ, ਤਾਂ ਇਹ ਵਿਚਾਰ ਭਾਰੂ ਹੋ ਗਿਆ ਕਿ ਜੇਕਰ ਰਚਨਾ ਦਾ ਪੂਰਾ ਤੱਤ ਪਹਿਲੀਆਂ ਲਾਈਨਾਂ ਵਿਚ ਹੀ ਸਪੱਸ਼ਟ ਹੋ ਗਿਆ ਤਾਂ ਕੋਈ ਵੀ ਪਾਠਕ ਤੁਹਾਡੀ ਪੂਰੀ ਰਚਨਾ ਨੂੰ ਨਹੀਂ ਪੜ੍ਹੇਗਾ। ਇਸ ਲਈ ਸਾਰਾ ਕੁਝ ਅਖੀਰ ਤੱਕ ਗੁਪਤ ਰੱਖੋ। ਇਸ ਦ੍ਰਿਸ਼ਟੀ ਤੋਂ ਦੇਖਿਆ ਜਾਵੇ, ਤਾਂ ਇਹ ਗੱਲ ਸਮਝ ਪੈਂਦੀ ਹੈ ਕਿ ਇਸ ਨਾਵਲ ਵਿਚ ਵੀ ਅਜਿਹੀਆਂ ਜੁਗਤਾਂ ਦਾ ਪ੍ਰਯੋਗ ਕੀਤਾ ਗਿਆ ਹੈ। ਨਾਵਲ ਦੇ ਆਰੰਭ ਵਿਚ ਪਾਠ ਵਿਚ ਹੀ ਰੋਜ਼ ਦਾ ਪ੍ਰਵੇਸ਼ ਕਰਵਾਇਆ ਗਿਆ ਹੈ। ਪਾਠਕ ਨੂੰ ਸਮਝ ਹੀ ਨਹੀਂ ਲੱਗਦੀ ਕਿ ਰੋਜ਼ ਕੌਣ ਹੈ, ਨਰ ਹੈ ਜਾਂ ਮਾਦਾ ਹੈ। ਇਸ ਨਾਵਲ ਦੀਆਂ ਪਹਿਲੀਆਂ ਲਾਈਨਾਂ ਹੀ ਪ੍ਰਭਾਵਿਤ ਕਰਕੇ ਤੁਹਾਨੂੰ ਆਪਣੇ ਨਾਲ ਜੋੜ ਲੈਂਦੀਆਂ ਹਨ। ਜਿਹੜੀਆਂ ਇੰਜ ਹਨ: "ਉਹ ਲੋਕ ਜਿਨ੍ਹਾਂ ਨੂੰ ਤੁਸੀਂ ਮਿਲਦੇ ਹੋ, ਜੋ ਤੁਹਾਡੇ ਜੀਵਨ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਤੁਹਾਡੇ ਦੁਆਰਾ ਅਨੁਭਵ ਕੀਤੇ ਗਏ ਸਫ਼ਲਤਾ ਅਤੇ ਪਤਨ ਤੁਹਾਨੂੰ ਇਹ ਬਣਾਉਣ ਵਿਚ ਮਦਦ ਕਰਦੇ ਹਨ ਕਿ ਤੁਸੀਂ ਕੌਣ ਹੋ"

ਲੇਖਕ ਨੇ ਆਪਣੀ ਸਿਰਜਣਾ ਨੂੰ ਬੜੇ ਖ਼ੂਬਸੂਰਤ ਅਖਾਣਾਂ ਅਤੇ ਮੁਹਾਵਰਿਆਂ ਨਾਲ ਢੁਕਵੇਂ ਵਾਤਾਵਰਣ ਨਾਲ ਸ਼ਿੰਗਾਰਿਆ ਹੈ।

ਜਿਵੇਂ "ਮੇਲੇ ਵਿਚ ਗੁਆਚੇ ਬੱਚੇ ਨੂੰ ਮਾਂ ਲੱਭਦੀ ਹੈ" ਇਸ ਦੇ ਨਾਲ ਹੀ ਆਪਣੇ ਕਥਨ ਦੀ ਪਰੋੜਤਾ ਲਈ ਗੁਰਬਾਣੀ ਦੀਆਂ ਤੁਕਾਂ ਦੀਆਂ ਉਦਾਹਰਣਾਂ ਵੀ ਦਿੱਤੀਆਂ ਹਨ। ਇਹ ਸਭ ਕੁਝ ਬੁਢਾਪੇ ਅਤੇ ਚੰਗੇ ਜੀਵਨ ਲਈ ਹੈ, ਜਿਸ ਵਿਚ ਚੰਗੇ ਜੀਵਨ ਨੂੰ ਜਿਊਣ ਦੇ ਸੁਝਾਅ ਵੀ ਦਿੱਤੇ ਹਨ, ਜਿਸ ਵਿਚ ਉਸ ਸਰੀਰ ਅਤੇ ਮਾਨਸਿਕ ਅਵਸਥਾ ਦੇ ਸੁਮੇਲ ਦੀ ਗੱਲ ਕਰਦਾ ਹੈ। ਉਹ ਰੰਗੀਨੀਆਂ ਨੂੰ ਜੀਵਨ ਦਾ ਸ਼ਿੰਗਾਰ ਬਣਾਉਣ ਦੀ ਸਲਾਹ ਵੀ ਦਿੰਦਾ ਹੈ, ਜਿਸ ਵਿਚ ਉਹ ਉਦਾਸੀਨਤਾ ਨੂੰ ਮਨ ਦੇ ਨੇੜੇ ਆਉਣ ਤੋਂ ਰੋਕਦਾ ਹੈ ਅਤੇ ਪੁਰਾਣੇ ਰਿਸ਼ਤਿਆਂ ਅਤੇ ਸੰਗੀਤ ਨਾਲ ਜੁੜਨ ਲਈ ਕਹਿੰਦਾ ਹੈ ਅਤੇ ਕੰਮ ਵਿਚ ਜੁੜੇ ਰਹਿਣ ਦੀ ਤਾਕੀਦ ਕਰਦਾ ਹੈ, ਜਿਸ ਦੀਆਂ ਉਹ ਪੁਰਾਣੇ ਦੋਸਤਾਂ ਨੂੰ ਮਿਲਣ ਦੀਆਂ ਉਦਾਹਰਣਾਂ ਵੀ ਦਿੰਦਾ ਹੈ। ਉਸ ਦੀਆਂ ਇਹ ਉਦਾਹਰਣਾਂ ਕਈ ਵਾਰ ਕਾਵਿਕ ਰੂਪ ਧਾਰ ਲੈਂਦੀਆਂ ਹਨ। ਜਿਸ ਤੋਂ ਇਹ ਸਮਝ ਪੈਂਦੀ ਹੈ ਕਿ ਉਸਦੀ ਕੇਵਲ ਵਾਰਤਕ ਸ਼ੈਲੀ ਹੀ ਕਾਵਿਕ ਨਹੀਂ, ਸਗੋਂ ਕਵਿਤਾਈ ਤਰੰਗਾਂ ਉਸਦੇ ਧੁਰ ਮਨ ਅੰਦਰ ਵੀ ਰਚੀਆਂ ਹੋਈਆਂ ਹਨ। ਉਹ ਬਚਪਨ ਦੀਆਂ ਬਾਲ ਖੇਡਾਂ ਅਤੇ ਹਾਣੀਆਂ ਨਾਲ ਕੀਤੀਆਂ ਨਿੱਕੀਆਂ-ਮੋਟੀਆਂ ਲੜਾਈਆਂ ਭੜਾਈਆਂ ਦਾ ਵੀ ਖ਼ੂਬਸੂਰਤ ਜ਼ਿਕਰ ਕਰਦਾ ਹੈ। ਧਰਮ ਅਤੇ ਰਿਸ਼ਤਿਆਂ ਉੱਪਰ ਵੀ ਵਿਅੰਗ ਕਰਦਾ ਹੈ। ਮਸਨੂਈ ਪਦਾਰਥਕ ਤਰੱਕੀ ਦਾ ਵੀ ਮਖੌਲ ਉਡਾਉਂਦਾ ਹੈ, ਜਿਸ ਵਿਚ ਹਉਮੈ ਅਤੇ ਹੰਕਾਰ ਭਰਿਆ ਪਿਆ ਹੈ। ਜਿਸ ਨੂੰ ਤਜ ਕੇ ਉਹ ਰਿਸ਼ਤਿਆਂ ਨੂੰ ਖ਼ੂਬਸੂਰਤ ਬਣਾਉਣ ਦੀ ਸਲਾਹ ਦਿੰਦਾ ਹੈ। ਇਨ੍ਹਾਂ ਯਤਨਾਂ ਅਤੇ ਯਾਦਾਂ ਵਿਚ ਉਹ ਪੰਜਾਬ ਦੇ ਪਿੰਡਾਂ ਦੀ ਰਹਿਤਲ ਦੀ ਰਹਿਦ-ਖੂੰਹਦ ਨੂੰ ਵੀ ਬਿਆਨ ਕਰਦਾ ਹੈ, ਜਿਸ ਨੂੰ ਪ੍ਰਵਾਸੀ ਪ੍ਰਭਾਵ ਭ੍ਰਿਸ਼ਟ ਕਰੀ ਜਾ ਰਹੇ ਹਨ। ਉਸ ਨੂੰ ਵਧ ਰਹੇ ਸ਼ਹਿਰੀਕਰਨ ਦੇ ਰੁਝਾਨ ਬਾਰੇ ਵੀ ਚਿੰਤਾ ਹੈ ਕਿਉਂਕਿ ਉਹ ਮਹਿਸੂਸ ਕਰ ਰਿਹਾ ਹੈ ਕਿ ਇਸ ਨਾਲ ਮਾਨਸਿਕ ਆਨੰਦ ਦਾ ਖ਼ਾਤਮਾ ਹੋ ਰਿਹਾ ਹੈ। ਰਿਸ਼ਤਿਆਂ ਵਿਚੋਂ ਆਤਮਿਕ ਖੁਸ਼ੀ ਖੁਰਦੀ ਜਾ ਰਹੀ ਹੈ, ਜਿਸ ਵਿਚੋਂ ਸੱਭਿਆਚਾਰਕ ਰਸਮ-ਰਿਵਾਜ਼, ਮੇਲ-ਜੋਲ, ਪਿਆਰ-ਮੁਹੱਬਤ ਮਨਫੀ ਹੁੰਦਾ ਜਾ ਰਿਹਾ ਹੈ। ਕਲਾਕਾਰੀ ਦੀ ਗੱਲ ਇਹ ਹੈ ਕਿ ਲੇਖਕ ਇਸ ਬਾਰੇ ਸੁਚੇਤ ਵੀ ਹੈ ਅਤੇ ਚਿੰਤਿਤ ਵੀ ਹੈ। ਮੈਨੂੰ ਇਸ ਰੌਚਿਕ ਗਿਆਨ ਵਰਧਕ ਅਤੇ ਜ਼ਿੰਦਗੀ ਨੂੰ ਮਾਨਵੀ ਸੇਧ ਦੇਣ ਵਾਲੀ ਪੁਸਤਕ ਦੀ ਪ੍ਰਕਾਸ਼ਨਾਂ ਉੱਪਰ ਜਿੱਥੇ ਖੁਸ਼ੀ ਮਹਿਸੂਸ ਹੋ ਰਹੀ ਹੈ, ਉਥੇ ਲੇਖਕ ਨੂੰ ਇਸ ਲਈ ਵਧਾਈ ਦੇਣ ਦੀ ਪ੍ਰਸੰਨਤਾ ਵੀ ਹੋ ਰਹੀ ਹੈ।

# ਵਿਸ਼ਵ ਸਿਹਤ ਦਿਵਸ 7 ਅਪ੍ਰੈਲ, 2025

# ਮਾਂ ਅਤੇ ਨਵਜੰਮੇ ਬੱਚੇ ਨੂੰ ਰੋਗਾਂ ਤੋਂ ਬਚਾਉਣਾ ਚੈਲੇਂਜ ਤੋਂ ਘੱਟ ਨਹੀਂ ਹੈ

**"ਵਿਸ਼ਵ ਸਿਹਤ ਸੰਗਠਨ ਨੇ ਅਧਿਕਾਰਤ ਤੌਰ 'ਤੇ ਵਿਸ਼ਵ ਸਿਹਤ ਦਿਵਸ 2025 ਦਾ ਥੀਮ ਐਲਾਨ ਕੀਤਾ ਹੈ- ਸਿਹਤਮੰਦ ਸ਼ੁਰੂਆਤ, ਉਮੀਦ ਵਾਲਾ ਭਵਿੱਖ, ਜੋ ਕਿ ਮਾਂ ਅਤੇ ਨਵਜੰਮੇ ਬੱਚਿਆਂ ਦੀ ਸਿਹਤ ਤੇ ਬਚਾਅ ਨੂੰ ਬਿਹਤਰ ਬਣਾਉਣ 'ਤੇ ਫੋਕਸ ਕੀਤਾ ਜਾਵੇਗਾ। ਇਸ ਨਾਲ ਮਾਂ-ਬੱਚੇ ਦੀ ਤੰਦਰੁਸਤੀ ਪ੍ਰਤੀ ਪਤੀ ਦੇ ਨਾਲ-ਨਾਲ ਪਰਿਵਾਰ ਦੇ ਬਾਕੀ ਮੈਂਬਰਾਂ ਦੀ ਜ਼ਿੰਮੇਵਾਰੀ ਵੀ ਵੱਧ ਜਾਂਦੀ ਹੈ"- ਡਾ. ਅਨਿਲ ਧੀਰ**

ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
(Punjab Mail USA)






ਵਿਸ਼ਵ ਸਿਹਤ ਦਿਵਸ 2025 ਦੇ ਮੌਕੇ 'ਤੇ ਔਰਤਾਂ ਤੇ ਬੱਚਿਆਂ ਦੇ ਬਚਾਅ ਨੂੰ ਯਕੀਨੀ ਬਣਾਉਣ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਵਿਸ਼ਵ ਭਰ 'ਚ ਰਾਸ਼ਟਰੀ-ਅੰਤਰਰਾਸ਼ਟਰੀ ਪੱਧਰ 'ਤੇ ਹੈਲਥ ਅਵੇਅਰਨੈੱਸ ਪ੍ਰੋਗਰਾਮ ਕੀਤੇ ਜਾ ਰਹੇ ਹਨ। ਵਿਸ਼ਵ ਸਿਹਤ ਦਿਵਸ 1948 'ਚ ਵਿਸ਼ਵ ਸਿਹਤ ਸੰਸਥਾ ਦੀ ਸਥਾਪਨਾ ਦੀ ਵਰ੍ਹੇਗੰਢ ਦੀ ਯਾਦ 'ਚ ਹਰ ਸਾਲ 7 ਅਪ੍ਰੈਲ ਵਾਲੇ ਦਿਨ ਮਨਾਇਆ ਜਾਂਦਾ ਹੈ। ਲਗਾਤਾਰ ਵੱਧ ਰਹੀਆਂ ਬਿਮਾਰੀਆਂ ਨੂੰ ਕੰਟਰੋਲ ਕਰਨ ਲਈ ਜਨਤਕ ਸਿਹਤ ਲਈ ਹਰ ਸਾਲ ਵਿਸ਼ਵ ਸਿਹਤ ਦਾ ਇੱਕ ਵੱਖਰਾ ਥੀਮ ਰੱਖਿਆ ਜਾਂਦਾ ਹੈ, ਜਿਸ ਨਾਲ ਕਮਿਊਨਿਟੀ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਲੋਕਾਂ ਨੂੰ ਜਾਗਰੂਕ ਕੀਤਾ ਜਾਂਦਾ ਹੈ। ਹਰ ਸਾਲ ਲਗਭਗ 3000,000 ਔਰਤਾਂ ਗਰਭ ਅਵਸਥਾ ਜਾਂ ਜਣੇਪੇ ਕਾਰਨ ਜਾਨ ਗੁਆ ਦਿੰਦੀਆਂ ਹਨ, ਜਦੋਂਕਿ 20 ਲੱਖ ਤੋਂ ਵੱਧ ਬੱਚੇ ਆਪਣੀ ਜ਼ਿੰਦਗੀ ਦੇ ਪਹਿਲੇ ਮਹੀਨੇ 'ਚ ਮੌਤ ਦਾ ਸ਼ਿਕਾਰ ਅਤੇ ਕਰੀਬਨ 21 ਲੱਖ ਮਰੇ ਹੋਏ ਪੈਦਾ ਹੁੰਦੇ ਹਨ। ਮੌਜੂਦਾ ਅੰਕੜਿਆਂ ਮੁਤਾਬਕ 2030 ਤੱਕ ਮਾਂ ਤੇ ਬੱਚੇ ਨੂੰ ਬਚਾਉਣ ਲਈ ਹਰ ਯਤਨ ਕੀਤੇ ਜਾਣਗੇ। ਬਿਹਤਰ ਮਾਵਾਂ ਦੀ ਹੈਲਥ ਦਾ ਮਤਲਬ ਹੈ, ਔਰਤਾਂ ਦੇ ਅਧਿਕਾਰਾਂ 'ਚ ਸੁਧਾਰ ਕਰਨਾ, ਤਾਂ ਜੋ ਉਹ ਆਪਣੇ ਜੀਵਨ ਦੀ ਯੋਜਨਾ ਬਣਾ ਸਕਣ ਅਤੇ ਆਪਣੀ ਸਿਹਤ ਦੀ ਰੱਖਿਆ ਕਰ ਸਕਣ। ਇਸ ਸਾਲ ਵਿਸ਼ਵ ਸਿਹਤ ਅਸੈਂਬਲੀ ਦੇ 194 ਦੇਸ਼ਾਂ ਨੇ ਇੱਕ ਮੱਤਾ ਪਾਸ ਕੀਤਾ, ਜਿਸ 'ਚ ਬੱਚੇ ਦੇ ਜਨਮ ਤੋਂ ਪਹਿਲਾਂ, ਦੌਰਾਨ ਅਤੇ ਬਾਅਦ 'ਚ ਗੁਣਵੱਤਾ ਵਾਲੀ ਕੇਅਰ ਨੂੰ ਮਜ਼ਬੂਤ ਕਰਨ ਦਾ ਵਾਅਦਾ ਕੀਤਾ ਗਿਆ। ਵਿਸ਼ਵ ਸਿਹਤ ਦਿਵਸ 2025 ਜੋ ਕਿ ਟਿਕਾਊ ਵਿਕਾਸ ਟੀਚਿਆਂ ਦੀ ਆਖਰੀ ਤਾਰੀਕ ਤੋਂ 5 ਸਾਲ ਬਾਅਦ ਹੁੰਦਾ ਹੈ- ਮਾਂ ਅਤੇ ਨਵਜੰਮੇ ਬੱਚੇ ਦੀ ਸਿਹਤ 'ਤੇ ਕੇਂਦ੍ਰਿਤ ਹੋਵੇਗਾ। ਅੱਜ ਗਰੀਬ ਮੁਲਕਾਂ 'ਚ ਮੌਤਾਂ ਦਾ ਅੰਕੜਾ ਵਧਿਆ ਹੈ।

## ਧਿਆਨ ਦੇਣ ਯੋਗ ਗੱਲਾਂ

- ਪ੍ਰੈਗਨੈਂਸੀ ਦੌਰਾਣ ਮਾਂ ਅਤੇ ਬੱਚੇ ਦੀ ਸਿਹਤ ਅਤੇ ਜੀਵਨ ਦੇ ਪਹਿਲੇ ਸਾਲ ਸਿਹਤਮੰਦ ਵਿਕਾਸ ਬਹੁਤ ਮਹੱਤਵਪੂਰਨ ਹੁੰਦੇ ਹਨ। ਇਹ ਸਮਾਂ ਗਰਭ ਧਾਰਨ ਤੋਂ ਪਹਿਲਾਂ ਸ਼ੁਰੂ ਹੁੰਦਾ ਹੈ, ਪ੍ਰੈਗਨੈਂਸੀ, ਜਨਮ, ਜਣੇਪੇ ਤੋਂ ਬਾਅਦ ਦੀ ਮਿਆਦ, ਬਚਪਨ, ਤੇ ਬਚਪਨ ਦੇ ਪਹਿਲੇ ਕੁੱਝ ਸਾਲਾਂ ਤੱਕ। ਗਰਭ ਅਵਸਥਾ ਅਤੇ ਜਣੇਪੇ ਦਾ ਔਰਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਸਰੀਰਕ-ਮਾਨਸਿਕ, ਭਾਵਨਾਤਮਕ ਅਤੇ ਸਮਾਜਿਕ-ਆਰਥਿਕ ਸਿਹਤ ਸਾਡੇ ਸਾਰਿਆਂ ਲਈ ਉਮੀਦ ਭਰੇ ਭਵਿੱਖ ਨੂੰ ਯਕੀਨੀ ਬਣਾਉਣ 'ਚ ਹੈਲਪ ਕਰਦੀ ਹੈ।
- * ਅੱਜ ਔਰਤਾਂ ਅਤੇ ਪਰਿਵਾਰਾਂ ਨੂੰ ਹਰ ਥਾਂ ਉੱਚ ਗੁਣਵੱਤਾ ਵਾਲੀ ਦੇਖਭਾਲ ਦੀ ਲੋੜ ਹੈ, ਜੋ ਉਨ੍ਹਾਂ ਨੂੰ ਸਰੀਰਕ ਤੇ ਭਾਵਨਾਤਮਕ ਤੌਰ 'ਤੇ, ਜਨਮ ਤੋਂ ਪਹਿਲਾਂ, ਦੌਰਾਨ ਅਤੇ ਬਾਅਦ 'ਚ ਲਈ ਵਿਕਸਿਤ ਹੋਣਾ ਚਾਹੀਦਾ ਹੈ, ਜੋ ਮਾਵਾਂ ਅਤੇ ਨਵਜੰਮੇ ਬੱਚੇ ਦੀ ਸਿਹਤ ਨੂੰ ਪ੍ਰਭਾਵਿਤ ਕਰਦੇ ਹਨ।
- ਇਨ੍ਹਾਂ 'ਚ ਨਾ ਸਿਰਫ ਸਿੱਧੀਆਂ ਪ੍ਰਸੂਤੀ ਪੇਚੀਦਗੀਆਂ ਸ਼ਾਮਲ ਹਨ, ਬਲਕਿ ਮਾਨਸਿਕ ਸਿਹਤ ਹਾਲਾਤ, ਗੈਰ-ਸੰਚਾਰੀ ਰੋਗ ਅਤੇ ਪਰਿਵਾਰ ਨਿਯੋਜਨ ਵੀ ਸ਼ਾਮਲ ਹਨ। ਦੁਆਰਾ ਸਮਰਥਨ ਦਿੱਤਾ ਜਾਣਾ ਚਾਹੀਦਾ ਹੈ, ਜੋ ਉਨ੍ਹਾਂ ਦੀ ਸਿਹਤ ਅਤੇ ਅਧਿਕਾਰਾਂ ਦੀ ਰੱਖਿਆ ਕਰਦੇ ਹਨ।
- ਅੱਜ ਮਾਵਾਂ ਅਤੇ ਨਵਜੰਮੇ ਬੱਚਿਆਂ ਦੇ ਬਾਰੇ ਜਾਗਰੂਕਤਾ ਪੈਦਾ ਕਰਨ ਤੇ ਔਰਤਾਂ ਦੀ ਲੰਬੇ ਸਮੇਂ ਦੀ ਤੰਦਰੁਸਤੀ ਲਈ ਫੋਕਸ ਦੀ ਲੋੜ ਹੈ।
- ਮਾਂ-ਬਾਪ ਦੇ ਨਾਲ-ਨਾਲ ਸਿਹਤ ਪੇਸ਼ੇਵਰਾਂ ਦੀ ਮਦਦ ਲਈ ਸਮੂਹਿਕ ਕਾਰਵਾਈ ਨੂੰ ਉਤਸ਼ਾਹਿਤ ਕਰਨਾ, ਜੋ ਮਹੱਤਵਪੂਰਨ ਦੇਖਭਾਲ ਮੁਹੱਈਆ ਕਰਵਾਉਂਦੇ ਹਨ। ਜਾਣਕਾਰੀ ਦੁਆਰਾ ਜਾਗਰੂਕ ਕਰਨ ਦੀ ਲੋੜ ਹੈ।
- ਪ੍ਰੈਗਨੈਂਸੀ ਦੌਰਾਣ ਆਪਣੀ ਅਤੇ ਆਉਣ ਵਾਲੇ ਹੈਲਦੀ ਬੱਚੇ ਲਈ ਫੈਮਿਲੀ ਡਾਕਟਰ ਨਾਲ ਬਰਾਬਰ ਸੰਪਰਕ ਰੱਖਣ ਦੀ ਲੋੜ ਹੁੰਦੀ ਹੈ, ਤਾਂਕਿ ਅਲਟਰਾਸਾਊਂਡ ਸਕ੍ਰੀਨਿੰਗ, ਕੰਪਲੀਟ ਬਲੱਡ-ਵਰਕ ਵਗੈਰਾ ਟੈਸਟਾਂ ਦੁਆਰਾ ਗਰਭ ਦੇ ਵਿਕਾਸ ਅਤੇ ਸਰੀਰਕ-ਮਾਨਸਿਕ ਬਿਮਾਰੀਆਂ ਤੋਂ ਬਚਾਅ ਦੀ ਸੰਭਾਵਨਾ ਬਣ ਜਾਂਦੀ ਹੈ। ਆਪਣੇ ਵੈਕਸੀਨੇਸ਼ਨ ਦਾ ਪੂਰਤ ਖਿਆਲ ਰੱਖੋ।
- ਗਰਭਵਤੀ ਔਰਤਾਂ ਅਲਕੋਹਲ, ਕੋਕੀਨ, ਤੰਬਾਕੂ, ਮਿਰਚ-ਮਸਾਲੇ ਵਾਲਾ ਜੰਕ ਫੂਡ, ਆਲਸੀਪਨ ਤੋਂ ਪ੍ਰਹੇਜ ਕਰਨ। ਸਰੀਰਕ ਤੇ ਮਾਨਸਿਕ ਕ੍ਰਿਆਸ਼ੀਲ ਰਹੋ।
- ਗਰਭ ਦੀਆਂ ਹਰਕਤਾਂ- ਤੁਸੀਂ ਆਮ ਤੌਰ 'ਤੇ ਪ੍ਰੈਗਨੈਂਸੀ ਦੇ 16 ਤੋਂ 24 ਹਫਤਿਆਂ ਦੇ ਵਿਚਕਾਰ ਆਪਣੇ ਬੱਚੇ ਨੂੰ ਹਿਲਦੇ ਮਹਿਸੂਸ ਕਰਨਾ ਸ਼ੁਰੂ ਕਰ ਸਕਦੇ ਹੋ। ਜੇਕਰ ਹਰਕਤ ਘੱਟ ਜਾਵੇ, ਬੰਦ ਹੋ ਜਾਵੇ, ਜਾਂ ਅਚਾਨਕ ਤੇਜ਼ ਹੋ ਜਾਣ ਦੀ ਹਾਲਤ 'ਚ ਤੁਰੰਤ ਹਸਪਤਾਲ ਜਾਵੋ। ਕਿਉਂਕਿ ਜ਼ਿੰਦਗੀ ਦਾ ਮਸਲਾ ਹੈ।

**ਚੇਤਾਵਨੀ :** ਜੇਕਰ ਯੋਨੀ ਵਿਚੋਂ ਖ਼ੂਨ ਦਾ ਵਗਣਾ, ਪੇਟ-ਦਰਦ, ਧੁੰਦਲੀ ਨਜ਼ਰ, ਅਚਾਨਕ ਤੇਜ਼ ਜਾਂ ਲਗਾਤਾਰ ਸਿਰ-ਪੀੜ, ਬੱਚੇ ਦੀਆਂ ਹਰਕਤਾਂ 'ਚ ਬਦਲਾਅ, ਪੇਟ ਦੀ ਸੱਟ, ਵਗੈਰਾ ਦੀ ਹਾਲਤ 'ਚ ਕੁੱਝ ਵੀ ਹੋ ਸਕਦਾ ਹੈ। ਸਾਵਧਾਨ ਰਹਿਣ ਦੀ ਲੋੜ ਹੈ।






# ਹੋਂਦ ਚਿੱਲੜ ਸਿੱਖ ਨਸ਼ਲਕੁਸ਼ੀ ਮਾਮਲਾ

## ਅੱਜ ਵੀ ਅੱਲ੍ਹੇ ਨੇ ਹੋਂਦ ਚਿੱਲੜ ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਦੇ ਨਸੂਰ ਬਣ ਚੁੱਕੇ ਜ਼ਖਮ

ਚੇਅਰਮੈਨ ਮਨਜਿੰਦਰ ਸਿੰਘ ਸਰੌਦ
94634-63136

ਪੰਜਾਬ ਮੇਲ USA





ਬੀਤੇ ਦਿਨੀਂ ਦਿੱਲੀ ਸਿੱਖ ਨਸ਼ਲਕੁਸ਼ੀ ਦੇ ਦੋਸ਼ੀ ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਏ ਜਾਣ ਤੋਂ ਬਾਅਦ ਜਿੱਥੇ ਹੋਂਦ ਚਿੱਲੜ, ਪਟੌਦੀ ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਨੂੰ ਇਨਸਾਫ਼ ਦਾ ਇੱਕ ਵਾਰਸ ਜ਼ਰੂਰ ਬੱਝਿਆ ਸੀ ਪ੍ਰੰਤੂ ਹੁਣ ਪਿਛਲੇ ਦਿਨਾਂ ਤੋਂ ਇੱਕ ਵਾਰ ਫਿਰ ਕੁਝ ਬਾਹਰੀ ਲੋਕਾਂ ਵੱਲੋਂ ਪਿੰਡ ਹੋਂਦ ਚਿੱਲੜ ਅੰਦਰ ਸਿੱਖ ਪਰਿਵਾਰਾਂ ਦੀਆਂ ਖੰਡਰ ਬਣ ਚੁੱਕੀਆਂ ਹਵੇਲੀਆਂ ਨੂੰ ਢਾਹ ਕੇ ਉਨ੍ਹਾਂ ਜਗਾਵਾਂ 'ਤੇ ਕਬਜ਼ੇ ਦੀਆਂ ਕੋਸ਼ਿਸ਼ਾਂ ਤੇਜ਼ ਹੋਣ ਦੇ ਚੱਲਦਿਆਂ ਪੀੜਤ ਪਰਿਵਾਰਾਂ ਅੰਦਰ ਡਰ ਅਤੇ ਰੋਸ ਦਾ ਮਾਹੌਲ ਪਨਪ ਰਿਹਾ ਹੈ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ 2 ਨਵੰਬਰ 1984 ਨੂੰ ਪਿੰਡ ਹੋਂਦ, ਗੁੜਗਾਉਂ ਅਤੇ ਪਟੌਦੀ ਵਿਖੇ 79 ਸਿੱਖਾਂ ਦਾ ਵਹਿਸ਼ੀਆਨਾ ਢੰਗ ਦੇ ਨਾਲ ਕਤਲੇਆਮ ਕੀਤਾ ਗਿਆ, ਕਰੀਬ 3 ਦਿਨ ਚੱਲੇ ਇਸ ਖੂਨੀ ਕਾਂਡ ਵਿਚ ਸੈਂਕੜੇ ਸਿੱਖ ਜ਼ਖਮੀ ਹੋ ਗਏ ਸਨ ਅਤੇ ਉਨ੍ਹਾਂ ਦੀ ਕਰੋੜਾਂ ਰੁਪਏ ਦੀ ਸੰਪਤੀ ਨੂੰ ਲੁੱਟ ਲਿਆ ਸੀ।

ਕੁਝ ਅਰਸਾ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਸਦਕਾ ਪੀੜਤਾਂ ਲਈ ਇਨਸਾਫ਼ ਦੀ ਜੰਗ ਲੜ ਰਹੇ ਜੁਝਾਰੂ ਲੋਕਾਂ ਦੇ ਨਾਲ ਪਿੰਡ ਹੋਂਦ ਅੰਦਰ ਜਾ ਕੇ ਵੇਖਿਆ ਕਿ ਉੱਥੇ ਕੁਝ ਲੋਕਾਂ ਵੱਲੋਂ ਖੰਡਰ ਬਣ ਚੁੱਕੀਆਂ ਹਵੇਲੀਆਂ ਦੀਆਂ ਕੰਧਾਂ ਨਾਲ ਛੇੜਛਾੜ ਕਰਨ ਤੋਂ ਬਾਅਦ ਆਲੇ-ਦੁਆਲੇ ਦੀ ਜ਼ਮੀਨ ਨੂੰ ਕਾਫੀ ਹੱਦ ਤੱਕ ਆਪਣੇ ਖੇਤਾਂ ਵਿਚ ਰਲਾ ਲਿਆ ਹੈ। ਕਈ ਹਵੇਲੀਆਂ ਦੀ ਛੱਤ ਡਿੱਗ ਚੁੱਕੀ ਹੈ ਅਤੇ ਉੱਥੇ ਲਗਾਏ ਬੂਟੇ ਪੱਟ ਦਿੱਤੇ ਹਨ। ਉੱਥੇ ਮੌਜੂਦ ਹੋਂਦ ਚਿੱਲੜ ਸਿੱਖ ਕਤਲੇਆਮ ਦਾ ਸੰਤਾਪ ਹੰਡਾ ਚੁੱਕੇ ਪੀੜਤ ਪਰਿਵਾਰਾਂ ਦੇ ਕੁਝ ਮੈਂਬਰ ਅਤੇ ਪਿੰਡ ਚਿੱਲੜ ਦੇ ਸਰਪੰਚ ਰਵੀ ਕੁਮਾਰ ਨੇ ਆਖਿਆ ਕਿ ਕੁਝ ਬਾਹਰੀ ਅਸਰ-ਰਸੂਖ ਵਾਲੇ ਲੋਕ ਇਨ੍ਹਾਂ ਹਵੇਲੀਆਂ ਨੂੰ ਢਾਹ ਕੇ ਹੌਲੀ-ਹੌਲੀ ਉਸ ਜਗ੍ਹਾ ਉੱਪਰ ਕਬਜ਼ੇ ਦੀ ਤਾਕ ਵਿਚ ਹਨ, ਜਿਨ੍ਹਾਂ ਵੱਲੋਂ ਰਾਤ ਬਰਾਤੇ ਇਨ੍ਹਾਂ ਹਵੇਲੀਆਂ ਨੂੰ ਵਾਰ-ਵਾਰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਜਦਕਿ ਇਹ ਅਹਿਮ ਮਾਮਲਾ ਮਾਨਯੋਗ ਹਾਈਕੋਰਟ ਵਿਚ ਚੱਲ ਰਿਹਾ ਹੈ। ਉਨ੍ਹਾਂ ਕੁਝ ਦਿਨ ਪਹਿਲਾਂ ਵੀ ਇਸ ਨੂੰ ਪ੍ਰਸ਼ਾਸਨ ਦੇ ਧਿਆਨ ਵਿਚ ਲਿਆਂਦਾ ਸੀ। ਉਨ੍ਹਾਂ ਕਿਹਾ ਕਿ 2016 ਦੇ ਵਿਚ ਮਾਨਯੋਗ ਜੱਜ ਟੀ.ਪੀ. ਗਰਗ ਵੱਲੋਂ ਜਦੋਂ ਇਸ ਖੰਡਰ ਪਿੰਡ ਦਾ ਦੌਰਾ ਕੀਤਾ ਗਿਆ ਸੀ, ਤਾਂ ਉਨ੍ਹਾਂ ਤੁਰੰਤ ਨਿਸ਼ਾਨਦੇਹੀ ਦੇ ਹੁਕਮ ਦਿੱਤੇ ਸਨ। ਪਰੰਤੂ ਕੁਝ ਲੋਕਾਂ ਵੱਲੋਂ ਉਨ੍ਹਾਂ ਨਿਸ਼ਾਨੀਆਂ ਨੂੰ ਮਿਟਾਉਣ ਤੋਂ ਬਾਅਦ ਨਾਲ ਲੱਗਦੀ ਜ਼ਮੀਨ ਤੋਂ ਇਲਾਵਾ ਹਵੇਲੀਆਂ ਵਾਲੀ ਜ਼ਮੀਨ ਨੂੰ ਵੀ ਹੜੱਪਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਹੋਂਦ ਚਿੱਲੜ ਸਿੱਖ ਇਨਸਾਫ਼ ਕਮੇਟੀ ਵੱਲੋਂ ਜ਼ਿਲ੍ਹਾ ਰੇਵਾੜੀ ਦੇ ਡਿਪਟੀ ਕਮਿਸ਼ਨਰ ਅਭਿਸ਼ੇਕ ਮੀਣਾ ਨਾਲ ਮੁਲਾਕਾਤ ਦੌਰਾਨ ਜਦੋਂ ਦੁਬਾਰਾ ਇਹ ਸਾਰਾ ਮਾਮਲਾ ਉਠਾਇਆ, ਤਾਂ ਉਨ੍ਹਾਂ ਤੁਰੰਤ ਐੱਸ.ਡੀ.ਐੱਮ. ਅਤੇ ਤਹਿਸੀਲਦਾਰ ਰੇਵਾੜੀ ਨੂੰ ਹਦਾਇਤਾਂ ਦਿੱਤੀਆਂ ਕਿ ਪਿੰਡ ਹੋਂਦ ਦੀ ਨਿਸ਼ਾਨਦੇਹੀ ਕੀਤੀ ਜਾਵੇ। ਪੀੜਤ ਪਰਿਵਾਰਾਂ ਬੀਬੀ ਸੁਰਜੀਤ ਕੌਰ, ਗੋਪਾਲ ਸਿੰਘ ਅਤੇ ਗੁਰਜੀਤ ਸਿੰਘ ਨੇ ਆਖਿਆ ਕਿ ਕੁਝ ਲੋਕ ਪਿੰਡ ਹੋਂਦ ਦੀ ਹੋਂਦ ਨੂੰ ਖਤਮ ਕਰਨਾ ਚਾਹੁੰਦੇ ਹਨ, ਜਿਸ ਨੂੰ ਰੋਕਣ ਲਈ ਸਰਕਾਰ ਉਨ੍ਹਾਂ ਦੀ ਮਦਦ ਕਰੇ।

ਪੀੜਤਾਂ ਲਈ ਇਨਸਾਫ਼ ਦੀ ਜੰਗ ਲੜਨ ਵਾਲੇ ਲੋਕਾਂ ਦੇ ਵਿਚੋਂ ਹੀ ਕੁਝ ਲੋਕ ਸਦਾ ਹੀ ਇੱਕ ਗੱਲ ਦਾ ਗਿੱਲਾ ਕਰਦੇ ਨੇ ਕਿ ਭਾਵੇਂ ਹੋਂਦ ਚਿੱਲੜ ਦੇ ਨਾਂ 'ਤੇ ਸਿਆਸਤ ਤਾਂ ਬਹੁਤ ਕੀਤੀ ਗਈ ਪਰ ਉਨ੍ਹਾਂ ਨੂੰ ਇਨਸਾਫ਼ ਦਿਵਾਉਣ ਦੇ ਲਈ ਕੀਤੀ ਜਾ ਰਹੀ ਚਾਰਾਜੋਈ ਦੇ ਵਿਚ ਵੀ ਕਿਤੇ ਨਾ ਕਿਤੇ ਢਿੱਲ ਵਰਤਣ ਦੇ ਨਾਲ ਹੋਈ ਦੇਰੀ ਦੇ ਚੱਲਦਿਆਂ ਕਾਫੀ ਕੁਝ ਬਦਲ ਗਿਆ। ਕਈ ਸੱਜਣ ਇੱਥੇ ਆਉਂਦੇ ਰਹੇ ਜਾਂਦੇ ਰਹੇ, ਸਮਾਂ ਪਾ ਕੇ ਉਹ ਵੀ ਮੁੜ ਇੱਥੇ ਕਿਤੇ ਵਿਖਾਈ ਨਾ ਦਿੱਤੇ। ਪਤਾ ਨਹੀਂ ਕਿਉਂ ਹੋਂਦ ਚਿੱਲੜ ਦੀਆਂ ਇਨ੍ਹਾਂ ਖੰਡਰ ਹਵੇਲੀਆਂ ਨੂੰ ਵੇਖ ਕੇ ਇੱਕ ਗੱਲ ਮਨ ਵਿਚ ਸਹਿਜੇ ਹੀ ਆ ਜਾਂਦੀ ਹੈ ਕਿ ਇੱਥੇ ਸਦਾ ਹੀ ਇਨਸਾਨ ਕੁਝ ਬਣਨ ਦੇ ਲਈ ਮਨ ਵਿਚ ਧਾਰ ਕੇ ਆਉਂਦਾ ਹੈ। ਜਦੋਂ ਉਸ ਦੇ ਮਨ ਦੀਆਂ ਕਈ ਸੱਧਰਾਂ ਪੂਰੀਆਂ ਹੋ ਜਾਂਦੀਆਂ ਹਨ ਤੇ ਉਹ ਮੁੜ ਕੇ ਇੱਥੇ ਫੇਰਾ ਪਾਉਣਾ ਵੀ ਮੁਨਾਸਬ ਨਹੀਂ ਸਮਝਦਾ। ਖੰਡਰ ਹਵੇਲੀਆਂ ਤੇ ਵਿਚਾਰੇ ਪੀੜਿਤ ਪਰਿਵਾਰ ਕਿਸੇ ਨੂੰ ਵੀ ਕੁਝ ਕਹਿਣ ਦੇ ਜੋਗੇ ਨਹੀਂ, ਉਨ੍ਹਾਂ ਲਈ ਤਾਂ ਸਾਰੇ ਇੱਕ ਹਨ ਕਿਉਂਕਿ ਉਨ੍ਹਾਂ ਨੂੰ ਤਾਂ ਸਾਰੇ ਹੀ ਇਨਸਾਫ ਦੇ ਨਾਂ 'ਤੇ ਸਬਜ਼ਬਾਗ ਵਿਖਾ ਰਹੇ ਹਨ।

**(ਕੀ ਕਹਿਣਾ ਹੈ ਸ਼੍ਰੋਮਣੀ ਕਮੇਟੀ ਮੈਂਬਰਾਂ ਦਾ)** ਇਸ ਅਹਿਮ ਮਸਲੇ 'ਤੇ ਗੱਲਬਾਤ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਜਥੇਦਾਰ ਕਰਨੈਲ ਸਿੰਘ ਪੰਜੋਲੀ, ਭੁਪਿੰਦਰ ਸਿੰਘ ਭਲਵਾਨ ਅਤੇ ਹੱਕ-ਸੱਚ ਮਿਸ਼ਨ ਹਲਕਾ ਪਾਇਲ ਦੇ ਸਰਪ੍ਰਸਤ ਜਥੇਦਾਰ ਗੁਰਜੀਵਨ ਸਿੰਘ ਸਰੌਦ ਨੇ ਆਖਿਆ ਕਿ ਇੱਕ ਪਾਸੇ ਤਾਂ ਪੀੜਤ ਪਰਿਵਾਰ ਇਸ ਕਤਲੇਆਮ ਦੇ ਇਨਸਾਫ਼ ਦੀ ਜੰਗ ਲੜ ਰਹੇ ਹਨ ਪਰ ਦੂਜੇ ਪਾਸੇ ਉਨ੍ਹਾਂ ਦੀਆਂ ਹਵੇਲੀਆਂ ਨੂੰ ਢਾਹ ਕੇ ਜਾਇਦਾਦ ਨੂੰ ਹੜੱਪ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜੋ ਬੇਹੱਦ ਮੰਦਭਾਗੀ ਗੱਲ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਨੂੰ ਤੁਰੰਤ ਇਸ ਦਾ ਨੋਟਿਸ ਲੈ ਕੇ ਕਾਰਵਾਈ ਕਰਨੀ ਚਾਹੀਦੀ ਹੈ।

ਕੈਪਸ਼ਨ : ਹੋਂਦ ਚਿੱਲੜ ਵਿਖੇ ਬੁਰੀ ਤਰ੍ਹਾਂ ਤਹਿਸ-ਨਹਿਸ ਕੀਤੀ ਇੱਕ ਹਵੇਲੀ ਨੂੰ ਵਿਖਾਉਂਦੇ ਹੋਏ ਸਰਪੰਚ ਰਵੀ ਕੁਮਾਰ ਅਤੇ ਗੁਰਦੁਆਰਾ ਸਾਹਿਬ ਦੀ ਕੀਤੀ ਗਈ ਭੰਨ ਤੋੜ।



## ਹਾਏ ਕਨੇਡਾ !

ਬਚਪਨ ਜਵਾਨੀ ਮਾਣੀ ਜਨਮਭੂਮੀ 'ਤੇ ਰਹਿਕੇ
ਬੁਢਾਪੇ ਵਿਚ ਬਜ਼ੁਰਗਾਂ ਜਾ ਵਿਦੇਸ਼ੀ ਡੇਰੇ ਮੱਲੇ!

ਕਿਰਤ ਕਰ ਬਣਾਏ ਘਰ ਤੇ ਪਸ਼ੂਆਂ ਵਾਲੇ ਕੋਠੇ
ਬੰਦ ਕਰਕੇ ਉਨ੍ਹਾਂ ਨੂੰ ਬੱਚਿਆਂ ਕੋਲ ਤੁਰ ਚੱਲੇ!

ਕਈਆਂ ਵਿਦੇਸ਼ਾਂ ਵਿਚ ਬੱਚਿਆਂ ਨੂੰ ਘਰ ਲੈ ਦਿੱਤੇ
ਜ਼ਮੀਨਾਂ ਵੇਚ ਖਾਲੀ ਹੋਗੇ ਕੁਝ ਨਾ ਰੱਖਿਆ ਪੱਲੇ!

ਕਈ ਬਜ਼ੁਰਗ ਵਿਚਾਰੇ ਬਹੁਤ ਦੁੱਖੀ ਨੇ ਰਹਿੰਦੇ
ਉਹੀ ਉੱਥੇ ਮੌਜਾਂ ਮਾਨਣ ਜਿਨ੍ਹਾਂ ਦੇ ਭਾਗ ਸਵੱਲੇ!

ਕਈ ਜੋੜੇ ਦੁੱਖ-ਸੁੱਖ ਕਰਦੇ ਵਿਚ ਪਾਰਕਾਂ ਬਹਿਕੇ
ਕਈ ਜ਼ਿੰਦਗੀ ਦੀਆਂ ਗੀਲਾਂ ਖੋਲਣ ਬਹਿਕੇ ਕੱਲੇ!

ਵਿਦੇਸ਼ਾਂ ਵਿਚ 'ਸੁਖ' ਕਈਆਂ ਦਾ ਜੀ ਨਾ ਲਗਦਾ
ਪਿੰਡ 'ਮੁੱਲਾਂਪੁਰ' ਜਾਣ ਲਈ ਰਹਿਣ ਮਾਰਦੇ ਹੱਲੇ!

ਸੁਖਵਿੰਦਰ ਸਿੰਘ ਮੁੱਲਾਂਪੁਰ
ਕੈਲਪੁਰ ਰੋਡ ਮੁੱਲਾਂਪੁਰ (ਦਾਖਾ)
+61 461 530 169

ਪੰਜਾਬ ਮੇਲ USA

## ਭਮੱਕੜ ਨਾ ਬਣੀਏ

ਦੂਰ ਦੇਸ਼ ਕੋਈ ਲਾਟ ਏ ਜਗਦੀ
ਦੂਰ ਦੇਸ਼ ਕੋਈ ਅਗਨੀ ਮਘਦੀ
ਦੂਰ ਦੇਸ਼ ਤਲਿੱਸਮ ਠੱਗਦੀ।

ਇਸ ਲਾਟ ਦੀ ਦੱਸ ਜੋ ਪਾਉਂਦੇ
ਇਸ ਲਾਟ ਦੇ ਵੱਸ ਜੋ ਪਾਉਂਦੇ
ਇਸ ਲਾਟ ਦੇ ਝੱਸ ਜੋ ਪਾਉਂਦੇ।

ਸਬਜ਼-ਬਾਗ ਦੀ ਸੈਰ ਕਰਾਉਂਦੇ
ਡਾਲਰਾਂ ਦੀ ਉਹ ਚਮਕ ਦਿਖਾਉਂਦੇ
ਗ਼ੈਰ-ਕਾਨੂੰਨੀ ਰਾਹਾਂ 'ਤੇ ਪਾਉਂਦੇ।

ਪਾਣੀਆਂ ਵਿਚ ਵਹਾ ਦਿੰਦੇ ਨੇ
ਥਲਾਂ ਦੇ ਵਿਚ ਤਪਾ ਦਿੰਦੇ ਨੇ
ਵਣਾਂ ਦੇ ਵਿਚ ਖਪਾ ਦਿੰਦੇ ਨੇ।

ਜੇਬਾਂ ਖਾਲੀ ਕਰ ਦਿੰਦੇ ਨੇ
ਮੰਦੇ ਹਾਲੀਂ ਕਰ ਦਿੰਦੇ ਨੇ
ਘਰ 'ਚ ਕੰਗਾਲੀ ਕਰ ਦਿੰਦੇ ਨੇ।

ਖ਼ਤਮ ਸ਼ਨਾਖਤ ਹੋ ਜਾਂਦੀ ਏ
ਜਿਵੇਂ ਕਿਆਮਤ ਹੋ ਜਾਂਦੀ ਏ
ਜ਼ਿੰਦਗੀ ਆਫ਼ਤ ਹੋ ਜਾਂਦੀ ਏ।

ਬਚ ਕੇ ਰਹੀਏ ਇਸ ਲਾਟ ਤੋਂ
ਮੱਚ ਨਾ ਬਹੀਏ ਇਸ ਲਾਟ ਤੋਂ
ਦੂਰ ਹੀ ਰਹੀਏ ਇਸ ਲਾਟ ਤੋਂ।

- ਸੁਖਦੇਵ ਸਿੰਘ ਸ਼ਾਂਤ, ਪਟਿਆਲਾ
ਸੰਪਰਕ : 98149-01254

ਪੰਜਾਬ ਮੇਲ USA



RE/MAX

RE/MAX
Outstanding Agents
Outstanding Results®
DRE Lic. # 01215931 (Broker)

# Gurjatinder S. Randhawa

REALTOR CA DRE licence # 01490567



Gurjatinder S. Randhawa
REALTOR CA DRE licence # 01490567

## FOR SALE & PURCHASE OF ANY KIND OF PROPERTY

## ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

**Gurjatinder S. Randhawa**

**916-320-9444**

web: www.RealtorRandhawa.com

garysingh123@yahoo.com